# ਚੁੱਪ ਦੀ ਆਵਾਜ਼ ਸੁਣੋ



ਤਰਲੋਕ ਮਨਸੂਰ

# ਚੁਪ ਦੀ ਆਵਾਜ਼ ਸੁਣੋ


**ਤਰਲੋਕ ਮਨਸੂਰ**



**ਨੇਹਾ ਪਬਲਿਸ਼ਰਜ਼**

160 ਫੈਕਟਰੀ ਏਰੀਆ, ਗੋਇੰਦਵਾਲ ਸਾਹਿਬ
ਪਿੰਨ-143423 ਫ਼ੋਨ-11859-22318

**ਚੁਪ ਦੀ ਆਵਾਜ਼ ਸੁਣੋ**

**ਤਰਲੋਕ ਮਨਸੂਰ**

**ਕੀਮਤ**:
ਸਜਿਲਦ : 80 ਰੁਪਏ
ਪੇਪਰ ਬੈਕ : 60 ਰੁਪਏ

**ਪ੍ਰਕਾਸ਼ਕ** :
ਨੇਹਾ ਪਬਲਿਸ਼ਰਜ਼
160 ਫੈਕਟਰੀ ਏਰੀਆ, ਗੋਇੰਦਵਾਲ ਸਾਹਿਬ
ਪਿੰਨ : 143423 ਫੋਨ: 01859

**ਪ੍ਰਿੰਟਰ**:
ਲਾਕਟ ਪ੍ਰਿੰਟਰਜ਼,
ਚੌਂਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ।
ਫੋਨ : 540668

## ਸਮਰਪਣ

ਤੇਰੀ ਵਸਤ ਤੁਧ ਆਗੈ ਰਾਖੀ!

**ਏਸੇ ਕਲਮ ਤੋਂ**:

1. ਭੁੱਖੀਆਂ ਰੂਹਾਂ
2. ਮੌਸਮ ਖਰਾਬ ਹੈ
3. ਈਮਾਨ ਆਪੋ ਆਪਣਾ
4. ਕਲਮ ਤੇ ਬੰਦੂਕ
5. ਊਣਾਂ ਆਦਮੀ
6. ਅਲਵਿਦਾ
7. ਦੋ ਆਰ ਦੀਆਂ, ਦੋ ਪਾਰ ਦੀਆਂ
8. ਮਾਟੀ ਏਕ ਰੰਗ ਅਨੇਕ
9. ਜ਼ਿੰਦਗੀ ਦਾ ਸਫ਼ਰ
10. ਗਿਆਨ ਗੰਗਾ
11. ਦਾਦੀ ਮਾਂ ਜਾਣਦੀ ਹੈ

# ਤਰਤੀਬ


| | |
|---|---|
| 1. ਇੱਕ ਅਨੁਭਵ | 8 |
| 2. ਪਰਾਈ ਕੀ ਪਈ ਆ, ਆਪਣੀ ਨਬੇੜ ਤੂੰ | 12 |
| 3. ਕੀ ਬੰਦਾ ਆਪ ਰੱਬ ਹੋ ਜਾਵੇਗਾ ? | 14 |
| 4. ਕਿੱਸਾ ਮਹੀਨੇ ਭਰ ਦੀ ਚੁੱਪ ਦਾ | 17 |
| 5. ਦੱਸ ਤੂੰ ਕੀ ਜਹਾਨ ਵਿੱਚੋਂ ਖੱਟਿਆ ? | 20 |
| 6. ਹੁਕਮ ਰਜਾਈ ਚੱਲਣਾ॥ | 22 |
| 7. ਪੂਰਨ ਸੁੰਦਰਤਾ ਦੀ ਭਾਲ ਵਿੱਚ | 24 |
| 8. ਭਲਾ ਕੀ ਰਾਜ਼ ਏ ਵਧੀਆ ਸਿਹਤ ਦਾ | 28 |
| 9. ਕੁਝ ਸਮਝ ਆਈ, ਕੁਝ ਸਮਝ ਨਾ ਆਈ | 31 |
| 10. ਜ਼ਿੰਦਗੀ ਦਾ ਰਹੱਸ ਕੀ ਹੈ ਆਖ਼ਿਰ | 33 |
| 11. ਸਿਤੋਰੋਂ ਸੇ ਆਗੇ | 37 |
| 12. ਜਾਗਦੇ ਰਹੋ | 43 |
| 13. ਇਸ ਦੇਸ਼ ਦਾ ਯਾਰੋ ਕਿਆ ਹੋਗਾ... | 45 |
| 14. ਬਹੁਤ ਨਿਕਲੇ ਮੇਰੇ ਅਰਮਾਨ, ਫਿਰ ਭੀ ... | 48 |
| 15. ਕੁੰਡਲਨੀਂ ਕੀ ਹੈ ? | 51 |

16. ਬੁਲ੍ਹਿਆ ਕੀ ਜਾਣਾ ਮੈਂ ਕੌਣ ? 54
17. ਤੇਰਾ ਕੀਤਾ ਜਾਤੋ ਨਾਹੀ 56
18. ਕੁਝ ਹਿੰਦੂ ਮਿਥਿਹਾਸ ਬਾਰੇ 59
19. ਸੰਗਮਰਮਰ ਹੇਠ ਦੱਬ ਗਈਆਂ ਇਤਿਹਾਸ ਦੀਆਂ ਪੈੜਾਂ 62
20. ਮੌਤ ਦਾ ਬੂਹਾ ਲੰਘ ਕੇ ਮਨੁੱਖ ਕਿੱਥੇ ਜਾਂਦਾ ਹੈ ? 65
21. ਆਖ਼ਰੀ ਪਲਾਂ ਦਾ ਸਫ਼ਰ ਸੁਹਾਣਾ 67
22. ਛਲਾਵਾ 70
23. ਸੰਤ-ਜਨ 73
24. ਗ਼ਜ਼ਲ 77

# ਇਕ ਅਨੁਭਵ

ਸੰਨ 1962–ਫ਼ੌਜ ਦੀ ਨੌਕਰੀ ਕਰਦਿਆਂ ਹੋਇਆਂ, ਮੈਂ ਇਕ ਅਜੀਬ ਤੇ ਆਨੰਦ ਮਈ ਅਨੁਭਵ ਵਿਚੋਂ ਦੀ ਲੰਘਿਆਂ। ਜਿਸ ਨੇ ਮੇਰੀ ਸੋਚ, ਜ਼ਿੰਦਗੀ ਪ੍ਰਤੀ ਮੇਰਾ ਨਜ਼ਰੀਆ ਤੇ ਏਥੋਂ ਤਕ ਕਿ ਮੇਰੀ ਜੀਵਨ–ਜਾਚ ਹੀ ਬਦਲ ਕੇ ਰੱਖ ਦਿੱਤੀ।

ਜਨਵਰੀ 1962 ਪ੍ਰਮੋਸ਼ਨ ਉਤੇ ਮੇਰੀ ਬਦਲੀ ਪਰਤਾਪਪੁਰ ਸੈਕਟਰ ਦੀ ਹੋਈ।ਇਹ ਥਾਂ ਲੇਹ ਤੋਂ ਕੋਈ ਸੌ ਕੁ ਕਿਲੋਮੀਟਰ ਅਗੇ, ਦੀਨ ਵਾਲੇ ਪਾਸੇ ਹੈ। ਮੈਂ ਜੰਮੂ ਤੋਂ ਸੈਨਿਕ ਡਿਕੋਟੇ (ਹਵਾਈ ਜ਼ਹਾਜ਼) 'ਤੇ ਸਵਾਰ ਹੋਇਆ। ਡੇਢ ਘੰਟੇ ਦਾ ਸਫ਼ਰ, ਸਿਰੀ ਨਗਰ ਵਾਦੀ, ਜ਼ੋਸ਼ੀਲਾ ਪਾਸ, ਦਰਾਸ ਤੇ ਕਾਰਗ਼ਲ ਦੇ ਉਤੋਂ ਦੀ ਉਡਾਨ ਭਰਦਾ ਹੋਇਆ ਬਾਅਦ ਦੁਪਹਿਰ ਥਾਇਸੇ ਦੀ ਹਵਾਈ ਪੱਟੀ ਤੇ ਜਾ ਉਤਰਿਆ, ਜਿਥੋਂ ਜੀਪ ਦਵਾਰਾ ਪੰਦਰਾਂ ਕੁ ਮਿੰਟ ਦਾ ਸਫ਼ਰ ਤੇ ਮੈਂ ਪਰਤਾਪੁਰਾ ਵਿਚ ਸਾਂ। ਚੀਨ ਨਾਲ ਜੰਗ ਹੋ ਕੇ ਹਟੀ ਹੀ ਸੀ। ਫੌਜੀ ਭਾਈ ਬੰਕਰਾਂ ਵਿਚ ਰਹਿ ਰਹੇ ਸਨ। ਅਜੀਬ ਜਿਹਾ ਮਾਹੌਲ ਸੀ। ਪਰਤਾਪਪੁਰਾ ਇਕ ਉਚੀ ਪਹਾੜਾਂ 'ਚ ਘਿਰੀ ਵਾਦੀ ਦਾ ਨਾਂਅ ਹੈ। ਚਾਰ ਚੁਫੇਰੇ ਵੀਹ ਵੀਹ, ਇੱਕੀ ਇੱਕੀ ਹਜ਼ਾਰ ਫੁੱਟ ਉੱਚੇ ਬਰਫ਼ ਨਾਲ ਕੱਜੇ ਪਹਾੜ, ਗਿਆਰਾਂ ਕੁ ਹਜ਼ਾਰ ਫੁੱਟ ਦੀ ਉਚਾਈ ਤੇ ਵਹਿੰਦਾ ਦਰਿਆ ਸ਼ਿਉਕ, ਤੇ ਉਸ ਦੇ ਕੰਢੇ ਬਣੇ ਚੂਹਿਆਂ ਦੀਆਂ ਖੁੱਡਾਂ ਜਹੇ ਬੰਕਰ। ਚੌਗਿਰਦੇ ਦੇ ਇਕ ਭਿਆਨਕ ਚੁੱਪ ਦਾ ਰਾਜ। ਦੋ ਘੰਟੇ ਪਹਿਲਾਂ ਮੈਂ ਇਕ ਵਸਦੀ ਰਸਦੀ ਦੁਨੀਆਂ ਦਾ ਵਾਸੀ ਸਾ, ਮੇਰੇ ਸਾਕ ਅੰਗ ਸਨ, ਜਾਣੇ ਪਛਾਣੇ ਲੋਕ ਸਨ ਤੇ ਸ਼ੋਰ ਸ਼ਰਾਬੇ ਨਾਲ ਭਰੀ ਗਹਿਮਾ ਗਹਿਮ ਵਸਦੀ ਜ਼ਿੰਦਗੀ ਸੀ। ਤੇ ਹੁਣ ਕੇਵਅਲ ਦੋ ਘੰਟੇ ਬਾਅਦ ਸਭ ਕੁਝ ਬਦਲ ਗਿਆ ਸੀ। ਮੈਂ ਇਸ ਓਪਰੀ ਤੇ ਬੰਜਰ ਧਰਤੀ ਤੇ ਇਕ ਅਜਨਬੀ ਵਾਂਗ ਆਣ ਲੱਥਾ ਸਾਂ। ਚਾਰ ਚੁਫੇਰਾ ਵੀਰਾਨ ਜਿਹਾ, ਸੁੰਨ ਮਸਾਨ। ਮਾਹੌਲ 'ਤੇ ਛਾਈ ਇਥ ਨਿਰੰਤਰ ਲੰਮੀਂ ਚੁੱਪ। ਧਰਤੀ ਹੇਠ ਦੁਬਕੇ ਬੈਠੇ, ਮੇਰੀ ਨਵੀਂ ਦੁਨੀਆਂ ਦੇ ਲੋਕ। ਮੈਂ ਇਕ ਡੂੰਘੀ ਉਪਰਾਮਤਾ ਭਰੀ ਚੁੱਪ ਵਿਚ ਵਲ੍ਹੇਟਿਆ ਗਿਆ। ਮੈੱਸ ਤੇ ਗਿਆ, ਅਣਮੰਨੇ ਜਿਹੇ ਮਨ ਨਾਲ ਰੋਟੀ ਖਾਧੀ ਤੇ ਆਪਣੇ ਬੰਕਰ ਵਿਚ ਆ ਕੇ ਸਲੀਪਿੰਗ ਬੈਗ ਵਿਚ ਵੜ ਕੇ ਸੌਂ ਗਿਆ।

ਅਗਲੀ ਸਵੇਰ ਉਠਿਆ, ਗਰਮ ਪਾਣੀ ਨਾਲ ਇਸ਼ਨਾਨ ਕੀਤਾ, ਵਰਦੀ ਪਾਈ ਤੇ ਬੰਕਰ ਤੋਂ ਬਾਹਰ ਆਇਆ ਤਾਂ ਸਭ ਕੁਝ ਬਦਲਿਆ ਬਦਲਿਆ ਜਿਹਾ ਲੱਗਾ। ਮੇਰਾ ਥਕੇਵਾਂ ਲਹਿ ਚੁਕਾ ਸੀ। ਮੈਂ ਤਰੋ ਤਾਜ਼ਾ ਮਹਿਸੂਸ ਕਰ ਰਿਹਾ ਸੀ। ਨਿਕਲਦੇ ਸੂਰਜ ਦੀ ਸੁਨਿਹਰੀ ਧੁਪ ਬਰਫ਼ ਕੱਜੀਆਂ ਚੋਟੀਆਂ 'ਤੇ ਪੈ ਕੇ ਇਕ ਸੋਹਜ ਮਈ ਸੁੰਦਰਤਾ ਦਾ ਪ੍ਰਕਾਸ਼ ਕਰ ਰਹੀ ਸੀ। ਤਾਪਮਾਨ ਜ਼ੀਰੋ ਡਿਗਰੀ ਤੋਂ ਥਲੇ ਚਲਾ ਗਿਆ ਹੋਇਆ ਸੀ। ਕਲ੍ਹ ਸ਼ਾਮੀਂ ਜੋ ਸ਼ਿਉਕ ਦਰਿਆ ਕਲ ਕਲ ਕਰਦਾ ਵਹਿ ਰਿਹਾ ਸੀ, ਹੁਣ ਜੰਮ ਕੇ ਬਰਫ਼ ਦੀ ਇਕ ਵਿਸ਼ਾਲ ਸਿਲ ਬਣਿਆ ਪਿਆ ਸੀ। ਜਿਸ ਉਤੇ ਦੋ ਤਿੰਨ ਜਵਾਨ ਫਿਰਦੇ ਵੀ ਮੇਰੀ ਨਜ਼ਰੀ

ਪਏ। ਚੌਗਿਰਦਾ ਨ੍ਹਾਤਾ ਧੋਤਾ ਤੇ ਉਜਲਾ ਉਜਲਾ ਲਗ ਰਿਹਾ ਸੀ। ਮੈਂ ਚਾਰ ਚੁਫੇਰੇ ਵਾਦੀ ਨੂੰ ਪਹਿਰੇਦਾਰਾਂ ਵਾਂਗ ਘੇਰੀ ਖਲੋਤੇ ਪਹਾੜਾਂ ਤੇ ਨਜ਼ਰ ਫੇਰੀ। ਇਕ ਦਸ਼ਕ 'ਤੇ ਮੇਰੀ ਨਜ਼ਰ ਜੰਮ ਕੇ ਰਹਿ ਗਈ।

ਜਿੱਥੇ ਮੈਂ ਖੜਾ ਸਾਂ ਉੱਥੋਂ ਕੋਈ ਦੋ ਢਾਈ ਹਜ਼ਾਰ ਫੁੱਟ ਦੀ ਉਚਾਈ ਨੀਲੀ ਭਾਅ ਮਾਰਦਾ ਚਿੱਟਾ ਖੰਭਾ ਖੜਾ ਸੀ। ਜਿਸ ਦੀ ਲੰਬਾਈ ਦਾ ਵੀ ਮੈਂ ਅੰਦਾਜ਼ਾ ਲਾਇਆ-ਇਹ ਡੇਢ ਦੋ ਹਜ਼ਾਰ ਫੁੱਟ ਦਾ ਤਾਂ ਹੋਵੇਗਾ ਹੀ। ਕੋਲ ਖੜੇ ਮੇਰੇ ਅਰਦਲੀ ਨੇ ਦਸਿਆ-ਸਾਬ੍ਹ ਇਹ ਜੋ ਬਰਫ਼ ਹੈ ਨਾ ਧੂਪ ਮੇਂ ਪਿਘਲਤਾ ਹੈ। ਪਹਾੜ ਸੇ ਪਾਨੀ ਗਿਰਤਾ। ਧਾਰਾ ਬਨ ਕੇ ਨੀਚੇ ਗਿਰਤਾ ਹੈ, ਜਿਧਰ ਗਿਰਤਾ ਹੈ, ਵਹਾਂ ਬਹੁਤ ਗਹਿਰਾ ਖੱਡਾ, ਫਿਰ ਜਹਿ ਨਾਲਾ ਬਣ ਕੇ ਇਧਰ ਦਰਿਆ ਮੇਂ ਗਿਰਤਾ। ਦਿਨ ਮੇਂ ਚਲਤਾ ਹੈ, ਪਾਨੀਂ ਜੰਮ ਜਾਤਾ ਹੈ। ਯਿਹ ਵੋਹ ਜ਼ਮੀ ਧਾਰਾ ਖੰਭਾ ਨਜ਼ਰ ਆਤੀ ਹੈ।

ਕਮਾਲ ਸੀ। ਕੁਦਰਤ ਏਡੀ ਹੁਸੀਨ ਤੇ ਏਨੀਂ ਰਹਿਸ-ਮਈ ਹੋ ਸਕਦੀ ਹੈ? ਕਦੇ ਸੋਚਿਆ ਵੀ ਨਹੀਂ ਸੀ। ਪਹਿਲੀ ਵਾਰ ਇਸ ਤਥ ਦਾ ਵੀ ਅਹਿਸਾਸ ਹੋਇਆ, ਕਿ ਮਨੁੱਖ ਜਿਸ ਭਾਵ-ਦਸ਼ਾ ਨਾਲ ਜਗਤ ਨੂੰ ਵੇਖਦਾ ਹੈ, ਇਹ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ। ਓਸੇ ਤਰ੍ਹਾਂ ਦਾ ਨਜ਼ਰ ਆਉਂਦਾ ਹੈ। ਦੁਖੀ ਆਦਮੀ ਨੂੰ ਇਹ ਜਗਤ ਨਰਕ ਤੇ ਰੱਬ ਵੱਲੋਂ ਦਿੱਤਾ ਹੋਇਆ ਸਰਾਫ਼ ਨਜ਼ਰ ਆਉਂਦਾ ਹੈ ਅਤੇ ਪ੍ਰਸੰਨ ਚਿੱਤ ਬੰਦੇ ਲਈ ਇਹੀ ਜਗਤ ਸਵਰਗ ਨਿਆਈਂ ਹੋ ਜਾਂਦਾ ਹੈ। ਮੈਂ ਕੱਲ੍ਹ ਵਾਲਾ ਆਦਮੀ ਹੀ ਸਾਂ ਪਰ ਹੁਣ ਕੱਲ੍ਹ ਵਾਲਾ ਨਹੀਂ ਸਾਂ ਰਿਹਾ।

ਮੈਂ ਕੇਡੀ ਸੋਹਣੀ ਥਾਂ ਤੇ ਆ ਗਿਆ ਹਾਂ? ਮੈਂ ਕੇਡਾ ਭਾਗ-ਸ਼ਾਲੀ ਹਾਂ?

ਮੈਂ ਬਰਫ਼ ਦੇ ਖੰਭੇ ਤੱਕ ਜਾਣ ਦਾ, ਤੇ ਉਸ ਨੂੰ ਛੂਹ ਕੇ ਵੇਖਣ ਦਾ ਮਨ ਬਣਾ ਲਿਆ।

ਅਰਦਲੀ ਨੂੰ ਕੁਝ ਹਦਾਇਤਾਂ ਦੇ ਕੇ, ਮੈਂ ਇਕੱਲਾ ਹੀ ਪਹਾੜ ਦੀ ਚੜ੍ਹਾਈ ਚੜ੍ਹਨ ਲੱਗਾ। ਪੰਜ ਸੱਤ ਸੌ ਫੁਟ ਚੜ੍ਹ ਕੇ ਹਫ ਜਾਂਦਾ ਤਾਂ ਰੁਕ ਕੇ ਚਾਰ ਚੁਫੇਰੇ ਨੂੰ ਨਿਹਾਰਦਾ, ਹੇਠਾਂ ਰਹਿ ਗਏ ਸ਼ਿਉਕ ਦਰਿਆ ਤੇ ਮੈੱਸ ਚੋਂ ਉੱਠ ਰਹੇ ਧੂੰਏਂ ਉਤੇ ਝਾਤ ਪਾਂਦਾ, ਆਪਣੇ ਆਪ ਨੂੰ ਤਰੋਤਾਜ਼ਾ ਕਰਦਾ ਤੇ ਫਿਰ ਚੜ੍ਹਾਈ ਸ਼ੁਰੂ ਕਰ ਦੇਂਦਾ। ਅਖੀਰ ਦੋ ਕੁ ਘੰਟੇ ਵਿਚ ਮੈਂ ਉਸ ਅਦਭੁਤ ਖੰਭੇ ਕੋਲ ਜਾ ਖਲੋਤਾ।

ਸੁੰਦਰ, ਅਤੀ ਸੁੰਦਰ, ਕੁਦਰਤ ਦਾ ਕਰਿਸ਼ਮਾ ਵਗਦਾ ਤੇ ਜਿਉਂਦਾ ਪਾਣੀ, ਠੰਡੀ ਹਵਾ ਦੀ ਇਕੋ ਛੂਹ ਨਾਲ ਕੁਤਬ ਦੀ ਲਾਟ ਬਣ ਕੇ ਰਹਿ ਗਿਆ ਸੀ। ਇਹ ਖੰਭਾ ਮੇਰੇ ਕਲਾਵੇ ਵਿਚ ਆ ਜਾਣ ਦੀ ਮੁਟਾਈ ਦਾ ਸੀ, ਪਰ ਮੇਰੀ ਪਹੁੰਚ ਤੋਂ ਪਰ੍ਹਾਂ ਸੀ। ਥਲੇ ਝਾਤ ਪਾਈ ਸੈਂਕੜੇ ਫੁੱਟ ਡੂੰਘੀ ਖੱਡ ਸੀ। ਪਿਛਾਂਹ ਹਟ ਕੇ ਬਹਿ ਗਿਆ।

ਸਭ ਕੁਝ ਏਡਾ ਹੁਸੀਨ ਸੀ ਕਿ ਕਹਿਣ ਕਥਨ ਤੋਂ ਬਾਹਰਾ ਉਸ ਨੂੰ ਸਿਰਫ਼ ਮਾਣਿਆ ਜਾ ਸਕਦਾ ਸੀ, ਉਸ ਬਾਰੇ ਕੁਝ ਕਹਿਣਾ ਆਪਣੇ ਆਪ ਨੂੰ ਨਿਰੋਲ ਮੂਰਖ ਸਾਬਿਤ ਕਰਨਾ ਸੀ।

ਗੁਣ ਵਤਾ ਪੱਖ ਤੋਂ ਜਿਵੇਂ ਅਸੀਂ ਆਤਮਾਂ ਦੀਆਂ ਤਿੰਨ ਡਿਗਰੀਆਂ ਨਿਰਧਾਰਤ ਕਰਦੇ ਹਾਂ-ਆਤਮਾ ਤੇ ਪਰਮਾਤਮਾ, ਤਿਵੇਂ ਹੀ ਮੈਂ ਸਮਝਦਾ ਹਾਂ ਕਿ ਚੁੱਪ ਨੂੰ ਵੀ ਤਿੰਨ ਤਲਾਂ ਤੇ ਵੰਡਿਆਂ ਜਾ ਸਕਦਾ ਹੈ।-ਚੁੱਪ, ਮਹਾਂ-ਚੁੱਪ, ਜਾਂ ਮਹਾਂ-ਖਾਮੋਸ਼ੀ ਤੇ ਪਰਮ ਚੁੱਪ।

ਜਦੋਂ ਰਾਤ ਪੈਂਦੀ ਹੈ ਜਾਂ ਬੰਦਾ ਕਿਸੇ ਏਕਾਂਤ ਥਾਂ ਤੇ ਜਾ ਖਲੋਂਦਾ ਹੈ। ਜਿਥੇ ਦੁਨੀਆਂ ਭਰ ਦਾ ਸ਼ੋਰ ਸ਼ਰਾਬਾ, ਤੇ ਰੌਲਾ-ਗੌਲਾ ਬੰਦ ਹੋ ਜਾਂਦਾ ਹੈ ਤਾਂ ਚੌਫੇਰੇ ਇਕ ਚੁਪ

ਵਿਆਪ ਜਾਂਦੀ ਹੈ। ਜਦੋਂ ਮਨੁੱਖ ਦੀ ਲੁਤਰ ਲੁਤਰ ਕਰਦੀ ਜੀਭ ਸ਼ਾਂਤ ਹੋ ਜਾਂਦੀ ਹੈ ਤਾਂ ਇਹੀ ਚੁੱਪ ਮਹਾਂ ਚੁੱਪ ਹੋ ਜਾਂਦੀ ਹੈ, ਤੇ ਜਦੋਂ ਮਨੁੱਖ ਦੇ ਅੰਦਰ ਦਾ ਕੁਲਹਾਲ, ਵਿਚਾਰਾਂ ਦਾ ਰੌਲਾ ਗੌਲਾ ਖ਼ਤਮ ਹੋ ਜਾਂਦਾ ਹੈ ਜਾਂ ਕਹਿ ਸਕਦੇ ਹਾਂ ਕਿ ਜਦੋਂ ਮਨੁੱਖ ਮਨ ਤੋਂ ਪਾਰ ਹੋ ਜਾਂਦਾ ਹੈ ਤਾਂ ਉਹ ਪਰਮ-ਚੁੱਪ ਵਿਚ ਜਾਗਦਾ ਹੈ।

ਮੇਰੇ ਚੰਗੇ ਭਾਗ, ਕੁਝ ਪਲਾਂ ਲਈ ਮੇਰੇ ਤੇ ਰੱਬੀ ਰਹਿਮਤ ਦੀ ਬਰਸਾਤ ਹੋਈ। ਮੈਂ ਮੋਹਿਆ ਗਿਆ। ਵਿਸਮਾਦ ਵਿਸਮਾਦ ਹੋਇਆ। ਮੇਰੀ ਚੇਤਨਾ ਪ੍ਰਚੰਡ ਹੋਈ,। ਮੈਂ ਮਾਨਸ ਤੋਂ ਦੇਵਤਾ ਹੋਇਆ। ਮੈਂ ਇਕ ਵਿਥ 'ਤੇ ਖੜਾ ਸਾਂ, ਨਿਰੋਲ ਚੇਤਨਾ ਰੂਪ, ਇਕ ਅਹਿਸਾਸ ਮਾਤਰ, ਮੈਥੋਂ ਥੋੜਾ ਪਰੇ ਮੇਰਾ ਸਰੀਰ ਪਿਆ ਸੀ ਤੇ ਉਸ ਤੋਂ ਪਰੇ ਉਹ ਪਵਿੱਤਰ ਖੰਭਾ। ਨਿਰਾ ਜਾਦੂ! ਵਕਤ ਦਾ ਬੋਧ ਖ਼ਤਮ ਹੋਇਆ। ਸਰੀਰਕ ਹੋਂਦ ਦਾ ਅਹਿਸਾਸ ਮਿਟਿਆ। ਮੈਂ ਵਿਸਥਾਰ ਪਾ ਗਿਆ, ਫੈਲਿਆ। ਸਾਰਾ ਬ੍ਰਹਿਮੰਡ ਮੇਰੇ ਕਲਾਵੇ ਵਿਚ ਸੀ। ਮੈਂ ਸਰਬ ਵਿਆਪਕ ਪਰਮ-ਚੁੱਪ ਦੀ ਆਵਾਜ਼ ਸੁਣੀ। ਇਹ ਪੂਰੇ ਬ੍ਰਹਿਮੰਡ ਵਿਚ ਗੂੰਜ ਰਹੀ ਸੀ। ਇਹ ਸੰਗੀਤ ਮਈ ਸੀ। ਨਿਰੰਤਰ ਵਹਿੰਦੀ ਇਕ ਸੁਰ-ਲਹਿਰੀ।

ਫਿਰ ਮੇਰੇ ਨੇੜਿਉਂ ਹੀ ਚਕੋਰ ਦੀ ਸ਼ਕਲ ਦਾ ਇਕ ਭਾਰਾ ਪੰਛੀ ਉਡਿਆ। ਮੇਰੀ ਸਮਾਧੀ ਟੁਟੀ। ਮੈਂ ਮੁੜ ਕੇ ਆਪਣੇ ਸਰੀਰ ਵਿਚ ਪਰਵੇਸ਼ ਕੀਤਾ। ਗੁੱਟ 'ਤੇ ਬੱਧੀ ਘੜੀ ਦੇਖੀ। ਪਹਾੜ ਤੋਂ ਉਤਰਦਿਆਂ ਹੋਇਆਂ, ਮੇਰੇ ਅੰਦਰ ਇਕ ਅਗੰਮੀ ਸਵਾਲ ਨੇ ਸਿਰ ਚੁਕਿਆ-ਮੈਂ ਕੌਣ ਹਾਂ- ? ਨਿਰ ਆਕਾਰ, ਨਿਰ-ਰੂਪ ਜਿਹਾ ? ਮੈਂ ਕਿਥੋਂ ਆਇਆ ਹਾਂ ? ਕਿਥੇ ਆਵਾਂਗਾ ? ਉਤਰ ਮਿਲਿਆ-ਚੁੱਪ ਚੋਂ ਆਇਆ ਸਾਂ ਤੇ ਪਰਮ ਚੁੱਪ ਵਿਚ ਹੀ ਸਮਾ ਜਾਵਾਂਗਾ। ਜਨਮ ਤੋਂ ਪਹਿਲਾਂ ਤੇ ਮੌਤ ਤੋਂ ਬਾਦ ਦੇ ਜੀਵਨ ਦੀ ਜਨਮ ਭੂਮੀ ਪਰਮ ਚੁੱਪ ਦੀ ਧਰਤੀ ਹੀ ਹੈ।

ਉਹ ਦਿਨ ਤੇ ਆਹ ਦਿਨ। ਮੈਂ ਅੰਮ੍ਰਿਤ ਵਲੇ ਉਠਦਾ ਹਾਂ। ਇਸ਼ਨਾਨ ਕਰਦਾ ਹਾਂ, ਤੇ ਪਰਮ-ਚੁੱਪ ਦੀ ਵਾਦੀ ਵੱਲ ਦੀ ਓਡਾਨ ਭਰਦਾ ਹਾਂ। ਉਸ ਇਕਾਗਰਤਾ ਵਿਚ ਮੇਰੇ ਹਿਰਦੇ ਵਿਚ ਪਰੇਮ ਦਾ ਵਾਸ ਹੋਂਦਾ ਹੈ, ਤੇ ਸਰਸ਼ਾਰ ਹੋਈ ਦੇਹ ਵਿਚੋਂ ਫੁਲਾਂ ਦੀ ਮਹਿਕ ਆਉਂਦੀ ਹੈ। ਆਪਣਾ ਆਪਾ ਬਹੁਤ ਪਿਆਰਾ ਲਗਦਾ ਹੈ। ਤੇ ਮੈਂ ਕਹਿ ਉਠਦਾ ਹਾਂ-

ਇਕਾਗਰਤਾ ਹੈ-ਤਨਿਹਾਈ ਹੈ-
ਇਹੁ ਜਹੇ ਪਲਾਂ 'ਚ ਮੈਨੂੰ, ਮੁਹੱਬਤ ਮਿਲਨ ਆਈ ਹੈ।
ਦੇਹ ਹੈ ਕਿ ਫੁੱਲ ਹੈ ?
ਖ਼ੁਸ਼ਬੂ ਹੀ ਖ਼ੁਸ਼ਬੂ ਹੈ।
ਅੱਖਾਂ ਨੂੰ ਵਰਦਾਨ ਮਿਲਿਆ ਹੈ-
ਜਿਧਰ ਵੇਖਦਾ ਹਾਂ-ਤੂ ਹੀ ਤੂ ਹੈ।
ਹੇ-ਮੁਹੱਬਤ ਬਲਿਹਾਰ ਮੈਂ ਤੇਰੇ ਤੋਂ-
ਮੈਂ ਸਦਕੇ ਮੈਂ ਵਾਰੀ।

ਤੇਰੀ ਛੂਹ ਮਿਲੀ-
ਜ਼ੱਰੇ 'ਚ ਸੂਰਜ ਦਾ ਪਰਵੇਸ਼ ਹੋਇਆ ਹੈ।
ਹਨੇਰੇ ਤੋਂ ਚਾਨਣ ਵਲ ਦਾ ਸਫ਼ਰ ਕੀਤਾ ਹੈ-
ਇਹ ਬੰਦਾਹ ਨਾਚੀਜ਼ ਵੀ, ਦਰਵੇਸ਼ ਹੋਇਆ ਹੈ।

ਤੇ ਸਹਿਜੇ ਮਿਲੇ ਗੁਰ ਪ੍ਰਸ਼ਾਦ ਵਾਂਕਣ

ਇਹ ਰਹਿਸ ਦਾ ਆਵੇਸ਼ ਹੋਇਆ ਹੈ-ਕਿ
ਜ਼ਿੰਦਗੀ ਚੁੱਪ ਤੋਂ ਚੁੱਪ ਤਕ ਦੇ ਸਫ਼ਰ ਦਾ ਨਾਂਅ ਹੈ।

ਜ਼ਿੰਦਗੀ-ਨਦੀ ਤੇ ਪੈ ਰਹੀ ਕਿਸੇ ਬਿਰਛ ਦੀ-
ਛਿਨ ਭੰਗਰੀ ਜਹੀ ਛਾਂ ਹੈ।
ਤੇ ਇਕਾਗਰਤਾ, ਤਨਹਾਈ?
ਚੁੱਪ ਵਲ ਦੇ ਸਫ਼ਰ ਦਾ ਆਗਾਜ਼ ਹੈ।
ਸੰਪੂਰਨ, ਆਨੰਦ-ਮਈ ਜਗਤ ਵਲ ਪ੍ਰਵਾਜ਼ ਹੈ।

ਮੈਂ ਰਬ ਅੱਗੇ ਅਰਦਾਸ ਕਰਦਾ ਹਾਂ ਕਿ ਪਰਮ-ਚੁੱਪ ਦਾ ਸੰਗੀਤ ਸੁਹਾਣਾ, ਤੁਹਾਡੇ ਸਾਰਿਆਂ ਦੇ ਹਿਰਦਿਆਂ ਉਤੇ ਵੀ ਰੱਬੀ ਰਹਿਮਤ ਬਣ ਕੇ ਵਰ੍ਹੇ। ਤੁਸੀਂ ਚੁੱਪ ਦ ਆਵਾਜ਼ ਸੁਣ ਸਕੋ।

ਤੁਹਾਡਾ
ਤਰਲੋਕ ਮਨਸੂਰ
160 ਫੈਕਟਰੀ ਏਰੀਆ
ਗੋਇੰਦਵਾਲ ਸਾਹਿਬ

**ਪਿਛੋਂ ਸੁਝਿਆ ਖਿਆਲ-**

ਇਸ ਘਟਨਾ ਤੋਂ ਬਾਦ ਮੈਨੂੰ ਏਸ ਗੱਲ ਦਾ ਵੀ ਗਿਆਨ ਹੋਇਆ ਸੀ ਕਿ ਸੰਨਿਆਸੀ ਲੋਕ ਕਿਉਂ ਹਿਮਾਲੀਆ ਵਲ ਨੂੰ ਦੌੜਦੇ ਹਨ। ਤੇ ਨਾਲੇ ਬਹੁਤ ਫੌਜੀ ਵੀਰ ਕਿਉਂ ਸਾਧੂ ਬਿਰਤੀ ਦੇ ਧਾਰਨੀਂ ਹੋ ਜਾਂਦੇ ਹਨ।

●

# ਪਰਾਈ ਕੀ ਪਈ ਆ ਆਪਣੀ ਨਿਬੇੜ ਤੂ

ਮੇਰੇ ਬਹੁਤ ਸਾਰੇ ਜਾਣਕਾਰ ਹਨ। ਉਹਨਾਂ ਵਿਚੋਂ ਹੀ ਇਕ ਹੈ-ਹਰਦਿਆਲ ਸਿੰਘ।

ਹਰਦਿਆਲ ਸਿੰਘ ਰੱਬ ਦੇ ਭੈਅ 'ਚ ਰਹਿਣ ਵਾਲਾ ਸਨਿਮਰ, ਸੇਵਾ-ਭਾਵ ਰੱਖਦੇ ਦਿਲ ਵਾਲਾ ਵਿਅਕਤੀ ਹੈ। ਇਕ ਦਿਨ ਮੈਂ ਟੁਰਿਆ ਜਾ ਰਿਹਾ ਸੀ। ਰਾਹ ਵਿਚ ਉਹ ਮਿਲ ਪਿਆ, ਬੋਲਿਆ-'ਤੁਹਾਨੂੰ ਕਦੇ ਗੁਰਦੁਵਾਰੇ ਨਹੀਂ ਦੇਖਿਆ?'

ਮੈਂ ਗੁਰਦੁਵਾਰੇ ਜਾਂਦਾ ਹੀ ਨਹੀਂ, ਤੁਸੀਂ ਵੇਖ ਕਿਥੋਂ ਲੈਣਾ ਸੀ।' ਮੈਂ ਅੱਖਾਂ ਵਿਚ ਸ਼ਰਾਰਤ ਜਿਹੀ ਭਰ ਕੇ ਕਿਹਾ।

ਇਕ ਪਲ ਹੈਰਾਨ ਜਿਹਾ ਹੁੰਦਾ ਉਹ ਮੇਰੇ ਵੱਲ ਵੇਂਹਦਾ ਰਿਹਾ। ਫਿਰ ਬੋਲਿਆ- 'ਪਰ ਅਸੀਂ ਤਾਂ ਤੁਹਾਨੂੰ ਬੜਾ ਗੁਰਮੁਖ ਬੰਦਾ ਸਮਝਦੇ ਹਾਂ।'

'ਤੁਹਾਨੂੰ ਭੁਲੇਖਾ ਲੱਗਾ ਏ, ਮੈਂ ਏਡਾ ਗੁਰਮੁਖ ਹੈ ਨਹੀਂ।' ਮੈਂ ਉਸੇ ਸ਼ਰਾਰਤੀ ਭਾਵ ਨਾਲ ਆਖਿਆ।

ਉਹਦੇ ਵੱਲੋਂ ਹੁਣ ਹੋਰ ਕੁਝ ਪੁੱਛਣ ਦੀ ਗੁੰਜਾਇਸ਼ ਨਹੀਂ ਸੀ ਰਹਿ ਗਈ।ਅਸਾਂ ਇਕ ਦੂਜੇ ਦਾ ਹਾਲ ਚਾਲ ਪੁੱਛਿਆ ਤੇ ਆਪੋ ਆਪਣੇ ਰਾਹ ਪੈ ਗਏ।

'ਕਿਹੋ ਜਿਹਾ ਬੰਦਾ ਏ? ਸ਼ਾਇਦ ਉਹ ਅਜੇ ਵੀ ਮੇਰੇ ਬਾਰੇ ਸੋਚਦਾ ਹੋਵੇ?

ਮੈਂ ਉਸ ਨੂੰ ਦੱਸਣਾ ਚਾਹੁੰਦਾ ਹਾਂ-

ਇਹ ਸ੍ਰਿਸ਼ਟੀ ਇਕ ਅਦਭੁੱਤ ਵਰਤਾਰਾ ਹੈ। ਜਿਸ ਵਿਚਲੀ ਭਿੰਨਤਾ ਨੂੰ ਵੇਖ ਵੇਖ, ਅਨੁਭਵ ਕਰ ਕਰ ਗੁਰੂ ਨਾਨਕ ਵਰਗੇ ਪਰਮ ਪੁਰਸ਼ ਸਾਰੀ ਉਮਰ ਵਿਸਮਾਦਕ ਅਵਸਥਾ ਵਿਚ ਵਿਚਰਦੇ ਤੇ ਪ੍ਰਭੂ ਦੀ ਵਿਲੱਖਣਤਾ ਦੇ ਗੁਣ ਗਾਉਂਦੇ ਹਨ।

ਭਾਵੇਂ ਅਸੀਂ ਸਾਰੇ ਜੀਵ ਜੰਤੂ ਇਕੋ ਨੂਰ ਤੋਂ ਉਪਜੇ ਹਾਂ, ਤਾਂ ਵੀ ਇਕ ਜੀਵ ਜਾਤੀ ਦੀ ਸ਼ਕਲ ਦੂਜੀ ਜੀਵ ਜਾਤੀ ਨਾਲ ਮਿਲਦੀ ਹੈ? ਨਾ ਆਕਾਰ, ਨਾ ਰੰਗਰੂਪ, ਬੋਲਣ ਦਾ ਢੰਗ, ਕੁਝ ਵੀ ਆਪਸ ਵਿਚ ਨਹੀਂ ਮਿਲਦਾ। ਜਦੋਂ ਤੋਂ ਮਨੁੱਖ ਇਸ ਧਰਤੀ 'ਤੇ ਆਇਆ ਹੈ, ਲੱਖਾ ਪੀੜੀਆਂ ਪੈਦਾ ਹੋਈਆਂ 'ਤੇ ਵਿਨਾਸ਼ ਹੋ ਗਈਆਂ ਇਕ ਬੰਦੇ ਦੀ ਸ਼ਕਲ ਦੂਜੇ ਬੰਦੇ ਨਾਲ ਨਹੀਂ ਮਿਲੀ। ਹਰ ਵਿਅਕਤੀ ਆਪਣੇ ਆਪ ਵਿਚ ਇਕ ਵਿਲੱਖਣ ਹਸਤੀ ਹੈ। ਉਹਦੇ ਵਰਗਾ ਪਹਿਲਾਂ ਨਾ ਕੋਈ ਹੋਇਆ ਨਾ ਕੋਈ ਅੱਗੇ ਹੋਣ ਦੀ ਸੰਭਾਵਨਾਂ ਹੈ ਤੇ ਜਿਸ ਤਰ੍ਹਾਂ ਇਕ ਮਨੁੱਖ ਦੀ ਸ਼ਕਲ ਦੂਜੇ ਮਨੁੱਖ ਨਾਲ ਨਹੀਂ ਮਿਲਦੀ, ਇੰਞ ਹੀ ਇਕ ਦੀ ਵਿਚਾਰਧਾਰਾ ਜਾਂ ਸੋਚ ਵੀ ਦੂਜੇ ਨਾਲ ਨਹੀਂ ਮਿਲਦੀ। ਹਰ ਇਕ ਦੀ ਸੋਚ ਆਪੋ ਆਪਣੀ ਹੈ ਤੇ ਇਸ ਸੋਚ ਅਨੁਸਾਰ ਹਰ ਕਿਸੇ ਦਾ ਕਿਆਸਿਆ ਹੋਇਆ ਰੱਬ ਵੀ ਇਕੋ ਜਿਹਾ ਨਹੀਂ ਹੈ। ਉਸਦੇ ਚਿਹਨ ਚੱਕਰ ਬਾਰੇ ਹਰ ਕਿਸੇ ਦਾ

ਸੰਕਲਪ ਇਕੋ ਜਿਹਾ ਹੋ ਵੀ ਨਹੀਂ ਸਕਦਾ। ਕੋਈ ਨਿਰਗੁਣ ਦਾ ਪੁਜਾਰੀ ਹੈ, ਕੋਈ ਸਰਗੁਣ ਦਾ। ਇਸ ਨਿਰਗੁਣ ਅਤੇ ਸਰਗੁਣਤਾ ਦਾ ਸੰਕਲਪ ਵੀ ਵੱਖੋ ਵੱਖਰਾ ਹੈ। ਉਂਞ ਸੁਭਾਅ ਪੱਖੋਂ ਵੀ ਮਨੁੱਖ ਦੋ ਤਰ੍ਹਾਂ ਦਾ ਹੈ-ਅੱਧੀ ਕੁ ਦੁਨੀਆਂ ਬਾਹਰ ਮੁਖੀ ਹੈ ਅਤੇ ਅੱਧੀ ਕੁ ਅੰਤਰ ਮੁਖੀ ਸੋਚ ਰੱਖਦੀ ਹੈ,ਤੇ ਨਾਲ ਹੀ ਹਰ ਆਦਮੀ ਵਿਚ ਕਦੇ ਇਕ ਸੋਚ ਭਾਰੂ ਹੁੰਦੀ ਹੈ ਤੇ ਕਦੇ ਦੂਜੀ।

ਜਿਸ ਮਨੁਖ ਦਾ ਸੁਭਾਅ ਅੰਤਰ ਮੁਖੀ ਹੈ, ਉਸਦੇ ਮਨ ਨੂੰ ਟਿਕਾਅ ਇਕਾਂਤ ਵਿਚ ਹੀ ਮਿਲ ਸਕਦਾ ਹੈ। ਇਕਾਗਰਤਾ ਵਿਚ ਲਹਿ ਜਾਣ ਲਈ ਉਹ ਕਿਸੇ ਵੱਖਰੇ ਨੂੰ ਹੀ ਤਰਜੀਹ ਦੇਵੇਗਾ, ਬਜਾਏ ਇਸਦੇ ਕਿ ਮੰਦਰ ਵੱਲ ਉਠ ਤੁਰੇ। ਜੋ ਆਦਮੀ ਬਾਹਰ ਮੁਖੀ ਦਾ ਝੁਕਾਅ ਰੱਖਦਾ ਹੈ। ਉਸਦਾ ਰੱਬ ਵੀ ਬਾਹਰੀ ਜਗਤ ਵਿਚ ਹੀ ਹੈ-ਗੁਰਦੁਵਾਰੇ ਮੰਦਿਰ ਵਿਚ ਹੋ ਰਿਹਾ ਕੀਰਤਨ ਹੀ ਉਸ ਦੇ ਮਨ ਨੂੰ ਧਰਵਾਸ ਦਿੰਦਾ ਹੈ। ਦੁਨੀਆਂਦਾਰ ਬਿਰਤੀ ਦੇ ਲੋਕ ਤੀਰਥਾਂ, ਸੰਤਾਂ ਦੇ ਡੇਰਿਆਂ, ਧਾਰਮਿਕ ਸਮਾਗਮਾਂ 'ਤੇ ਜਾਂਦੇ ਆਮ ਵੇਖੇ ਜਾਂਦੇ ਹਨ। ਅੰਤਰਮੁਖੀ ਬੰਦਾ ਕਿਸੇ ਇਕਾਂਤ ਕੋਨੇ ਵਿਚ ਬੈਠ ਕੇ ਪਰਮ-ਚੁੱਪ ਵਿਚ ਡੁੱਬ ਜਾਂਦਾ ਹੈ। ਉਸ ਨੂੰ ਚੁੱਪ ਵਿਚੋਂ ਹੀ ਸ਼ਾਂਤੀ ਨਸੀਬ ਹੁੰਦੀ ਹੈ।

ਹਰ ਕਿਸੇ ਨੂੰ ਆਪੋ ਆਪਣੇ ਏਕੀਦੇ ਅਨੁਸਾਰ ਆਪਣੇ ਰੱਬ ਨੂੰ ਧਿਆਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਕਿ ਇਹ ਜ਼ਰੂਰੀ ਹੈ ਕਿ ਜਿਸ ਆਦਮੀ ਨੂੰ ਏਕਾਂਤ ਵਾਸ 'ਚੋਂ ਹੀ ਸਕੂਨ ਮਿਲਦਾ ਹੋਵੇ, ਅਸੀਂ ਉਸ ਉਤੇ ਆਪਣੀ ਮਰਜ਼ੀ ਲੱਦਦੇ ਹੋਏ ਉਸ ਨੂੰ ਧਾਰਮਿਕ ਅਸਥਾਨ ਵੱਲ ਚੱਲਣ ਲਈ ਆਖੀਏ? ਤੇ ਜੇ ਉਹ ਸਾਡੀ ਮਰਜ਼ੀ ਮੁਤਾਬਕ ਨਾ ਚੱਲੇ ਤਾਂ ਉਸ ਨੂੰ ਨਾਸਤਕ ਕਹੀਏ?

ਰਾਜਨੀਤੀ ਦੇ ਖੇਤਰ ਵਿਚ ਜਦੋਂ ਕੋਈ ਦੇਸ਼ ਦੂਜੇ ਦੇਸ਼ ਦੇ ਘਰੇਲੂ ਮਾਮਲਿਆਂ ਵਿਚ ਦਖ਼ਲ ਦਿੰਦਾ ਹੈ, ਤਾਂ ਜਿਸ ਦੇ ਦਖਲ ਦਿੱਤਾ ਗਿਆ ਹੈ ਉਹ ਇਸ ਦਾ ਬੁਰਾ ਮਨਾਉਂਦਾ ਹੈ। ਤੇ ਅੰਤਰ ਰਾਸ਼ਟਰੀ ਪੱਧਰ 'ਤੇ ਇਸ ਗੱਲ ਦਾ ਨੋਟਿਸ ਲਿਆ ਜਾਂਦਾ ਹੈ। ਪ੍ਰੋਟੈਸਟ ਕੀਤਾ ਜਾਂਦਾ ਹੈ।

ਕੀ ਧਰਮ ਦੇ ਖੇਤਰ ਵਿਚ ਇਹ ਬਿਰਤੀ ਦੂਜੇ ਦੇ ਮਾਨਸਿਕ ਸਲਤਨਤ ਵਿਚ ਦਖ਼ਲ ਨਹੀਂ? ਕਿਉਂ ਅਸੀਂ ਆਪਣਾ ਪ੍ਰਭੂਤਵ ਜਤਾਏ ਬਗ਼ੈਰ ਨਹੀਂ ਰਹਿ ਸਕਦੇ?

ਹਰ ਕਿਸੇ ਦਾ ਆਪੋ ਆਪਣਾ ਰੱਬ ਹੈ ਤੇ ਆਪੋ ਆਪਣਾ ਵਿਸ਼ਵਾਸ। ਉਸ ਨੂੰ ਉਸ ਦੇ ਵਿਸ਼ਵਾਸ਼ਾਂ ਮੁਤਾਬਿਕ ਹੀ ਜਿਉਣ ਦਿਉ। ਜਿਵੇਂ ਤੁਹਾਨੂੰ ਆਪਣੇ ਵਿਸ਼ਵਾਸ ਤੇ ਪੂਜਾ ਵਿਧੀ ਪਿਆਰੀ ਹੈ। ਇੰਜ ਹੀ ਦੂਜੇ ਨੂੰ ਵੀ ਆਪਣੇ ਵਿਸ਼ਵਾਸ ਪਿਆਰੇ ਹਨ।

ਕੀ ਲੋੜ ਏ ਦੂਜਿਆਂ ਨੂੰ ਧਾਰਮਿਕ ਬੰਦਾ ਬਣਾਉਣ ਦਾ? ਤੁਸੀਂ ਆਪ ਹੀ ਬਣੋ ਖਾਂ।

•

# ਕੀ ਬੰਦਾ ਆਪ ਰੱਬ ਹੋ ਜਾਏਗਾ?

ਆਓ ਅੱਜ ਥੋੜ੍ਹੀ ਜਿਹੀ ਮਗਜ਼-ਮਾਰੀ ਕਰੀਏ। ਅਤੀਤ ਕਿਸੇ ਰੁੱਖ ਦੀਆਂ ਜੜ੍ਹਾਂ ਹੁੰਦੀਆਂ ਹਨ ਤੇ ਭਵਿੱਖ ਉਸ ਰੁੱਖ ਨੂੰ ਪੈਣ ਵਾਲੇ ਫੁੱਲ। ਗੱਲ ਅਤੀਤ ਤੋਂ ਹੀ ਸ਼ੁਰੂ ਕਰੀਏ।

ਜਿਵੇਂ ਵਿਗਿਆਨੀ ਦੱਸਦੇ ਨੇ-ਪਹਿਲਾਂ ਪਹਿਲ ਨਿਰਾ ਪੁਲਾੜ ਹੁੰਦਾ ਸੀ। ਇਕ ਅਦਿਖ ਸਰਬ ਵਿਆਪਕ ਸ਼ਕਤੀ ਸਾਰੇ ਪਸਰੀ ਹੋਈ ਸੀ। ਫਿਰ ਗਤੀ ਪੈਦਾ ਹੋਈ। ਇਸ ਸ਼ਕਤੀ ਦੇ ਅਤਿ ਸੂਖਮ ਕਣ ਇਕ ਦੂਜੇ ਨਾਲ ਮਿਲਦੇ ਗਏ। ਤੇ ਆਕਾਰ ਵਧਦੇ ਗਏ। ਅਰਬਾਂ ਖ਼ਰਬਾਂ ਸਾਲਾਂ ਵਿਚ ਇੰਝ ਵੱਧਦੇ ਆਕਾਰ ਵੱਡੇ ਆਕਾਰੇ ਸੂਰਜ, ਤਾਰੇ, ਧਰਤੀਆਂ ਰੂਪੀ ਗ੍ਰਿਹ ਬਣੇ, ਮੀਂਹ ਪਏ, ਨੀਵੀਆਂ ਥਾਵਾਂ ਵਿਚ ਪਾਣੀ ਖਲੋਤੇ, ਪਾਣੀ ਵਿਚ ਜੀਵ ਪੈਦਾ ਹੋਏ। ਕਿਸੇ ਸੁਲੱਖਣੀ ਘੜੀ ਜਲ ਜੀਵਾਂ ਚੋਂ ਕੋਈ ਜੀਵ ਧਰਤੀ ’ਤੇ ਚੜ੍ਹ ਆਇਆ, ਫਿਰ ਚਰਿੰਦ ਪਰਿੰਦ ਅਤੇ ਕਈ ਹੋਰ ਰੂਪ ਵਿਟਾਂਦਾ ਜੀਵ ਅੱਜ ਦੇ ਮਨੁੱਖ ਦੀ ਪਦਵੀ ’ਤੇ ਆ ਪੁੱਜਾ।

ਇਸ ਮਨੁੱਖ ਨੂੰ ਕੁਦਰਤ ਨੇ ਇਕ ਅਲੋਕਾਰ ਚੀਜ਼ ਦਿੱਤੀ। ਉਸ ਦਾ ਦਿਮਾਗ। ਧਰਤੀ ਉਤੇ ਰਹਿੰਦਿਆਂ ਬੰਦੇ ਨੇ ਆਪਣੀ ਸੁਖ ਸੁਵਿਧਾ ਲਈ ਪਦਾਰਥ ਉਤੇ ਤਰ੍ਹਾਂ ਤਰ੍ਹਾਂ ਦੇ ਤਜਰਬੇ ਕਰਨੇ ਸ਼ੁਰੂ ਕਰ ਦਿੱਤੇ। ਲੱਖਾਂ ਵਰ੍ਹੇ ਉਹ ਡਰਿਆ ਸਹਿਮਿਆਂ ਜਿਹਾ ਇਸ ਧਰਤੀ ’ਤੇ ਫਿਰਦਾ ਤੇ ਦੇਵੀ ਦੇਵਤੇ ਧਿਅਉਂਦਾ ਰਿਹਾ ਤੇ ਅਖੀਰ ਉਸਨੇ ਪਹੀਏ ਦੀ ਈਜਾਦ ਕਰ ਲਈ। ਲੱਕੜ ਘੜ੍ਹ ਕੇ ਦੋ ਪਹੀਏ ਬਣਾਏ। ਦੁਹਾਂ ਵਿਚ ਇਕ ਧੁਰਾ ਫਿਟ ਕੀਤਾ। ਉਤੇ ਦੋ ਫੱਟੇ ਧਰੇ ਤਾਂ ਚਲ ਮੇਰੇ ਭਾਈ ਗੱਡਾ ਜਾਂ ਰਥ ਵਰਗਾ ਵਾਹਨ ਬਣਾ ਕੱਤਿਆ। ਸ਼ਾਇਦ ਕੁਝ ਚਿਰ ਉਹ ਆਪ ਇਸ ਅੱਗੇ ਜੁਪਿਆ ਹੋਵੇਗਾ? ਪਰ ਛੇਤੀ ਹੀ ਉਸਨੇ ਬੈਲ ਅਤੇ ਘੋੜੇ ਵਰਗੇ ਜੀਵ ਸਿਧਾਅ ਕੇ ਢੋਆ ਢੁਆਈ ਦਾ ਕੰਮ ਉਨ੍ਹਾਂ ਤੋਂ ਲੈਣਾ ਸ਼ੁਰੂ ਕਰ ਦਿੱਤਾ। ਵਕਤ ਪਾ ਕੇ ਭਾਪ ਦਾ ਇੰਜਣ ਬਣਿਆ, ਗੱਡੀਆਂ ਦੌੜਨ ਲੱਗੀਆਂ, ਮੋਟਰ ਕਾਰਾਂ ਤੇ ਹੋਰ ਤਰ੍ਹਾਂ ਤਰ੍ਹਾਂ ਦੀਆਂ ਮਸ਼ੀਨਾਂ ਦਾ ਆਵਿਸ਼ਕਾਰ ਹੋਇਆ। ਇਸ ਸਭ ਕੁਝ ਵਿਚ ਠੋਸ ਪਦਾਰਥ ਦੀ ਵਰਤੋਂ ਹੁੰਦੀ ਸੀ ਤੇ ਅੱਜ ਵੀ ਹੈ। ਲੱਕੜੀ, ਲੋਹਾ, ਪਿੱਤਲ ਤੇ ਐਲੋਮੀਨੀਅਮ ਵਗੈਰਾ ਸਭ ਠੋਸ ਪਦਾਰਥ।

ਇਹ ਦਿਸਦੇ ਪਦਾਰਥ ਦੇ ਗਰਭ ਵਿਚ ਕੀ ਹੈ? ਇਸ ਦਿਸਦੇ ਮੂਲ ਸਰੋਤ ਕੀ ਹੈ? ਕਾਹਦੇ ਤੋਂ ਬਣਿਆ ਹੈ? ਇਹ ਜਾਨਣ ਦੀ ਜਗਿਆਸਾਵਸ ਮਨੁੱਖ ਨੇ ਇਸ ਦੇ ਪਦਾਰਥ ਦੀ ਚੀਰ-ਫਾੜ ਸ਼ੁਰੂ ਕੀਤੀ ਤੇ ਕਰਦਿਆਂ ਕਰਦਿਆਂ ਐਟਮ ਤੱਕ ਜਾ ਪੁੱਜਾ। ਬਿਜਲੀ ਦੀ ਕਾਢ ਹੋਈ। ਪਾਜ਼ਿਟਵ, ਨੈਗੇਟਿਵ, ਨਾਰਥ ਪੋਲ ਸਾਊਥਪੋਲ, ਮੈਗਨਿਟ, ਗੁਰੂਤਾ ਖੇਤਰ ਆਦਿ ਨਵੇਂ ਨਵੇਂ ਸ਼ਬਦ ਸੁਣਨ ਨੂੰ ਮਿਲਣ ਲੱਗੇ। ਬਲ੍ਹਬਾਂ ਨੇ ਦੀਵਿਆਂ

ਦੀ ਛੁੱਟੀ ਕਰ ਦਿੱਤੀ। ਹੀਟਰ ਕਮਰਿਆਂ ਨੂੰ ਗਰਮ ਕਰਨ ਲੱਗੇ। ਪੱਖੇ ਕਿਸੇ ਅਦਿਖ ਸ਼ਕਤੀ ਦੇ ਧੱਕੇ ਨਾਲ ਚਲਣ ਲੱਗੇ ਤੇ ਇੰਜ ਦੀਆਂ ਹੋਰ ਅਨੇਕਾਂ ਬਿਜਲਈ ਕਾਢਾਂ ਮਨੁੱਖ ਦਾ ਪਾਣੀ ਭਰਨ ਲੱਗੀਆਂ।

ਹੋਰ ਅੱਗੇ ਵੱਧ ਕੇ ਭਵਿੱਖ ਵਿਚ ਝਾਤ ਮਾਰਨ ਦੀ ਚਾਹ ਨੇ ਬੰਦੇ ਨੂੰ ਟਿਕ ਕੇ ਕਿੱਥੇ ਬਹਿਣ ਦੇਣਾ ਸੀ। ਵਿਗਿਆਨ ਨੇ ਸਥੂਲ ਤੋਂ ਸੂਖਮ ਵੱਲ ਦੇ ਸਫ਼ਰ ਦੇ ਕੁਝ ਹੋਰ ਪੜਾਅ ਤੈਅ ਕੀਤੇ। ਐਟਮ ਦੀ ਦੇਹ ਨੂੰ ਵੀ, ਪੁੱਛਿਆ ਤੋੜਿਆ ਗਿਆ। ਹੱਥ ਆਏ ਪ੍ਰੋਟੀਨ, ਨਿਊਟਰਾਨ, ਤੇ ਇਲੈਕਟਰਾਨ। ਨੰਗੀ ਅੱਖ ਨਾਲ ਦਿਸਦਾ ਕੁਝ ਨਹੀਂ, ਪਰ ਇਨ੍ਹਾਂ ਦੇ ਕਾਰਨਾਮਿਆਂ ਤੋਂ ਪ੍ਰਤੱਖ ਹੁੰਦਾ ਹੈ ਕਿ ਇਹ ਹੈਣ ਅਸਾਂ ਜਿਵੇਂ ਭੂਤ ਪ੍ਰੇਤ ਵੱਸ ਕਰ ਲਏ ਹੋਣ। ਅਲਾਦੀਨ ਦਾ ਚਿਰਾਗ ਆ ਗਿਆ ਹੈ ਸਾਡੇ ਹੱਥ, ਸਗੋਂ ਉਸ ਤੋਂ ਵੀ ਕੁਝ ਵੱਧ। ਉਸ ਵਿਚ ਤੇ ਮੂੰਹੋਂ ਕਹਿਣਾ ਪੈਂਦਾ ਸੀ। 'ਖੁੱਲ ਜਾ ਸਿਮ ਸਿਮ'। ਅੱਜ ਇਨ੍ਹਾਂ ਕਹਿਣ ਦੀ ਵੀ ਲੋੜ ਨਹੀਂ। ਰੀਮੋਟ ਫੜੋ, ਬਟਨ ਦਬੋ, ਟੀ. ਵੀ. ਆਨ। ਬਟਨ ਦੱਬੋ ਦੂਰ ਦਰਸ਼ਨ ਦਿੱਲੀ। ਬਟਨ ਦੱਬੋ ਬੀ. ਬੀ. ਸੀ. ਹੁਣ ਕਿੱਥੇ ਦਿੱਲੀ, ਕਿੱਥੇ ਲਾਹੌਰ ਤੇ ਕਿੱਥੇ ਲੰਡਨ। ਅੱਖ ਪਲਕਾਰੇ 'ਚ ਦਿੱਲੀ ਤੋਂ ਲੰਡਨ ਲੈ ਜਾਣਾ, ਕੀ ਇਹ ਜਿੰਨਾਂ ਦਾ ਕੰਮ ਨਹੀਂ ?

ਸੋ ਅਸੀਂ ਇਸ ਵਕਤ ਇਲੈਕਟੋਰਨਿਕ ਯੁੱਗ 'ਚ ਦਾਖਲ ਹੋਏ ਹਾਂ। ਏਸ ਸਟੇਜ ਤੱਕ ਪੁੱਜਣ ਨੇ ਚਾਲ ਫੜ ਲਈ ਹੈ। ਅਗਲੀ ਪੁਲਾਂਘ ਪੁੱਟਣ ਲਈ ਬਹੁਤਾ ਸਮਾਂ ਨਹੀਂ ਲੱਗੇਗਾ।

ਟਰੈਕਟਰ ਦਾ ਜਾਂ ਬੱਸ ਦਾ ਵੱਡਾ ਪਹੀਆ ਭੋਏਂ ਉਤੇ ਪਿਆ ਹੈ। ਵਾਹਵਾ ਜ਼ੋਰ ਲਾ ਕੇ ਅਸੀਂ ਉਸ ਨੂੰ ਚੁੱਕ ਕੇ ਸਿੱਧਾ ਕਰਦੇ ਹਾਂ। ਫਿਰ ਜ਼ੋਰ ਲਾ ਕੇ ਰੇੜ੍ਹੇ ਪਾਂਦੇ ਹਾਂ। ਜਿਉਂ ਜਿਉਂ ਇਹ ਚਾਲ ਫੜਦਾ ਹੈ ਤੇਜ਼ ਹੋਈ ਜਾਂਦਾ ਹੈ ਤੇ ਜ਼ੋਰ ਲਾਣਾ ਘੱਟਦਾ ਜਾਂਦਾ ਹੈ। ਲੱਖਾਂ ਵਰ੍ਹੇ ਬੰਦਾ ਪੈਰਾਂ 'ਤੇ ਭੰਵਿਆਂ, ਫਿਰ ਪਹੀਏ ਕਾਢ ਹੋਈ। ਕੁਝ ਹਜ਼ਾਰ ਵਰ੍ਹੇ ਲੱਗੇ ਪਹੀਏ ਤੋਂ ਭਾਫ਼ ਦਾ ਇੰਜਨ ਤੱਕ ਪੁੱਜਣ 'ਚ ਦੋ ਕੁ ਸਾਲ ਭਾਫ਼ ਦਾ ਇੰਜਣ ਤੇ ਮੁੜ ਬਿਜਲਈ ਮੋਟਰਾਂ ਤੇ ਮੁੜ ਸਦੀ ਦੇ ਅੰਦਰ ਹੀ ਅਦਰ ਟਰਬੋ ਇੰਜਣ ਤੇ ਹਾਈਡਰੋਜਨ ਗੈਸ ਨਾਲ ਆਕਾਸ਼ ਵੱਲ ਛੱਡੇ ਜਾ ਰਹੇ ਰਾਕਟ।

ਮਨੁੱਖੀ ਹੱਥਾਂ ਨਾਲ ਸਿਰਜੇ ਜਾ ਰਹੇ ਇਹ ਯੰਤਰ ਤੇ ਵਿਕਾਸ ਦੇ ਰਾਹ ਪਈ ਜ਼ਿੰਦਗੀ ਦੀ ਚਾਲ ਤੇਜ਼ ਤੋਂ ਤੇਜ਼ ਤਰ ਹੁੰਦੀ ਜਾ ਰਹੀ ਹੈ। ਸੋ ਅਸੀਂ ਅਤੀਤ ਚੋਂ ਨਿਕਲ ਕੇ ਭਵਿੱਖ 'ਚ ਪੈਰ ਧਰਨ ਵਾਲੇ ਹਾਂ।

ਅਗਲਾ ਕਦਮ ਕੀ ਹੋਵੇਗਾ ? ਕੀ ਬੰਦਾ ਰੱਬ ਦੀ ਪਦਵੀ ਸੰਭਾਲਣ ਵਾਲਾ ਹੈ ? ਆਖਿਰ ਕਦੇ ਦੀਨ ਹੀਨ ਨੰਗੇਬਦਨ, ਨਿਰਬਲ ਤੇ ਨਿਆਸਰਾ ਫਿਰਦਾ ਮਨੁੱਖ ਇਸ ਕਰਾਮਾਤੀ ਪੜਾਅ ਤਕ ਜੇ ਪੁੱਜ ਗਿਆ ਹੈ ਤਾਂ ਅੱਗੇ ਵੀ ਤਾਂ ਕੋਈ ਨਾ ਕੋਈ ਮੱਲ ਮਾਰੇਗਾ ਹੀ ?

ਮੇਰੇ ਵਿਚਾਰ ਵਿਚ ਮਨੁੱਖੀ ਹੋਣੀ ਦੇ ਅੱਗੇ ਦੋ ਰਾਹ ਹਨ-ਇਕ ਵਿਕਾਸ ਦਾ ਅਤੇ ਦੂਜਾ ਵਿਨਾਸ਼ ਦਾ। ਰਾਹ ਤਾਂ ਪਹਿਲਾਂ ਵੀ ਦੋ ਹੀ ਰਹੇ ਹਨ। ਮਨੁੱਖ ਆਪਣੀ ਸੂਝ ਬੂਝ ਤੋਂ ਕੰਮ ਲੈਂਦਾ ਵਿਨਾਸ਼ ਦੇ ਰਾਹ ਤੋਂ ਬਚਦਾ ਆਇਆ ਹੈ। ਸਥੂਲ ਤੋਂ ਸੂਖ਼ਮ ਦਾ ਸਫ਼ਰ ਕਰਦਿਆਂ ਜੋ ਮਨੁੱਖ ਪਹੀਏ ਤੋਂ ਇਲੈਕਟਰੋਨਿਕ ਸ਼ਕਤੀ ਤੱਕ ਪੁੱਜਾ ਹੈ। ਉਹ ਨਿਸ਼ਚੇ ਹੀ ਅਗਲੇ ਪੜਾਅ 'ਤੇ ਇੱਛਾ ਸ਼ਕਤੀ ਦਾ ਸਵਾਮੀ ਬਣ ਜਾਵੇਗਾ। ਹੁਣ ਰੀਮੋਟ ਉਸਦੇ ਹੱਥ ਵਿਚ ਹੈ ਫਿਰ ਰੀਮੋਟ ਉਸਦੇ ਹਿਰਦੇ ਜਾਂ ਮਸਤਕ ਸ਼ਕਤੀ ਵਿਚ ਫਿਟ ਹੋ ਜਾਵੇਗਾ। ਉਸ ਨੂੰ ਇਕ ਗ੍ਰਹਿ ਤੋਂ ਦੂਜੇ ਗ੍ਰਹਿ ਦੇ ਸਫ਼ਰ ਤੱਕ ਲਈ ਬਟਨ ਨਹੀਂ ਦੱਬਣਾ ਪਵੇਗਾ। ਇੱਛਾ

ਸ਼ਕਤੀ ਹੀ ਇਹ ਕੰਮ ਸਾਰ ਦੇਵੇਗੀ। ਮਕੈਨੀਕਲ ਇੰਜੀਨੀਅਰਿੰਗ ਵਿਚ ਹੱਥ ਪੈਰ ਹਿਲਾਣੇ ਪੈਂਦੇ ਸਨ। ਜ਼ੋਰ ਲਗਦਾ ਸੀ। ਇਲੈਕਟਰਾਨਿਕ ਇੰਜਨੀਅਰਿੰਗ ਵਿਚ ਕੇਵਲ ਇੱਛਾ ਧਰਿਆਂ ਹੀ ਸਿੱਧ ਹੋ ਜਾਇਆ ਕਰਨਗੇ।

ਮੇਰਾ ਇਹ ਵਿਚਾਰ ਤੁਹਾਨੂੰ ਸ਼ਾਇਦ ਸ਼ੇਖ-ਚਿੱਲੀ ਦੇ ਸੁਪਨੇ ਵਰਗਾ ਹੀ ਲਗੇ, ਪਰ ਅੱਜ ਤੋਂ ਪੰਜਾਹ ਸਾਲ ਪਹਿਲਾਂ ਰੀਮੋਟ ਵਰਗੀ ਕੋਈ ਸ਼ੈਅ ਤੁਹਾਡੇ ਕਿਆਸ ਵਿਚ ਆਉਂਦੀ ਸੀ? ਕਿਸ ਨੇ ਕਿਹਾ ਸੀ ਇਹ-ਕਿ ਮਨੁੱਖ ਜੋ ਵੀ ਕਲਪਨਾ ਕਰਦਾ ਹੈ ਉਹ ਕਿਸੇ ਦਿਨ ਸੱਚ ਹੋ ਨਿਬੜਦੀ ਹੈ। ਇਸ ਸ੍ਰਿਸ਼ਟੀ ਦੀ ਹੋਂਦ ਦੇ ਪਿੱਛੇ ਵੀ ਕਿਸੇ ਦਾ ਵਿਚਾਰ ਹੀ ਕੰਮ ਕਰ ਰਿਹਾ ਹੈ। ਸੰਕਲਪ, ਰੱਬ ਨੇ ਚਾਹਿਆ-ਮੈਂ ਹੋ ਜਾਵਾਂ ਤੇ ਉਹ ਹੋ ਗਿਆ।

ਕੀ ਮਨੁੱਖ ਦੇ ਇੱਛਾਧਾਰੀ ਹੋ ਜਾਣ ਦੇ ਬਾਅਦ ਵੀ ਕੋਈ ਹੋਰ ਪੜਾਅ ਤਹਿ ਕਰਨਾ ਰਹਿ ਜਾਵੇਗਾ?

ਜ਼ਰੂਰ!

ਰੱਬੀ ਨੂਰ ਨਾਲ ਪ੍ਰਕਾਸ਼ਮਾਨ ਹੋਏ ਸ੍ਰੀ ਕ੍ਰਿਸ਼ਨ ਨੇ ਕਿਹਾ ਹੈ-ਮੇਰੇ ਸਰੂਪ ਬਾਰੇ ਤੁਸੀਂ ਕਿੰਨੀ ਵੀ ਸੂਖਮ ਕਲਪਨਾ ਕਰ ਲਵੋ, ਮੈਂ ਉਸ ਤੋਂ ਵੀ ਪਰੇ ਹਾਂ। ਹੋਰ ਪਰੇ ਕੀ ਹੈ? ਇਸ ਬਾਰੇ ਇੱਛਾਧਾਰੀ ਹੋਇਆ ਬੰਦਾ ਹੀ ਸੋਚੇਗਾ, ਕਿ ਅੱਗੋਂ ਉਸ ਨੇ ਕੀ ਪਾਣਾ ਹੈ ਕਿਥੇ ਪਾਣਾ ਜਾਣਾ ਹੈ। ਕਿਥੇ ਜਾਣਾ ਹੈ।

ਤੇ ਦੂਜਾ ਰਾਹ? ਇਹ ਭਵਿੱਖ ਵਿਚ ਨਹੀਂ ਲਿਜਾਂਦਾ। ਜੁਗਾਂ ਜੁਗਾਂ ਤੋਂ ਪਰਪਦੀ ਵਿਕਾਸ਼ਸ਼ੀਲ ਹੋਈ ਅੱਗੇ ਵਧਦੀ ਆ ਰਹੀ ਜ਼ਿੰਦਗੀ ਦਾ ਭੋਗ ਪਾ ਦਿੰਦਾ ਹੈ। ਜੇ ਕਿਸੇ ਸਿਰ ਫਿਰੇ ਬੇਕਿਰਕ ਰਾਜ ਨੇ ਕਿਸੇ ਗ਼ਲਤ ਫ਼ੈਸਲੇ ਅਧੀਨ ਇਕ ਦੋ ਹੀ ਪ੍ਰਮਾਣੂ ਬੰਬ ਚਲਾ ਦਿੱਤੇ ਤਾਂ ਫਿਰ ਬੰਬਾਂ ਦਾ ਮੀਂਹ ਵਰ੍ਹ ਸਕਦਾ ਹੈ। ਮੌਤ ਪੂਰੀ ਧਰਤੀ ਤੋਂ ਜੀਵਨ ਨੂੰ ਹੂੰਝ ਖੜੇਗੀ। ਸ਼ਾਸਤਰਾਂ ਅਨੁਸਾਰ ਇਕ ਹੋਰ ਪਰਲੋ।

ਤੁਸੀਂ ਕੀ ਚਾਂਹਦੇ ਹੋ?

ਇਕ ਹੋਰ ਪਰਲੋ?

ਜਾਂ ਇੱਛਾਧਾਰੀ ਹੋ ਕੇ ਕਿਸੇ ਜਾਗੀ ਹੋਈ ਚੇਤਨਾ ਦਾ ਸਵਾਮੀ ਹੋਣਾ?

ਅਸੀਂ ਜਿਉਂ ਜਿਉਂ ਸਥੂਲ ਤੋਂ ਸੂਖਮ ਵੱਲ ਵਧੀ ਜਾ ਰਹੇ ਹਾਂ, ਅਪਾਰ, ਅਥਾਹ ਤੇ ਅਣ-ਕਿਆਸੀਆਂ ਸ਼ਕਤੀਆਂ ਦੇ ਮਾਲਕ ਹੋਈ ਜਾ ਰਹੇ ਹਾਂ।

ਬੰਦੇ ਦਾ ਰੱਬ ਹੋ ਜਾਣਾ ਬਿਲਕੁਲ ਸੰਭਵ ਹੈ।

●

# 'ਕਿੱਸਾ ਮਹੀਨੇ ਭਰ ਦੀ ਚੁੱਪ ਦਾ'

ਕਹਿੰਦੇ ਨੇ ਇਕ ਵਾਰੀ ਅੰਗਰੇਜ਼ੀ ਦਾ ਮਸ਼ਹੂਰ ਲੇਖਕ ਬਰਨਾਰਡ ਸ਼ਾਅ ਅਮਰੀਕਾ ਗਿਆ ਹੋਇਆ ਸੀ। ਉਥੇ ਉਸ ਨੇ ਕਿਹਾ-ਮੈਂ ਪੂਰੀ ਪੂਰੀ ਖੋਜ ਪੜਤਾਲ ਤੋਂ ਬਾਅਦ ਪੂਰੇ ਪੂਰੇ ਭਰੋਸੇ ਨਾਲ ਤੁਹਾਨੂੰ ਇਹ ਤੱਥ ਦਸ ਰਿਹਾ ਹਾਂ ਕਿ 'ਆਕਾਸ਼ ਧਰਤੀ ਦੀ ਪਰਿਕਰਮਾ ਕਰਦਾ ਹੈ।'

ਸ਼ਾਅ ਸਾਹਿਬ ਕੀ ਉਲਟਾ ਚੱਕਰ ਚਲਾਣ ਲੱਗੇ ਓ? ਇਹ ਗੱਲ ਤਾਂ ਜਗ ਜਾਹਿਰ ਹੈ ਕਿ 'ਆਕਾਸ਼ ਨਹੀਂ ਸਗੋਂ ਧਰਤੀ ਆਕਾਸ਼ ਦੀ ਪਰਿਕਰਮਾ ਕਰਦੀ ਹੈ।' ਕਈ ਆਵਜ਼ਾ ਨੇ ਕਿੰਤੂ ਕਰਦਿਆਂ ਕਿਹਾ।

'ਜਿਸ ਧਰਤੀ 'ਤੇ ਬਰਨਾਰਡ ਸ਼ਾਅ ਰਹਿ ਰਿਹਾ ਹੋਵੇ, ਉਹ ਧਰਤੀ ਸੂਰਜ ਦੀ ਪਰਿਕਰਮਾ ਕਿਵੇਂ ਕਰ ਸਕਦੀ ਹੈ?' ਸ਼ਾਅ ਨੇ ਉਲਟਾ ਸਵਾਲ ਕੀਤਾ।

ਇਹ ਰਮਜ਼ ਮਨੁੱਖੀ ਹਉਮੈ ਵੱਲ ਇਸ਼ਾਰਾ ਕਰਦੀ ਸੀ। ਦਾਰਸ਼ਨਿਕ ਲੋਕਾਂ ਦੀ ਸਮਝ ਵਿਚ ਆ ਗਈ, ਤੇ ਗੱਲ ਹਾਸੇ ਵਿਚ ਟਲ ਗਈ।

ਏਧਰ ਮੇਰਾ ਵੱਡਾ ਲੜਕਾ ਜਿਸ ਦਿਨ ਪੈਦਾ ਹੋਇਆ ਸੀ, ਵਿਧਾਤਾ ਨੇ ਇਸ ਦੇ ਕੰਨ ਵਿਚ ਇਹ ਫੂਕ ਮਾਰੀ ਸੀ ਕਿ 'ਬੱਚੂ ਮੈਂ ਦੁਨੀਆਂ ਦੀ ਸਾਰੀ ਅਕਲ ਤੇਰੇ ਵਿਚ ਪਾ ਰਿਹਾ ਹਾਂ। ਤੂੰ ਇਸ ਧਰਤੀ ਦਾ ਸਭ ਤੋਂ ਵੱਧ ਸਮਝਦਾਰ ਵਿਅਕਤੀ ਹੋਵੇਗਾ।'

ਤੇ ਇਹ ਗੱਲਾਂ ਸੱਚ ਹੋਣ ਦੇ ਬਾਵਜੂਦ ਵੀ ਮੈਨੂੰ ਪੱਕਾ ਭਰੋਸਾ ਹੈ ਕਿ ਮੈਂ ਹੀ ਸ੍ਰਿਸ਼ਟੀ ਦਾ ਕੇਂਦਰ ਬਿੰਦੂ ਹਾਂ। ਸੂਰਜ ਕੀ, ਪੂਰੇ ਦਾ ਪੂਰਾ ਬ੍ਰਹਿਮੰਡ ਮੇਰੀ ਪਰਿਕਰਮਾ ਕਰਦਾ ਹੈ।

ਉਸ ਦਿਨ ਜੂਨ ਦੀ ਛੇ ਤਰੀਕ ਸੀ। ਮੂਡ ਕੁਝ ਆਫ਼ ਜਿਹਾ ਸੀ। ਉਖੜਿਆ ਉਖੜਿਆ, ਅਵਾਜ਼ਾਰ ਜਿਹਾ। ਕਾਰਣ ਸੀ-ਇਕ 'ਤੇ ਉਸ ਦਿਨ 'ਅਜੀਤ' ਵਾਲਿਆਂ ਨੇ ਘੱਲੂਘਾਰਾ ਅੰਕ ਵਿਚ ਅਪ੍ਰੇਸ਼ਨ 'ਨੀਲਾ ਤਾਰਾ' ਬਾਰੇ ਲਿਖਿਆ ਲੇਖ, ਜੋ ਮੈਂ ਅੱਖੀਂ ਵੇਖੇ ਤੱਥਾਂ 'ਤੇ ਬੜੀ ਮਿਹਨਤ ਨਾਲ ਲਿਖਿਆ ਤੇ ਘੱਲਿਆ ਸੀ, ਨਹੀਂ ਸੀ ਛਾਪਿਆ, ਤੇ ਦੂਜੇ ਵੱਡੇ ਲੜਕੇ ਨੂੰ ਯੂ. ਪੀ. ਕਿਸੇ ਭੋਗ 'ਤੇ ਗਿਆਂ ਅੱਜ ਦਸਵਾਂ ਦਿਨ ਹੋ ਗਿਆ ਸੀ, ਤੇ ਉਹ ਅਜੇ ਤੱਕ ਨਹੀਂ ਸੀ ਮੁੜਿਆ। ਅਖ਼ੀਰ ਸ਼ਾਮ ਤੱਕ ਸੱਤ ਕੁ ਵਜੇ ਲੜਕੇ ਦਾ ਫੂਨ ਆਇਆ, 'ਮੈਂ ਲੁਧਿਆਣੇ ਤੋਂ ਬੋਲ ਰਿਹਾ ਹਾਂ, ਹੋਰ ਡੇਢ ਦੋ ਘੰਟੇ ਤੱਕ ਤੁਹਾਡੇ ਕੋਲ ਅੱਪੜ ਜਾਵਾਂਗਾ।'

ਇਕ ਤੇ ਰਾਹ ਵਿਚ ਟਾਇਰ ਪੰਚਰ ਹੋ ਗਿਆ ਸਟੈਪਨੀ ਬਦਲਣੀ ਪਈ, ਦੂਜੇ ਪੰਜਾਬ ਦੀਆਂ ਟੁੱਟੀਆਂ ਭੱਜੀਆਂ ਟੋਏ ਟਿੱਬੇ ਵਾਲੀਆਂ ਸੜਕਾਂ, ਉਹ ਰਾਤ ਦਸ ਵਜੇ ਪੁੱਜਾ। ਚਲੋ ਉਡੀਕ ਮੁੱਕੀ, ਸੋਚਿਆ ਸਫ਼ਰ ਦਾ ਸਾਰਾ ਹਾਲ ਚਾਲ ਦੱਸੇਗਾ, ਇਕੱਠੇ ਹੋਏ

ਰਿਸ਼ਤੇਦਾਰਾਂ ਦੀਆਂ ਗੱਲਾਂ ਕਰੇਗਾ। ਪਰ ਉਸ ਨੇ ਆਉਂਦਿਆਂ ਹੀ ਦੁਕਾਨ ਦੀ ਸੇਲ ਬਾਰੇ , ਵਿਕੇ ਸਮਾਨ ਬਾਰੇ ਆਪਣੇ ਲੜਕੇ ਨਾਲ ਬਹਿਸਣਾ ਸ਼ੁਰੂ ਕਰ ਦਿੱਤਾ।

ਜਦੋਂ ਇਹ ਬਹਿਸ ਲੰਮੀ ਹੁੰਦੀ ਤੇ ਉਸ ਵਿਚ ਤਲਖੀ ਵੱਧਦੀ ਦਿਸੀ ਤਾਂ ਮੈਂ ਕਿਹਾ-'ਪੁੱਤਰ, ਤੇਰੀ ਗ਼ੈਰ ਹਾਜ਼ਰੀ ਵਿਚ ਇਸ ਨੇ ਦੁਕਾਨ ਚਲਾਈ ਹੈ, ਤੂੰ ਸਗੋਂ ਇਸ ਨੂੰ ਸ਼ਾਬਾਸ਼ ਦੇ , ਕਿਉਂ ਇਸ ਨਾਲ ਗਰਮ ਹੋ ਰਿਹਾ ਏਂ ?

'ਤੁਸੀਂ ਇਸ ਦਾ ਪੱਖ ਲੈ ਰਹੇ ਓ ? ਚੜ੍ਹਾਓ ਇਸ ਨੂੰ ਸਿਰ ਮੇਰੇ ਤੇ।' ਪੁੱਤਰ ਨੇ ਹੋਰ ਵੀ ਤਲਖ਼ ਹੁੰਦਿਆਂ ਮੈਨੂੰ ਕਿਹਾ।

ਤੱਤੇ ਘਾਅ, ਸੜਿਆ ਬਲਿਆ ਉੱਠ ਕੇ ਮੈਂ ਕੋਠੇ 'ਤੇ ਚੜ ਗਿਆ। ਪਾਰਾ ਮੇਰੇ ਸਿਰ ਨੂੰ ਚੜ੍ਹਿਆ ਹੋਇਆ ਸੀ। ਪਹਿਲਾ ਖਿਆਲ-ਆਤਮ ਹੱਤਿਆ। ਮਰ ਜਾਣਾ ਚਾਹੀਦਾ ਹੈ ਮੈਨੂੰ। ਮੈਂ ਆਪਣੀ ਮੰਜੀ 'ਤੇ ਪੈ ਗਿਆ ਤੇ ਸੋਚਿਆ-ਜੇ ਮੈਂ ਆਤਮ ਹੱਤਿਆ ਕਰ ਲੈਂਦਾ ਹਾਂ ਤਾਂ ਪਿੱਛੇ ਇਸ ਦਾ ਕੀ ਪ੍ਰਤੀਕਰਮ ਹੋਵੇਗਾ ?

ਬੱਸ-ਇਹ ਤਾਂ ਤੁਸੀਂ ਸਾਰੇ ਜਾਣਦੇ ਹੀ ਹੋਵੋਗੇ ਕਿ ਵਿਚਾਰਵਾਨ ਮਨੁੱਖ ਆਤਮ ਹੱਤਿਆ ਨਹੀਂ ਕਰ ਸਕਦਾ। ਵਿਚਾਰ ਚੋਂ ਵਿਚਾਰ ਨਿਕਲਦੇ ਆਉਂਦੇ ਹਨ, ਤੇ ਸਿਰ ਨੂੰ ਚੜ੍ਹਿਆ ਪਾਰਾ ਇਕ ਇਕ ਡਿਗਰੀ ਘਟਦਾ ਹੇਠਾਂ ਅੱਡੀਆਂ 'ਚ ਆ ਜਾਂਦਾ ਹੈ। ਤੇ ਮੈਂ ਉਂਜ ਵੀ ਬੜਾ ਡਰਾਕਲ ਬੰਦਾ ਹਾਂ। ਫਿਰ ਸੋਚਿਆ 'ਸੰਨਿਆਸ ਠੀਕ ਰਹੇਗਾ। ਸਵੇਰੇ ਹੀ ਘਰੋਂ ਨਿਕਲ ਜਾਵਾਂਗਾ। ਧਰਤੀ ਬਥੇਰੀ ਪਈ ਏ।

ਫਿਰ ਘਰ ਦੀ ਸਾਫ਼ ਸੁੱਥਰੀ ਰਹਿਣੀ, ਵਧੀਆ ਬਾਥਰੂਮ, ਵਕਤ ਸਿਰ ਗਰਮ ਗਰਮ ਮਿਲਦਾ ਪਾਣੀ ਤੇ ਸਰਦੀ ਦੇ ਦਿਨਾਂ ਵਿਚ ਘਰ 'ਚ ਬਣਦੀਆਂ ਤੇ ਮਿਲਦੀਆਂ ਪਿੰਨੀਆਂ ਦਾ ਖਿਆਲ ਆਇਆ ਤਾਂ ਸੰਨਿਆਸ ਉਤੇ ਵੀ ਦਲੀਲ ਦਾ ਕਾਟਾ ਫਿਰ ਗਿਆ।

ਫਿਰ ?

ਫਿਰ ??

ਮਨਾਂ ਚੁੱਪ ਧਾਰ ਲੈ...ਇਕ ਚੁੱਪ ਸੌ ਸੁੱਖ। ਉਂਝ ਵੀ ਜਿਥੇ ਬੋਲਣ ਹਾਰੀਏ, ਉਥੇ ਭਲੀ ਚੁੱਪ। ਨਾ ਰਹੇ ਬਾਂਸ, ਨਾ ਵੱਜੇ ਬੰਸਰੀ।

ਉਮਰ ਭਰ ਦੀ ?

ਸਹਿਮ ਦੀ ਇਕ ਲੀਕ ਜਿਹੀ ਅੰਦਰ ਫਿਰ ਗਈ। ਨਹੀਂ ਨਹੀਂ, ਮਹੀਨਾ ਬਥੇਰਾ ਹੈ। ਇਕ ਮਹੀਨੇ ਦਾ ਚੁੱਪ-ਵਰਤ, ਅੱਗੋਂ ਫਿਰ ਵੇਖੀ ਜਾਵੇਗੀ।

ਸਵੇਰੇ ਜਦ ਮੈਂ ਹੇਠਾਂ ਉਤਰਿਆਂ ਤਾਂ ਮੁੰਡੇ ਦਾ ਦਿਮਾਗ ਵੀ ਸ਼ਾਇਦ ਨਾਰਮਲ ਹੋ ਚੁੱਕਿਆ ਸੀ। ਉਸ ਭੱਜ ਕੇ ਮੈਨੂੰ ਜੱਫੀ ਪਾਈ-ਦਾਰ ਜੀ, ਦਾਰ ਜੀ....।

ਮੈਂ ਇਕੋ ਝਟਕੇ ਨਾਲ ਉਸਦੀ ਪਕੜ ਤੋਂ ਬਾਹਰ ਹੋ ਗਿਆ। ਕਾਪੀ ਚੋਂ ਵਰਕਾ ਪਾੜਿਆ। ਪੈੱਨ ਲਿਆ ਤੇ ਉਸ ਉਤੇ ਲਿਖ ਦਿਤਾ-'ਮੇਰਾ ਮਹੀਨੇ ਭਰ ਲਈ ਚੁੱਪ ਵਰਤ ਹੈ, ਮੈਨੂੰ ਬੁਲਾਇਆ ਨਾ ਜਾਵੇ। ਜੇ ਤੰਗ ਕਰੋਗੇ ਮਤਲਬ ਬੁਲਾਣ ਦੀ ਜ਼ਿੱਦ ਕਰੋਗੇ ਤਾਂ ਮੈਂ ਘਰ ਛੱਡ ਕੇ ਚਲਾ ਜਾਵਾਂਗਾ।'

ਮੇਰੀ ਇਹ ਘੁਰਕੀ ਕੰਮ ਕਰ ਗਈ। ਮੁੰਡਾ ਪਿਛਾਂਹ ਹੱਟ ਕੇ ਬੈਠ ਗਿਆ। ਪਰ ਸਿਆਣਿਆਂ ਨੇ ਇਸ ਤੱਥ ਨੂੰ ਵਰੋਲਿਆਂ ਹੋਇਆ ਹੈ, ਕਿ ਮਨੁੱਖ ਲਈ ਸਭ ਤੋਂ ਵੱਧ ਸਮੱਸਿਆਵਾਂ ਉਸਦੇ ਸਗੇ ਸੋਧਰੇ ਹੀ ਪੈਦਾ ਕਰਦੇ ਹਨ। ਜਿੰਨਾ ਜਿੰਨਾ ਰਿਸ਼ਤੇ ਦਾ ਨੇੜ , ਉਨੀਆਂ ਹੀ ਉਹਦੇ ਵੱਲੋ ਪੈਦਾ ਕੀਤੀਆਂ ਸਮੱਸਿਆਵਾਂ। ਤੇ ਏਸ ਹਿਸਾਬ ਪਤਨੀ ਨੰਬਰ ਲੈ ਜਾਂਦੀ ਹੈ। ਸਭ ਤੋਂ ਨੇੜੇ ਜੁ ਹੋਈ।

ਮੇਰੀ ਤੀਵੀਂ ਨੇ ਤੇਵਰ ਬਦਲਦਿਆਂ ਹੋਇਆ ਕਿਹਾ–'ਬਸ ਇਹੀ ਕਸਰ ਰਹਿ ਗਈ ਸੀ? ਇਹ ਸਭ ਕੁਝ ਨਹੀਂ ਚੱਲਣਾ ਏਥੇ, ਸਿੱਧੀ ਤਰ੍ਹਾਂ ਬੋਲ ਪਵੋ। ਨਹੀਂ ਤੇ....'

ਪਰ ਮੈਂ ਸਿੱਧੀ ਤਰ੍ਹਾਂ ਬੋਲਿਆ ਨਾ ਪੁੱਠੀ ਤਰ੍ਹਾਂ। ਮੈਨੂੰ ਲੱਗਾ–'ਇਹ ਮੈਨੂੰ ਚੈਲਿੰਜ ਕਰ ਰਹੀ ਹੈ ਤਾਂ ਮੈਂ ਵੀ ਕੌਲ ਨਿਭਾਅ ਕੇ ਵਿਖਾਵਾਂਗਾ।'

ਤੇ ਮੈਂ ਆਪਣਾ ਕੌਲ ਨਿਭਾਇਆ। ਪੂਰਾ ਮਹੀਨਾ ਨਹੀਂ ਬੋਲਿਆ ਕਿਸੇ ਨਾਲ! ਬਸ ਇਕ ਤਰ੍ਹਾਂ ਦੀ ਦੜ ਵੱਟੀ ਰੱਖੀ। ਤੇ ਇਸ ਮਹੀਨੇ ਭਰ ਦੀ ਚੁੱਪ 'ਚੋਂ ਜੋ ਅਨੁਭਵ ਮੇਰੀ ਝੋਲੀ ਪਏ ਉਹ ਬਹੁਮੁੱਲੇ ਹਨ।

ਅਨੁਭਵ, ਅਨੁਭਵ ਹੀ ਹੁੰਦਾ ਹੈ। ਮਹਿਸੂਸਿਆ ਜਾਣ ਵਾਲਾ ਕੋਈ ਅਹਿਸਾਸ। ਇਸ ਦੀ ਕੋਈ ਵਿਆਖਿਆ ਨਹੀਂ ਹੁੰਦੀ। ਸ਼ਬਦ ਅਧੂਰੇ ਰਹਿ ਜਾਂਦੇ ਹਨ, ਤਾਂ ਵੀ ਗੱਲ ਛੋਹ ਹੀ ਲਈ ਹੈ ਤਾਂ ਕੁਝ ਨਾ ਕੁਝ ਤਾਂ ਕਹਿਣਾ ਹੀ ਪਵੇਗਾ।

ਸਭ ਤੋਂ ਪਹਿਲਾਂ ਤਾਂ ਮੈਂ ਇਸ ਡਰੋਂ ਡਰਦਾ ਕਿ ਕਿਤੇ ਭੁਲ ਭੁਲੇਖੇ ਬੋਲ ਨਾ ਪਵਾਂ, ਆਪਣੇ ਆਪ ਵਿਚ ਸਜੱਗ ਰਹਿਣ ਲੱਗ ਪਿਆ। ਜਾਗਿਆ ਹੋਇਆ ਮਨੁੱਖ! ਸੁਚੇਤ, ਅਲਰਟ, ਪਲ ਪਲ ਆਪਣੇ ਆਪ ਵਿਚ ਹਾਜ਼ਰ, ਕਿ ਕਿਤੇ ਭੁੱਲ ਨਾ ਜਾਵਾਂ। ਇਸ ਨਾਲ ਦੋ ਤਿੰਨ ਦਿਨਾਂ ਵਿਚ ਹੀ ਮੇਰੇ ਆਲੇ ਦੁਆਲੇ ਜੋ ਵਰਤਾਰਾ ਵਰਤ ਰਿਹਾ ਹੈ, ਮੈਂ ਇਕ ਤਰ੍ਹਾਂ ਨਾਲ ਉਸ ਨੂੰ ਅੱਖੀਂ ਵੇਖਣ ਵਾਲਾ ਉਸ ਦਾ ਗਵਾਹ ਬਣ ਬੈਠਾ। ਲੱਗਾ ਮੇਰੇ ਸਰੀਰ ਤੋਂ ਇਲਾਵਾ ਕੋਈ ਹੋਰ ਚੇਤਨ ਵਿਅਕਤੀ ਮੇਰੇ ਅੰਦਰ ਬੈਠਾ ਹੋਇਆ ਹੈ। 'ਦੇਖਣ ਆਇਓ ਜਗਤ ਤਮਾਸ਼ਾ' ਇਸ ਰਮਝ ਦੀ ਸਮਝ ਪੈਣ ਲੱਗ ਪਈ। ਬਸ ਮੈਂ ਸਿਰਫ਼ ਵੇਖਦਾ ਰਹਿੰਦਾ, ਨਿਰਲੇਪ, ਜੈਸੇ ਜਲ ਮੇਂ ਕਵਲ ਨਿਰਲੇਪ। ਘਰ ਦੇ ਜੀਆਂ ਨਾਲੋਂ ਇਕ ਵਿੱਥ ਜਿਹੀ ਪੈਦਾ ਹੋ ਗਈ। ਉਹ ਆਪਸ ਵਿਚ ਬੋਲਦੇ, ਹੱਸਦੇ, ਲੜਦੇ ਰਹਿੰਦੇ ਤੇ ਮੈਨੂੰ ਲਗਦਾ ਮੇਰਾ ਇਹਨਾਂ ਨਾਲ ਕੋਈ ਤਅੱਲਕ ਨਹੀਂ ਹੈ। ਬਸ ਮੈਂ ਟੀ. ਵੀ. ਤੇ ਚਲਦੇ ਕਿਸੇ ਲੜੀਵਾਰ ਨਾਟਕ ਨੂੰ ਦੇਖ ਰਿਹਾ ਹਾਂ। 'ਬੋਲਤ ਬੋਲਤ ਬਢਹਿ ਬਿਕਾਰਾ' ਮੇਰੇ ਲਈ ਓਪਰੀ ਜਹੀ ਗੱਲ ਹੋ ਗਈ। ਜਦੋਂ ਕਿਸੇ ਨਾਲ ਮੰਦਾ ਜਾਂ ਚੰਗਾ ਬੋਲਣਾ ਹੀ ਨਹੀਂ ਤਾਂ ਝਗੜਾ ਕਿਸ ਗੱਲ ਦਾ?

ਆਂਹਦੇ ਨੇ ਜੇ ਮਨੁੱਖ ਦੀ ਕੋਈ ਇਕ ਗਿਆਨ ਇੰਦਰੀ ਨਿਕਾਰਾ ਹੋ ਜਾਵੇ ਤਾਂ ਉਸ ਵਿਚਲੀ ਜੀਵਨ ਊਰਜਾ ਕਿਸੇ ਦੂਜੀ ਗਿਆਨ ਇੰਦਰੀ ਵੱਲ ਵਹਿਣ ਲੱਗ ਜਾਂਦੀ ਹੈ। ਜਬਾਨ ਬੰਦ ਹੋਈ ਤਾਂ ਇਹ ਊਰਜਾ ਅੱਖਾਂ ਵੱਲ ਵਹਿ ਤੁਰੀ। ਦਿਨਾਂ ਵਿਚ ਹੀ ਮੇਰੀਆਂ ਅੱਖਾਂ ਵਿਚ ਇਕ ਨਿਰਾਲੀ ਚਮਕ ਉਜਾਗਰ ਹੋਣ ਲੱਗ ਪਈ। ਇਹ ਤੇਜਸੱਵੀ ਨਜਤਰ ਦੀ ਝਲਕ ਦੇਣ ਲੱਗ ਪਈਆਂ। ਮੈਨੂੰ ਲੱਗਾ ਮੈਂ ਪਹਿਲਾਂ ਨਾਲੋਂ ਸੋਹਣਾ ਸੋਹਣਾ ਲੱਗਣ ਲੱਗ ਪਿਆ ਹਾਂ। ਜਾਂ ਕਹਿ ਲਉ ਮੈਂ ਆਪਣੀਆਂ ਨਜ਼ਰਾਂ ਵਿਚ ਆਪ ਪ੍ਰਵਾਨ ਹੋ ਗਿਆ। ਆਪਣਾ ਆਪ ਮੈਨੂੰ ਪਿਆਰਾਂ ਧੀਮਾ ਧੀਮਾ ਜਿਹਾ, ਮਿੱਠਾ ਮਿੱਠਾ ਜਿਹਾ ਕੋਈ ਅਗੰਮੀ ਸੰਗੀਤ ਝਰਨਾ ਸ਼ੁਰੂ ਹੋ ਜਾਂਦਾ ਹੈ:–

ਝਿਮ ਝਿਮ ਵਰਸੈ ਅੰਮ੍ਰਿਤ ਧਾਰਾ॥

ਚੁੱਪ ਵਿਚ ਟਿਕਾਅ ਹੈ। ਸ਼ਾਂਤੀ ਹੈ, ਅਡੋਲਤਾ ਹੈ। ਇਹ ਪਨ ਤੋਂ ਪਾਰ ਹੋਣ ਦਾ ਯਤਨ ਹੈ। ਕਿੰਨੀ ਗਹਿਰੀ ਕਿਸੇ ਦੀ ਚੁੱਪ ਹੋਵੇਗੀ, ਉੱਨੀ ਹੀ ਗਹਿਰੀ ਗੰਭੀਰ ਸ਼ਾਂਤੀ ਦਾ ਉਸ ਦੇ ਅੰਦਰ ਵਾਸ ਹੋਵੇਗਾ।

ਉਂਜ ਵੀ ਸਿਆਣਿਆਂ ਦਾ ਕਥਨ ਹੈ ਕਿ–'ਜੀਭ ਤੇ ਦੋ ਬੋਲ ਬੋਲ ਕੇ ਬੂਹਾ ਢੋਅ ਲੈਂਦੀ ਹੈ, ਜੁੱਤੀਆਂ ਵਿਚਾਰੇ ਸਿਰ ਨੂੰ ਸਹਿਣੀਆਂ ਪੈਂਦੀਆਂ ਹਨ।'

ਪਿਆਰੇ ਪਾਠਕੋ, ਜੁੱਤੀਆਂ ਤੋਂ ਬਚਣ ਲਈ ਚੁੱਪ ਇਕ ਕਾਰਗਰ ਨੁਸਖਾ ਹੈ। ਵਰਤ ਕੇ ਵੇਖੋ। ●●●

# ਦੱਸ ਤੂੰ ਕੀ ਜਹਾਨ ਵਿਚੋਂ ਖੱਟਿਆ?

ਅੰਮ੍ਰਿਤ ਵੇਲਾ ਮਨ ਮੰਥਨ ਦਾ ਵੇਲਾ, ਆਪਣੇ ਰੂ-ਬ-ਰੂ ਹੋਣ ਦਾ ਵੇਲਾ, ਆਤਮਾ ਜਾਗਦੀ ਹੈ, ਚੇਤਨਾ ਪ੍ਰਚੰਡ ਹੁੰਦੀ ਹੈ। ਮਨੁੱਖ ਆਪਣੇ ਆਪ 'ਤੇ ਪ੍ਰਸ਼ਨ ਕਰਦਾ ਹੈ ਤੇ ਉਤਰ ਢੂੰਡਦਾ ਹੈ।

ਮੈਂ ਸੁਬ੍ਹਾ ਚਾਰ ਵਜੇ ਉੱਠ ਜਾਂਦਾ ਹਾਂ। ਆਦਤ ਜਿਹੀ ਬਣ ਗਈ ਏ। ਬਾਹਰ ਵਿਹੜੇ ਵਿਚ ਆਉਂਦਾ ਹਾਂ, ਨੀਝ ਲਾ ਕੇ ਆਕਾਸ਼ ਨੂੰ ਨਿਹਾਰਦਾ ਹਾਂ, ਲਿਸ਼ ਲਿਸ਼ ਕਰਦੇ ਤਾਰਿਆਂ ਨੂੰ ਮੁਖਾਤਿਬ ਹੁੰਦਾ ਹਾਂ:

ਮੈਂ ਕਿਸ ਤਾਰੇ ਤੋਂ ਆਇਆ ਹਾਂ ?<br>
ਕਿਸ ਤਾਰੇ ਤੇ ਟੁਰ ਜਾਣਾ ਹੈ ?<br>
ਹੇ ਰਾਮ ਜੀ,<br>
ਕਿਥੇ ਮੇਰਾ ਅਸਲ ਟਿਕਾਣਾ ਹੈ ?

ਕਦੇ ਅਹਿਸਾਸ ਦੀ ਨਜ਼ਰ ਨਾਲ ਨੀਲੇ ਦਿਸਦੇ ਆਕਾਸ਼ ਤੋਂ ਪਾਰ ਹੋ ਜਾਂਦਾ ਹਾਂ। ਅਥਾਹ ਅਮੁੱਕ ਦੂਰੀਆਂ ਗਾਹੁੰਦਾ ਹਾਂ ਤੇ ਸੋਚਦਾ ਹਾਂ-ਇਸ ਵਿਰਾਟ ਬ੍ਰਹਿਮੰਡ ਵਿਚ ਮੈਂ ਕਿਥੇ ਹਾਂ ?

ਅੱਜ ਵੀ ਅੰਮ੍ਰਿਤ ਵੇਲੇ ਇਸ ਵਿਹੜੇ ਵਿਚ ਆਣ ਖੜਾ ਹੋਇਆ ਹਾਂ। ਦੂਰ ਕਿਤੇ ਕਿਸੇ ਨੇ ਸ਼ਾਇਦ ਕੈਸਿਟ ਲਗਾ ਰਖੀ ਹੈ। ਇਕ ਦਰਦ ਰੰਝਾਣੀਂ ਆਵਾਜ਼ ਮਾਹੌਲ ਵਿਚ ਘੁਲ ਰਹੀ ਹੈ: 'ਸਾਰੀ ਉਮਰ ਗੁਵਾ ਲਈ ਨੀ, ਜਿੰਦੜੀਏ ਤੂੰ ਕੀ ਜਹਾਨ ਵਿਚੋਂ ਖੱਟਿਆ ?'

ਦੱਸ ਕੀ ਖੱਟਿਆ ਹੈ ਤੂੰ ? ਮੈਂ ਆਪਣੇ ਆਪ 'ਤੇ ਸਵਾਲ ਕਰਦਾ ਹਾਂ।

ਖੱਟਿਆ ?

ਖੱਟਿਆ ਤੇ ਮੈਂ ਬਹੁਤ ਕੁਝ ਹੈ। ਇਕ ਗੁਮਨਾਮ ਜਿਹੇ ਪਿੰਡ ਵਿਚ ਪੈਦਾ ਹੋਇਆ ਸਾਂ ਜਿਸ ਦੀਆਂ ਗਲੀਆਂ ਵਿਚ ਅਗਿਆਨਤਾ ਤੇ ਅਨਪੜ੍ਹਤਾ ਦਾ ਬੋਲ ਬਾਲਾ ਸੀ। ਉਸ ਮਾਹੌਲ ਵਿਚ ਹੀ ਮੈਂ ਜੁਆਨ ਹੋਇਆ। ਫੌਜ ਦੀ ਨੌਕਰੀ ਕੀਤੀ। ਦੇਸ਼ ਦਾ ਚੱਪਾ ਚੱਪਾ ਵੇਖਣ ਨੂੰ ਮਿਲਿਆ।

ਅਹੁਦੇ ਲਏ, ਕਪਤਾਨੀ ਰੈਂਕ ਦੀ ਪੈਨਸ਼ਨ ਲਈ। ਨੌਕਰ ਹੋਣ ਦਾ ਸਦਕਾ ਸੋਹਣੀ ਸੁਚੱਜੀ ਕੁੜੀ ਨਾਲ ਵਿਆਹ ਹੋਇਆ। ਜਿਸ ਮੈਨੂੰ ਤਿੰਨ ਸਿਹਤਮੰਦ ਬੱਚੇ ਦਿੱਤੇ, ਪਿਆਰੇ ਤੇ ਹੋਣਹਾਰ। ਤਿੰਨੇ ਵਧੀਆ ਥਾਵਾਂ 'ਤੇ ਸਥਾਪਤ ਹਨ। ਵਿਆਹੇ ਵਰ੍ਹੇ ਗਏ ਹਨ। ਮੈਂ ਦੋਹਤਿਆਂ, ਪੋਤਿਆਂ ਦਾ ਪਿਆਰ ਮਾਣ ਰਿਹਾ ਹਾਂ।

ਮੇਰੀ ਮਾਂ ਬੋਲੀ ਪੰਜਾਬੀ ਨੇ ਮੈਨੂੰ ਗਲ ਨਾਲ ਲਾਇਆ। ਮੈਂ ਕਲਮ ਫੜੀ, ਆਪਣੇ ਜਜ਼ਬਿਆਂ ਨੂੰ ਜ਼ਬਾਨ ਦਿੱਤੀ। ਕਵਿਤਾ ਲਿਖੀ, ਕਹਾਣੀ ਕਲਾ ਵਿਚ ਨਾਂ

ਹੋਇਆ। ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਇਆ। ਮੈਂ ਸੁਖ ਦੀ ਜ਼ਿੰਦਗੀ ਭੋਗ ਰਿਹਾ ਹਾਂ। ਖੱਟਣਾ ਹੋਰ ਕੀ ਹੁੰਦਾ ਹੈ? ਸੁਆਹ...ਕੀ ਖੱਟ ਬੈਠਾ ਏਂ ਤੂੰ? ਅੰਦਰ ਇਕ ਦਰਦ ਉਸਲਵੱਟੇ ਲੈ ਰਿਹਾ ਹੈ। ਤੇਰੇ ਵਿਚ ਹੋਰ ਵੀ ਉੱਠ ਖੜਨ ਦੀ ਸੰਭਾਵਨਾਵਾਂ ਸਨ। ਤੇਰੇ ਤੋਂ ਕੁਝ ਨਾ ਸਰਿਆ। ਜਿਨ੍ਹਾਂ ਤੇਰੇ ਨਾਲ ਹੀ ਸਾਹਿਤ ਦੇ ਮੈਦਾਨ ਵਿਚ ਪੈਰ ਧਰਿਆ ਸੀ ਅੱਜ ਉਹ ਰਾਜ ਸਭਾ ਦੇ ਮੈਂਬਰ ਬਣੇ ਫਿਰਦੇ ਹਨ। ਸਾਹਿਤ ਸ਼੍ਰੋਮਣੀ ਅਤੇ ਸਰਬ ਸ਼੍ਰੇਸ਼ਟ ਸਾਹਿਤਕਾਰ ਅਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਇਨਾਮਾਂ ਨਾਲ ਨਿਵਾਜੇ ਗਏ ਹਨ। ਇਸ ਮੈਦਾਨ 'ਚ ਤੂੰ ਕੀ ਖੱਟ ਲਿਆਇਆ ਹੈਂ?

ਮਨ ਵਿਚ ਕਿਤੇ ਈਰਖਾ ਦੀ ਚਿੰਗਾਰੀ ਧੁਖ ਰਹੀ ਸੀ। ਬੇਚੈਨ ਹੈ ਮਨ ਚਾਹੁੰਦਾ ਤਾਂ ਮੈਂ ਵੀ ਇਹ ਸਭ ਕੁੱਝ ਹਾਸਲ ਕਰ ਸਕਦਾ ਸਾਂ। ਬੱਸ ਇਕ ਆਤਮਾ ਨਾਲ ਸਮਝੌਤਾ ਕਰਨ ਦੀ ਹੀ ਲੋੜ ਸੀ। ਮੇਰੇ ਗੁਣਗਾਨ ਕਰਨ ਵਾਲੀ ਇਕ ਲਾਬੀ ਮੈਂ ਵੀ ਇਕੱਠੀ ਕਰ ਸਕਦਾ ਸਾਂ। ਪਰ ਹਾਏ ਨੀ ਖੁਦਦਾਰੀ, ਮੇਰੀ ਖੁਦੀ ਮੈਨੂੰ ਲੈ ਬੈਠੀ। ਮੈਂ ਕਿਤੇ ਵੀ ਨਾ ਪੁੱਜ ਸਕਿਆ।

ਇਹ ਕਿਹੋ ਜਿਹੇ ਵਿਚਾਰ ਹਨ! ਢਾਹੂ ਤੇ ਨਿਰਾਸ਼ਾ ਭਰੇ? ਮੈਂ ਚੰਗਾ ਭਲਾ ਚੜ੍ਹਦੀ ਕਲਾ 'ਚ ਵਿਚਰਦਾ ਢਾਹੂ ਰੁਚੀਆਂ ਦਾ ਸਵਾਮੀ ਕਿਵੇਂ ਬਣ ਜਾਂਦਾ ਹਾਂ।

ਦਰਅਸਲ ਜ਼ਿੰਦਗੀ ਦੋ-ਮੂੰਹੀ ਹੈ। ਪੱਖ ਹਨ ਇਸ ਦੇ-ਇਕ ਉਜਾਲਾ, ਇਕ ਹਨ੍ਹੇਰਾ। ਇਕ ਪਾਸੇ ਜਨਮ ਹੈ ਤਾਂ ਦੂਜੇ ਪਾਸੇ ਮ੍ਰਿਤੂ। ਸੁੱਖ ਨਾਲ ਦੁੱਖ ਨੱਥੀ ਹੋਇਆ ਪਿਆ ਹੈ। ਦਿਨ ਹੈ ਤਾਂ ਰਾਤ ਵੀ ਨਾਲ ਹੀ ਹੈ। ਕੰਧ ਘੜੀ ਦੇ ਪੈਂਡਲੁਮ ਵਾਂਗ ਜ਼ਿੰਦਗੀ ਦਾ ਪੈਂਡਲੁਮ ਵੀ ਦੋ ਸਿਰਿਆਂ ਦਾ ਫਾਸਲਾ ਤੈਅ ਕਰਦਾ ਰਹਿੰਦਾ ਹੈ। ਏਧਰੋਂ ਉਧਰ, ਉਧਰੋ ਇਧਰ, ਸਫਰ ਜਾਰੀ ਹੈ। ਲਗਾਤਾਰ ਜਾਰੀ ਹੈ। ਸਫਲਤਾ ਅਤੇ ਅਸਫ਼ਲਤਾ ਦੇ ਸਿਰਿਆਂ ਵਿਚਕਾਰਲਾ ਸਫਰ ਹੀ ਭਟਕਣਾ ਹੈ, ਤਣਾਅ ਹੈ। ਇਨ੍ਹਾਂ ਦੁਹਾਂ ਸਿਰਿਆਂ ਦੇ ਠੀਕ ਅੱਧ ਵਿਚ ਇਕ ਨੁਕਤਾ ਹੈ, 'ਸਬਰ ਸੰਤੋਖ' ਦਾ, ਜਿਸ ਬਾਰੇ ਕਿਹਾ ਗਿਆ ਹੈ-'ਬਿਨ ਸੰਤੋਖ ਨਾ ਕੋਊ ਰਾਜੇ।'

ਜਿਸ ਸਬਰ ਸੰਤੋਖ ਨਹੀਂ ਖੱਟਿਆ, ਜ਼ਿੰਦਗੀ ਵਿਚ ਉਸ ਕੁਝ ਵੀ ਨਹੀਂ ਖੱਟਿਆ। ਅਜਿਹੇ ਮਨੁੱਖ ਨੂੰ ਹੀ ਉਸ ਦੀ ਅੰਤਰ ਆਤਮਾ ਸੰਬੋਧਿਤ ਹੁੰਦੀ ਹੈ:

ਸਾਰੀ ਉਮਰ ਗੁਆ ਲਈ ਨੀ, ਜਿੰਦੜੀਏ ਤੂੰ ਕੀ ਜਹਾਨ ਵਿਚੋਂ ਖੱਟਿਆ?

ਤੇ ਮੇਰਾ ਦੁਖਾਂਤ ਸ਼ਾਇਦ ਇਹੀ ਹੈ ਕਿ ਮੈਂ ਗਿਆਨਵਾਨ ਹੁੰਦਾ ਹੋਇਆ ਵੀ ਇਸ ਸਬਰ ਸੰਤੋਖ ਦੀ ਦਾਤ ਤੋਂ ਵਿਹੂਣਾ ਹਾਂ।

●

# ਹੁਕਮ ਰਜਾਈ ਚਲਣਾ ॥

ਮਨੁੱਖ ਏਨਾ ਅਧੀਰ ਕਿਉਂ ਹੈ? ਏਨਾ ਬੇਚੈਨ? ਕੇਵਲ ਭਟਕਣਾ ਹੀ ਕਿਉਂ ਇਸ ਦੀ ਤਕਦੀਰ ਬਣ ਕੇ ਰਹਿ ਗਈ ਹੈ? ਹਰ ਵੇਲੇ ਦਾ ਸਹਿਮ? ਲਗਾਤਾਰ ਇਕ ਬੇ-ਨਕਸ਼ ਭੈਅ ਦਾ ਸਾਇਆ ਮਨੁੱਖ ਦਾ ਪਿੱਛਾ ਕਰਦਾ ਰਹਿੰਦਾ ਹੈ।

ਇਹ ਕਿਹੋ ਜਿਹੀ ਜਿੰਦਗੀ ਹੈ?

ਸਰਸਰੀ ਨਜ਼ਰੇ ਵੇਖਿਆ ਇਸ ਦੇ ਕਈ ਕਾਰਨ ਹੋ ਸਕਦੇ ਹਨ-ਪਰਸਿਥਤੀਆਂ ਉਤੇ ਮਨੁੱਖ ਦਾ ਵੱਸ ਨਾ ਹੋਣਾ। ਉਹ ਸੋਚਦਾ ਕੁਝ ਹੋਰ ਹੈ ਹੋ ਕੁਝ ਹੋਰ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ 'ਚ ਪੱਲੇ ਪਈਆਂ ਅਸਫ਼ਲਤਾਵਾਂ, ਅਨਿਸਚਿਤ ਅਸੁਰੱਖਿਆ ਭਾਵਨਾ, ਰੋਜ਼ਗਾਰ ਦੇ ਗਮ, ਬੱਚਿਆ ਦੇ ਭਵਿੱਖ ਪ੍ਰਤੀ ਚਿੰਤਾ ਤੇ ਐਸੇ ਅਨੇਕ ਹੋਰ ਕਾਰਨ ਗਿਣਾਏ ਜਾ ਸਕਦੇ ਹਨ। ਪਰ ਮਨੋਵਿਗਿਆਨੀਆਂ ਦੀ ਖੋਜ ਅਨੁਸਾਰ ਇਸ ਦਾ ਕਾਰਨ ਬੜਾ ਗਹਿਰਾ ਹੈ। ਤੇ ਜਿੰਨਾ ਚਿਰ ਬੰਦਾ 'ਨਿਰਭਉ' ਨਹੀਂ ਹੋ ਜਾਂਦਾ, ਸਹਿਮ ਦੇ ਇਸ ਲੋਹਾ ਜਾਲ ਤੋਂ ਉਸ ਦਾ ਛੁਟਕਾਰਾ ਨਹੀਂ ਹੋ ਸਕਦਾ।

ਮਨੋਵਿਗਿਆਨੀ ਦੱਸਦਾ ਹੈ ਬੱਚਾ ਮਾਂ ਦੇ ਗਰਭ ਵਿਚ ਹੈ, ਪੂਰਨ ਤੌਰ ਤੇ ਸੁਰੱਖਿਅਤ, ਆਪਣੀ ਜੀਵਨ ਦਾਤੀ ਨਾਲ ਜੁੜਿਆ ਹੋਇਆ। ਮਾਂ ਖਾਂਦੀ ਪੀਂਦੀ ਹੈ ਤਾਂ ਜੀਵਨ ਊਰਜਾ ਬੱਚੇ ਨੂੰ ਵੀ ਮਿਲ ਰਹੀ ਹੈ। ਮਾਂ ਸਾਹ ਲੈਂਦੀ ਹੈ ਤਾਂ ਪ੍ਰਾਣਾ ਦਾ ਸੰਚਾਰ ਬੱਚੇ ਅੰਦਰ ਵੀ ਹੁੰਦਾ ਹੈ। ਉਸ ਲਈ ਜੀਵਨ ਇਕ ਸਹਿਜ ਕਿਰਿਆ ਹੈ। ਕੋਈ ਚਿੰਤਾ ਨਹੀਂ, ਕੋਈ ਭੈਅ ਨਹੀਂ, ਕੋਈ ਮਾਨਸਿਕ ਤਣਾਅ ਨਹੀਂ। ਸਹਿਜ ਅਵਸਥਾ ਵਿਚ ਉਹ ਸਵਰਗ ਭੋਗ ਰਿਹਾ ਹੈ। ਜੀਵਨ ਦੀ ਹਰ ਲੋੜ ਆਪਣੇ ਆਪ ਪੂਰੀ ਹੋ ਰਹੀ ਹੈ। ਅਗਲੇ ਛਿਣ ਕੀ ਵਾਪਰਨ ਵਾਲਾ ਹੈ ਉਹ ਇਹ ਵੀ ਨਹੀਂ ਜਾਣਦਾ। ਪੂਰਨ ਰੂਪ ਵਿਚ ਨਿਸ਼ਚਿੰਤ ਹੈ ਉਹ।

ਤੇ ਫਿਰ ਉਹ ਘਟਨਾ ਵਾਪਰਦੀ ਹੈ ਜਿਸ ਦਾ ਚਿਤ ਚੇਤਾ ਵੀ ਨਹੀਂ ਸੀ ਉਸ ਨੂੰ। ਉਹ ਦੇ ਗਰਭ ਚੋਂ ਬਾਹਰ ਆਉਂਦਾ ਹੈ। ਖੁਲ੍ਹੇ ਆਕਾਸ਼ ਹੇਠਾਂ ਪਹਿਲਾਂ ਸਾਹ ਤੇ ਅਸੀਂ ਫਟਾ ਫਟ ਉਸਦਾ ਨਾੜੂ ਕੱਟ ਦਿੰਦੇ ਹਾਂ। ਉਹ ਆਪਣੇ ਸਰੋਤ ਨਾਲੋਂ ਟੁੱਟਦਾ ਹੈ।

ਨੰਨੀ ਜਾਨ ਲਈ ਇਹ ਇਕ ਕਰੂਰਤਾ ਭਰਿਆ ਅਸਹਿ ਝਟਕਾ ਹੈ। ਉਸ ਨੂੰ ਧੱਕਾ ਦੇ ਕੇ ਅਦਨ ਦੇ ਬਾਗੋਂ ਇਸ ਧਰਤੀ ਉਤੇ ਸੁਟਿਆ ਗਿਆ ਹੈ। ਇਸ ਅਣਕਿਆਸ ਤੇ ਅਚਾਨਕ ਵਾਪਰੇ ਹਾਦਸੇ ਨਾਲ ਉਸਦੇ ਕੋਮਲ ਕੁਆਰੇ ਮਨ ਦੀ ਧਰਤੀ ਵਿਚ ਸਹਿਮ ਦਾ ਬੀਜ ਅੰਕੁਰ ਮਾਰਦਾ ਹੈ। ਅਸੁਰੱਖਿਆ ਦੀ ਭਾਵਨਾ ਪਨਪਦੀ ਹੈ। ਤੇ ਫਿਰ ਇਹ ਅੰਕੁਰ ਉਮਰ ਭਰ ਉਹ ਮਾਨਸਿਕ ਤਲ ਉਤੇ ਵਧਦਾ ਫੈਲਦਾ ਰਹਿੰਦਾ ਹੈ। ਇਸ ਸਹਿਮ ਵੇਲ ਨੂੰ ਚਿੰਤਾ, ਵਹਿਮ, ਅਨਿਸਚਤਾ, ਦੋ-ਚਿੱਤੀ ਤੇ ਢਹਿੰਦੀਆਂ ਸੋਚਾਂ ਦੇ ਕੌੜੇ ਫਲ ਲਗਦੇ ਰਹਿੰਦੇ ਹਨ।

ਰੋਜ਼ਾਨਾ ਜ਼ਿੰਦਗੀ ਦੇ ਵਰਤਾਰੇ ਵਿਚ ਇਹ ਵੇਖਿਆ ਗਿਆ ਹੈ ਕਿ ਮਨੁੱਖ ਆਪਣੇ ਨਾਲ ਤਕੜੇ ਕਿਸੇ ਹੋਰ ਮਨੁੱਖ ਦਾ ਆਸਰਾ ਭਾਲਦਾ ਰਹਿੰਦਾ ਹੈ, ਤਾਂ ਕਿ ਕਿਸੇ ਭੀੜ ਬਣੀ ਤੇ ਉਹ ਉਸ ਦੇ ਕੰਮ ਆ ਸਕੇ।

ਪਰ ਅਜਿਹਾ ਹੁੰਦਾ ਨਹੀਂ, ਕਿਉਂ ਕਿ ਤਕੜੇ ਤੋਂ ਤਕੜੇ ਮਨੁੱਖ ਵੀ 'ਨਿਰਭਉ' ਨਹੀਂ ਹੁੰਦਾ। ਉਹ ਆਪ ਕਿਸੇ ਹੋਰ ਵਡੇਰੇ ਤੇ ਤਕੜੇ ਆਸਰੇ ਦੀ ਤਲਾਸ਼ ਵਿਚ ਹੁੰਦਾ ਹੈ।

ਤੇ ਇੰਜ ਗੱਲ ਜਾ ਕੇ ਉਸ ਨਿਰਭਉ 'ਤੇ ਹੀ ਮੁਕਦੀ ਹੈ, ਜਿਸ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਕੀਤਾ ਹੈ। ਇਹ ਇਕ ਮਹਾਨ ਵਿਗਿਆਨਕ ਸਚਾਈ ਹੈ ਕਿ ਭੈਅ ਦਾ ਅੰਤ ਨਿਰਭਉ ਦੀ ਸ਼ਰਨ ਵਿਚ ਆ ਕੇ ਆਪ ਨਿਰਭਉ ਹੋ ਜਾਣ ਨਾਲ ਹੀ ਹੁੰਦਾ ਹੈ।

ਤੇ ਇਸ ਸ਼ਰਨ ਆਉਣ ਦੀਆਂ ਬਸ ਦੋ ਹੀ ਸ਼ਰਤਾਂ ਹਨ-ਆਪਣੀਂ ਹਉਂ ਦਾ ਪੂਰਨ ਰੂਪ ਵਿਚ ਸਮਰਪਣ ਤੇ ਉਸ ਦੀ ਰਜ਼ਾ ਸਰਵ-ਉੱਚ ਮੰਨ ਲੈਣਾ।

ਜੋ ਕੁਝ ਵੀ ਹੋ ਰਿਹਾ ਹੈ, ਉਸਦੇ ਹੁਕਮ ਹੋ ਰਿਹਾ ਹੈ ਤੇ ਸਭ ਠੀਕ ਹੋ ਰਿਹਾ ਹੈ।

.....ਤੇ ਜਦੋਂ ਸਭ ਠੀਕ ਹੋ ਰਿਹਾ ਹੈ ਤਾਂ ਚਿੰਤਾ ਕਾਹਦੀ ? ਭੈਅ ਕਾਹਦਾ ?

●

# ''ਪੂਰਨ ਸੁੰਦਰਤਾ ਦੀ ਭਾਲ ਵਿਚ''

'ਪ੍ਰੀਤ ਲੜੀ' ਦਾ ਅਗਸਤ ਅੰਕ ਮਿਲਿਆ। ਤਤਕਰੇ ਵਾਲੇ ਪੰਨੇ ਉਤੇ ਲਿਖਿਆ ਪੜ੍ਹਿਆ ਹੈ-'ਪੂਰਨ ਸੁੰਦਰਤਾ ਦੀ ਭਾਲ ਵਿਚ।' ਇਹ ਪੂਰਨ ਸੁੰਦਰਤਾ ਕੀ ਸ਼ੈਅ ਹੈ? ਕਿਸ ਹੱਟੀ ਤੋਂ ਮਿਲਦੀ ਹੈ? ਕੋਈ ਨਾ ਜਾਣੇਂ! ਇਸ ਪੂਰਨ ਸੁੰਦਰਤਾ ਦੀ ਭਾਲ ਵਿਚ ਹੀ ਮੈਂ ਉਮਰਾ ਵਿਹਾ ਦਿੱਤੀ ਹੈ। ਕੁਝ ਅਨੁਭਵ ਸਾਂਝੇ ਕਰਨ ਦੀ ਇਜ਼ਾਜਤ?

ਮੇਰੀ ਉਮਰ ਚੌਦਾ ਕੁ ਸਾਲਾਂ ਦੀ ਸੀ। ਪੱਕਾ ਯਾਦ ਨਹੀਂ ਸ਼ਾਇਦ ਸੱਤਵੀਂ ਜਾਂ ਅੱਠਵੀਂ ਵਿਚ ਪੜ੍ਹਦਾ ਸਾਂ। ਇਹ ਉੱਨੀ ਸੌ ਛੱਤੀ ਸੈਂਤੀ ਦੇ ਦਿਨ ਸਨ। ਅਸੀਂ ਜੰਮੂ ਸ਼ਹਿਰ ਰਹਿੰਦੇ ਸਾਂ। ਇਹ ਅੱਜ ਵਾਲਾ ਜੰਮੂ ਨਹੀਂ। ਅੱਜ ਦਾ ਜੰਮੂ ਇਕ ਮਹਾਂ ਨਗਰ ਬਣ ਚੁੱਕਾ ਹੈ। ਮਹਾਂਨਗਰਾਂ ਵਿਚ ਵਸਦੇ ਲੋਕਾਂ ਦਾ ਮਸ਼ੀਨੀ ਕਰਨ ਹੋ ਚੁੱਕਾ ਹੈ। ਇਹ ਲੋਕ ਕੁਦਰਤ ਲਾਲੋਂ ਟੁੱਟ ਚੁੱਕੇ ਹਨ। ਸ਼ੋਰ ਸ਼ਰਾਬੇ ਤੇ ਧੂੰਏ ਨੇ ਇਨ੍ਹਾਂ ਲੋਕਾਂ ਦੀ ਕੋਮਲਤਾ ਨੂੰ ਖਾ ਲਿਆ ਹੈ। ਇਹਨਾਂ ਦੇ ਜੀਵਨ ਵਿਚ ਸੁੰਦਰਤਾ ਬੋਧ ਤਕਰੀਬਨ ਤਕਰੀਬਨ ਮਰ ਚੁੱਕਾ ਹੈ।

ਛੱਤੀ ਸੈਂਤੀ ਵਿਚ ਜੰਮੂ ਗੁੰਮਟ ਤੋਂ ਸ਼ੁਰੂ ਹੁੰਦਾ ਸੀ। ਪੰਜ ਸੱਤ ਨਿੱਕੇ ਨਿੱਕੇ ਬਾਜ਼ਾਰ, ਏਨੇ ਕੁ ਹੀ ਮੁਹੱਲੇ। ਉੱਚੀ ਪਹਾੜੀ 'ਤੇ ਵੱਸਿਆ, ਕੁਦਰਤ ਦੀ ਗੋਦ ਦਾ ਨਿੱਘ ਮਾਣਦਾ ਜੰਮੂ। ਜਿਸ ਦੀ ਸੁੰਦਰਤਾ ਨੂੰ ਚਾਰ ਚੰਨ ਲਾਣ ਲਈ ਤਵੀ ਨਦੀ ਇਹਦੇ ਨਾਲੋਂ ਖਹਿ ਕੇ ਲੰਘਦੀ ਸੀ, ਸ਼ਾਂਤ ਮਸਤ ਅਤੇ ਆਪਣੀ ਮਟਕ ਤੋਰੇ ਵਹਿੰਦੀ। ਨਦੀ ਤੇ ਅੱਜ ਵੀ ਵਹਿੰਦੀ ਹੈ। ਪਰ ਉਹ ਗੱਲ ਕਿੱਥੇ? ਕੌਣ ਵੇਹਦਾ ਹੈ ਇਸ ਵੱਲ?

ਸਾਡਾ ਘਰ 'ਪੱਕਾ ਡੰਗਾ' ਮੁਹੱਲੇ ਵਿਚ ਸੀ। ਮੈਂ ਹਰੀ ਸਿੰਘ ਹਾਈ ਸਕੂਲ ਵਿਚ ਪੜ੍ਹਦਾ ਸਾਂ ਜੋ ਅੱਜ ਤਵੀ ਦੇ ਕੰਢੇ ਪੰਜੇ ਪਾਂਡੂਆਂ ਦੀ ਗੁਫ਼ਾ ਦੇ ਉਤਲੇ ਪਾਸੇ ਚਲ ਰਿਹਾ ਹੈ। ਸਕੂਲੇ ਜਾਣ ਲਈ ਪਹਿਲਾਂ ਮੈਂ ਇਕ ਨਿੱਕੀ ਜਿਹੀ ਗਲੀ ਵਿਚੋਂ ਦੀ ਲੰਘ ਕੇ ਭਾਂਬੜਿਆਂ ਦਾ ਬਾਜ਼ਾਰ ਕਰਾਸ ਕਰਦਾ ਸਾਂ। ਫਿਰ ਇਕ ਹੋਰ ਗਲੀ ਵਿਚ ਪੰਦਰਾਂ ਵੀਹ ਕਦਮ ਟੁਰ ਕੇ ਖੱਬੇ ਹੱਥ ਮੁੜ ਕੇ ਤੇ ਇਕ ਮੋੜ ਜਿਹਾ ਕੱਟ ਕੇ 'ਪੱਲੀ ਢੱਕੀ' ਦੇ ਢਾਲਵੇਂ ਤੰਗ ਰਸਤੇ ਤੋਂ ਦੀ ਹੋ ਕੇ ਸਕੂਲੇ ਅਪੜਦਾ ਸਾਂ। ਗਲੀ ਦੇ ਮੋੜ ਉਤੇ ਹੀ ਇਕ ਪੁਰਾਣੀ ਭਵਨ ਕਲਾ ਦਾ ਬਣਿਆ ਮਕਾਨ ਸੀ, ਜੋ ਅੱਜ ਵੀ ਹੈ। ਤੇ ਜਿਸਦਾ ਬਾਹਰਲਾ ਬੂਹਾ ਗਲੀ ਵਿਚੋਂ ਹੀ ਖੁਲਦਾ ਹੈ। ਨਿੱਤ ਵਾਂਗ ਹੀ ਭਾਂਬੜਿਆਂ ਦੇ ਬਾਜ਼ਾਰ ਵਿਚੋਂ ਦੀ ਲੰਘ ਜਾ ਸਾਹਮਣੀ ਗਲੀ ਵਿਚ ਦਾਖ਼ਿਲ ਹੋਇਆ ਤਾਂ ਸਹਿਵਨ ਹੀ ਨਜ਼ਰ ਸਾਹਮਣੇ ਮਕਾਨ ਵੱਲ ਉਠ ਗਈ। ਦਰਵਾਜ਼ੇ ਅੱਗੇ ਇਕ ਅਤਿ ਹੁਸੀਨ ਔਰਤ ਖੜੀ ਸੀ। ਸ਼ਾਇਦ ਦੁਨੀਆਂ ਦੀ ਸਭ ਤੋਂ ਵੱਧ ਸੁੰਦਰ ਔਰਤ। ਮੇਰੇ ਸਿਰ ਤੋਂ ਪੈਰਾਂ ਤੱਕ ਸੇਕ ਦੀ ਇਕ ਲਹਿਰ ਜਿਹੀ ਲੰਘ ਗਈ, ਜਿਵੇਂ ਬਿਜਲੀ ਲਿਸ਼ਕ ਗਈ ਹੋਵੇ। ਇਕ ਝਰਨਾਹਟ ਜਿਹੀ ਅੰਦਰ ਛਿੜ ਗਈ, ਜਿਵੇਂ ਮੇਰੀ ਮਨਵੀਣਾਂ ਦੇ ਤਾਰਾਂ ਨੂੰ ਕਿਸੇ ਛੇੜ ਦਿੱਤਾ ਹੋਵੇ। ਮੈਂ ਮੋਹਿਆ ਗਿਆ। ਮੇਰੇ ਅੰਦਰ ਜਿਵੇਂ ਵੰਨ-ਸੁਵੰਨੇ ਸਾਜ਼ਾਂ ਦਾ ਆਰਕੈਸਟਰਾ ਸੰਗੀਤ ਦਾ ਸੰਚਾਰ ਕਰ ਰਿਹਾ

ਹੋਵੇ। ਧੱਕ ਧੱਕ ਵਜਦੇ ਦਿਲ ਨਾਲ ਮੈਂ ਉਹਦੇ ਕੋਲੋਂ ਦੀ ਲੰਘਿਆ। ਲੱਗਾ ਕੁਝ ਪਿੱਛੇ ਛੱਡ ਚੱਲਿਆ ਹਾਂ। ਇਕ ਸਹਿਮ, ਇਕ ਖੋਹ ਜਿਹੀ ਇਕ ਬੇਚੈਨੀ, ਇਕ ਭਟਕਣ ਨੂੰ ਸਦਾ ਲਈ ਆਪਣਾ ਨਸੀਬ ਬਣਾ ਕੇ ਮੈਂ ਸਕੂਲ ਜਾ ਵੜਿਆ।

ਮੇਰੇ ਮਨ ਦੀ ਧਰਤੀ 'ਤੇ ਸੁੰਦਰਤਾ-ਬੋਧ ਦਾ ਪਿਆ ਇਹ ਪਹਿਲਾਂ ਲਿਸ਼ਕਾਰਾ ਸੀ। ਮੇਰੇ ਅੰਦਰ ਸੁੰਦਰਤਾ ਲਈ ਇਕ ਭੁੱਖ ਪੈਦਾ ਹੋਈ, ਇਕ ਵਿਆਕੁਲਤਾ ਭਰੀ ਲਗਨ। ਇਕ ਤਲਾਸ਼, ਜਿਸਨੇ ਉਮਰ ਭਰ ਦਾ ਸਾਥ ਦਿੱਤਾ ਹੈ, ਤੇ ਇਹ ਅੱਜ ਵੀ ਜਾਰੀ ਹੈ।

ਸਮਾਂ ਲੰਘਦਾ ਰਿਹਾ, ਮੈਂ ਜਵਾਨ ਹੋਇਆ। ਇਸ਼ਕ ਮੁਹੱਬਤ ਆਪਣੀ ਥਾਂ ਤੇ ਰੁਜ਼ਗਾਰ ਦੇ ਗ਼ਮ ਆਪਣੀ ਥਾਂ। ਫੌਜ ਵਿਚ ਨੌਕਰ ਹੋਇਆ। ਲੰਮੀ ਨੌਕਰੀ ਤੋਂ ਪੈਨਸ਼ਨ ਪਾ ਕੇ ਘਰ ਪਰਤਿਆਂ, ਵਾਹੀ ਕੀਤੀ, ਵਿਆਹ ਹੋਇਆ, ਸੁੰਦਰ ਬੱਚੇ ਹੋਏ। ਵਕਤ ਪਾ ਕੇ ਉਹ ਵੀ ਪੜ੍ਹ ਲਿਖ ਕੇ ਉਡਾਰ ਹੋ ਗਏ। ਸਾਰੇ ਥਾਉਂ ਥਾਈਂ ਹਨ। ਮੈਂ ਜ਼ਿੰਦਗੀ ਦੀ ਪੌੜੀ ਦੇ ਅੱਸੀਂਵੇਂ ਡੰਡੇ 'ਤੇ ਪੈਰ ਧਰ ਲਿਆ ਹੈ। ਇਕ ਸਫ਼ਲ ਜੀਵਨ ਜੀਵਿਆ ਹੈ। ਪੈਨਸ਼ਨ ਮਿਲਦੀ ਹੈ, ਰੋਟੀ ਦੀ ਕੋਈ ਚਿੰਤਾ ਨਹੀਂ। ਜੀਵਨ ਸਾਥਣ ਅਜੇ ਸਾਥ ਨਿਭਾਈ ਜਾ ਰਹੀ ਹੈ। ਬੱਚੇ ਆਗਿਆਕਾਰ ਹਨ। ਫਿਰ ਵੀ.....?

ਫਿਰ ਵੀ ਲਗਦਾ ਹੈ-ਅਪੂਰਨ ਹਾਂ, ਅਧੂਰਾ ਹਾਂ। ਕੋਈ ਸ਼ੈਅ ਹੈ ਜਿਸ ਦੀ ਪ੍ਰਾਪਤੀ ਨਹੀਂ ਹੋਈ। ਮੈਂ ਕਿਸ ਦੀ ਭਾਲ ਵਿਚ ਹਾਂ?

ਇਹ ਤਲਾਸ਼, ਇਹ ਅਪੂਰਨਤਾ, ਇਹ ਅੰਦਰੋਂ ਕੁਝ ਕੁਝ ਖੁਸਦੇ ਜਿਹੇ ਦਾ ਅਹਿਸਾਸ, ਇਹ ਹਰ ਮਨੁੱਖ ਦੀ ਹੋਣੀ ਹੈ। ਇਸ ਕੁਝ ਗੁਆਚ ਗਏ ਦੇ ਅਹਿਸਾਸ ਦੀ ਭਾਲ ਵਿਚ ਹੀ ਮਨੁੱਖ ਬਹੁਤ ਵਾਰ ਅਤੀਤ ਦੀਆਂ ਗਲੀਆਂ ਦਾ ਫੇਰ ਪਾਂਦਾ ਰਹਿੰਦਾ ਹੈ। ਬਹੁਤ ਸਾਰੀਆਂ ਸੁਖਾਵੀਆਂ ਯਾਦਾਂ ਨੂੰ ਮੁੜ ਮੁੜ ਫੋਲਦਾ ਰਹਿੰਦਾ ਹੈ। ਜ਼ਿੰਦਗੀ ਦੀ ਸ਼ਾਹਰਾਹ ਤੇ ਟੁਰਦਿਆਂ ਸੰਪਰਕ ਵਿਚ ਆਏ ਹੁਸੀਨ ਚਿਹਰੇ,

ਹੋਰਨਾਂ ਵਾਂਗ ਮੈਂ ਵੀ ਇਕਾਂਤ ਦੇ ਪਲਾਂ ਵਿਚ ਵੇਖੇ ਮਾਣੇ ਹੁਸੀਨ ਚਿਹਰਿਆਂ ਨਾਲ ਮਨ ਦੀ ਰਾਸ ਰਚਾਂਦਾ ਹਾਂ। ਇਕ ਸੀ, ਜਿਸ ਦੀ ਝਲਕ ਮੈਨੂੰ ਉਦੋਂ ਮਿਲੀ ਜਦੋਂ ਮੈਂ ਚੌਵੀਆਂ ਪੰਝੀਆਂ ਦਾ ਹੋ ਚੁੱਕਾ ਸਾਂ। ਪੂਨੇ ਤੋਂ ਪੰਜਾਬ ਆ ਰਿਹਾ ਸਾਂ। ਜਿਸ ਗੱਡੀ ਮੈਂ ਚੜ੍ਹਿਆ ਸੀ ਉਸੇ ਗੱਡੀ ਦੇ ਜ਼ਨਾਨੇ ਡੱਬੇ ਵਿਚ ਉਹ ਬੈਠੀ ਹੋਈ ਸੀ। ਪਲੇਟਫਾਰਮ ਤੇ ਫਿਰਦਿਆਂ ਉਸ ਤੇ ਮੇਰੀ ਨਜ਼ਰ ਪਈ ਤੇ ਮੈਂ ਮਾਨੋ ਸੀਲ ਪੱਥਰ ਹੋ ਗਿਆ। ਥਾਏਂ ਗੱਡਿਆ ਗਿਆ ਸਾਂ। ਪੂਨੇ ਤੋਂ ਲੈ ਕੇ ਬੰਬਈ ਤੱਕ ਜਿੱਥੇ ਵੀ ਗੱਡੀ ਖਲੋਂਦੀ ਮੈਂ ਉੱਤਰ ਕੇ ਉਹਦੇ ਡੱਬੇ ਅੱਗੇ ਆ ਜਾਂਦਾ ਤੇ ਉਸਦੀ ਸੁੰਦਰਤਾ ਨੂੰ ਨਮਸਕਾਰ ਕਰਕੇ ਮੁੜ ਇਕ ਹਸਰਤ ਭਰੇ ਸੁਆਦ ਜਿਹੇ 'ਚ ਗੜੂੰਦ ਆਪਣੀ ਸੀਟ ਆ ਮਲਦਾ ਸਾਂ। ਬੰਬਈ ਆ ਕੇ ਉਹ ਗੱਡੀਓ ਲਹਿ ਕੇ ਭੀੜ ਵਿਚ ਗੁਆਚ ਗਈ ਸੀ। ਜ਼ਿੰਦਗੀ ਦੇ ਸਫ਼ਰ ਵਿਚ ਇਹੀ ਕੁਝ ਹੋਂਦਾ ਹੈ। ਜਾਣ ਵਾਲੇ ਟੁਰ ਜਾਂਦੇ ਹਨ, ਯਾਦਾਂ ਰਹਿ ਜਾਂਦੀਆਂ ਹਨ। ਪਚਵੰਜਾ ਸਾਲ ਲੰਘ ਗਏ ਹਨ। ਉਸ ਦੇ ਗੋਰੇ ਰੰਗ ਦੇ ਮੁਖੜੇ 'ਤੇ ਵਾਲਾਂ ਨੂੰ ਵਿਚਕਾਰੋਂ ਚੀਰ ਕੱਢ ਕੇ ਤੇ ਥੋੜ੍ਹਾ ਉਤਾਂਹ ਚੁਕ ਕੇ ਉਤੇ ਲਈ ਫ਼ਿਰੋਜ਼ੀ ਰੰਗ ਦੀ ਚੁੰਨੀ ਅਜੇ ਵੀ ਨਜ਼ਰਾਂ 'ਚ ਲਹਿਰਦੀ ਹੈ।

ਇੰਝ ਹੀ ਇਕ ਦੇ ਦਰਸ਼ਨ ਪੈਂਹਠ ਸਾਲ ਦੀ ਉਮਰੇ ਹੋਏ ਸਨ। ਮੈਂ ਗੁਰਧਾਮਾਂ ਦੇ ਦਰਸ਼ਨਾਂ ਲਈ ਗਏ ਜਥੇ ਨਾਲ ਇਕ ਯਾਤਰੂ ਵਜੋਂ ਪਾਕਿਸਤਾਨ ਗਿਆ ਹੋਇਆ ਸਾਂ। ਪੰਜਾ ਸਾਹਿਬ, ਸਰਾਂ ਦੇ ਇਕ ਕਮਰੇ ਵਿਚ ਬੈਠਾ ਸ਼ਾਇਦ ਖਰਚੇ ਦਾ ਕੋਈ ਹਿਸਾਬ ਕਿਤਾਬ ਆਪਣੀ ਜੇਬੀ ਨੋਟ-ਬੁੱਕ ਵਿਚ ਨੋਟ ਕਰ ਰਿਹਾ ਸੀ। ਦਰਵਾਜ਼ੇ 'ਤੇ ਦਸਤਕ

ਹੋਈ।

ਲੰਘ ਆਓ, ਖੁਲ੍ਹਾ ਈ ਏ', ਮੈਂ ਸਹਿਜ ਸੁਭਾਅ ਹੀ ਕਿਹਾ ਸੀ। ਦੂਜੇ ਛਿਣ ਭਿੱਤ ਖੁਲ੍ਹ ਗਏ ਤੇ ਇਕ ਸਰਾਪਾ ਨਾਜ਼, ਹੁਸਨ ਦਾ ਮੁਜਸਮਾਂ, ਸਗਵੀਂ ਸੁੰਦਰਤਾ ਦੀ ਮੂਰਤ ਔਰਤ ਅੰਦਰ ਦਾਖਿਲ ਹੋਈ। ਮੈਂ ਬਸ ਵਿਸਮਾਦਕ ਜਿਹੀ ਅਵਸਥਾ ਵਿਚ ਅਵਾਕ, ਪਾਟੀਆਂ ਪਾਟੀਅਲਾਂ ਨਜ਼ਰਾਂ ਨਾਲ ਉਸ ਵਲ ਵੇਂਹਦਾ ਹੀ ਰਹਿ ਗਿਆ। ਲੱਗਾ ਕਮਰੇ ਵਿਚ ਅਰਸ਼ੋਂ ਨੂਰ ਵਰ੍ਹ ਰਿਹਾ ਹੈ। ਮੇਰੀ ਆਤਮਾ ਸਰੀਰੋਂ ਨਿਕਲ ਰਹੀਆਂ ਕਿਰਨਾਂ ਨਾਲ ਨਹਾਤੀ। ਮੈਂ ਨਿਹਾਲ ਹੋਇਆ।

'ਸਰਦਾਰ ਜੀ ਬਿੰਦੀ, ਕੜਾ ਲਿਆਏ ਓ?' ਉਸਨੇ ਪੁੱਛਿਆ ਸੀ। ਯਾਤਰਾ ਦੀ ਆੜ ਵਿਚ ਬਹੁਤੇ ਯਾਤਰੀ ਏਧਰਲੀਆਂ ਚੀਜ਼ਾਂ ਦੀ ਉਧਰ ਅਤੇ ਉਧਰ ਦੀਆਂ ਚੀਜ਼ਾਂ ਦੀ ਏਧਰ, ਸਮਗਲਿੰਗ ਕਰਦੇ ਹਨ। ਬਿੰਦੀ ਤੇ ਕੜਿਆਂ ਦੀ ਮੰਗ ਪਾਕਿਸਤਾਨੀ ਔਰਤਾਂ ਵਲੋਂ ਆਮ ਹੋਂਦੀ ਹੈ।

'ਨਹੀਂ।'

ਤੇ ਉਹ ਬੁਹਿਉਂ ਬਾਹਰ ਜਾ ਚੁੱਕੀ ਸੀ। ਏਡੀ ਹੁਸੀਨ ਔਰਤ? ਕੀ ਇਹ ਉਹੀ ਨਹੀਂ ਸੀ ਜੋ ਪੰਜਾਹ ਵਰ੍ਹੇ ਪਹਿਲਾਂ ਇਕ ਸੁਲੱਖਣੀ ਘੜੀ ਜੰਮੂ ਸ਼ਹਿਰ ਦੀ ਇਕ ਤੰਗ ਗਲੀ ਵਿਚ ਆਪਣੇ ਘਰ ਦੇ ਬਾਰ ਅੱਗੇ ਖੜ੍ਹੀ ਮੈਨੂੰ ਮਿਲੀ ਸੀ? ਤੇ ਜੋ ਮੇਰੇ ਅੰਦਰ ਅੱਗ ਦੀ ਇਕ ਚਿਣਗ ਸੁੱਟ ਗਈ ਸੀ? ਜੋ ਅੱਜ ਵੀ ਧੁਖ ਰਹੀ ਹੈ?

ਨਹੀਂ ਇਹ ਉਹ ਨਹੀਂ ਸੀ, ਉਹਦੇ ਵਰਗੀ ਜ਼ਰੂਰ ਸੀ। ਮੈਂ ਛੇਤੀ ਨਾਲ ਉਠ ਕੇ ਬਾਹਰ ਆਇਆ। ਦੂਰ ਤੱਕ ਨਜ਼ਰ ਘੁਮਾਈ। ਪਰ ਉਹ ਸਦਾ ਲਈ ਜਾ ਚੁੱਕੀ ਸੀ। ਜਾ ਚੁਕੀ ਸੀ ਕਿ ਮੇਰੇ ਅੰਦਰ ਮਰਦੇ ਦਮ ਤੱਕ ਲਈ ਧੱਸ ਕੇ ਚੌਂਕੜੀ ਮਾਰ ਬੈਠੀ ਸੀ?

ਇੰਝ ਹੋਂਦਾ ਹੈ। ਇੰਝ ਹਰ ਕਿਸੇ ਨਾਲ ਹੋਂਦਾ ਹੈ। ਉਹਦੇ ਆਪਣੇ ਅੰਦਰ ਵਸ ਗਈ ਸੁੰਦਰਤਾ ਦੇ ਝਲਕਾਰੇ ਉਸ ਨੂੰ ਬਾਹਰ ਦਿਸਦੇ ਬੁੱਤਾਂ ਵਿਚੋਂ ਪੈਂਦੇ ਹਨ। ਮਨੁੱਖ ਉਸ ਨੂੰ ਪਾ ਲੈਣ ਲਈ ਧਾਅ ਗਲਵੱਕੜੀ ਪਾਂਦਾ ਹੈ। ਪਰ 'ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ' (ਭਾਈ ਵੀਰ ਸਿੰਘ) ਵਾਲਾ ਹਾਲ ਹੁੰਦਾ ਹੈ। ਏਸੇ ਲਈ ਜਾਹਨ ਗਾਲਜ਼ਰਵਰਦੀ ਨੇ ਕਿਹਾ ਹੈ–'ਸੁੰਦਰਤਾ ਦੇ ਸ਼ੈਦਾਈ ਲਈ ਇਸ ਧਰਤੀ 'ਤੇ ਕਿਤੇ ਵੀ ਸਵਰਗ ਨਹੀਂ ਹੈ'।

ਪੂਰਨਤਾ ਕਿਉਂ ਨਹੀਂ ਮਿਲਦੀ? ਵਿਅਕਤੀ ਤ੍ਰਿਪਤ ਕਿਉਂ ਨਹੀਂ ਹੁੰਦਾ?

ਅਪੂਰਨ ਰਹਿਣ ਦਾ ਕਾਰਨ ਇਹ ਹੈ ਕਿ ਵਿਅਕਤੀ ਦੀ ਤਲਾਸ਼ ਗਲਤ ਪਾਸੇ ਵੱਲ ਹੈ, ਹੋਂਦਾ ਇਹ ਹੈ ਕਿ ਪਹਿਲੀ ਉਮਰੇ ਜਦ ਕਿਸੇ ਸੁੰਦਰ ਚਿਹਰੇ ਦੀ ਸੁੰਦਰਤਾ ਵਿਅਕਤੀ ਅੰਦਰ ਪਰਵੇਸ਼ ਕਰਦੀ ਹੈ, ਤਾਂ ਉਸਦੇ ਹਿਰਦੇ ਉਤੇ ਪਿਆਰ ਦਾ ਪਹਿਲਾ ਠੱਪਾ ਲੱਗਦਾ ਹੈ। ਇਕ ਬਿੰਬ ਸਿਰਜਿਆ ਜਾਂਦਾ ਹੈ। ਮਨ ਦੇ ਕੋਰੇ ਕਾਗ਼ਜ਼ 'ਤੇ ਪਿਆਰ ਦੀ ਲੱਗੀ ਪਹਿਲੀ ਮੋਹਰ। ਮੁੜ ਉਮਰ ਭਰ ਇਸ ਅੰਦਰ ਸਿਰਜੇ ਗਏ ਸੁੰਦਰਤਾ ਬੋਝ ਦੇ ਝਲਕਾਰੇ ਵਿਰੋਧੀ ਲਿੰਗ ਦੇ ਨਕਸ਼ਾਂ ਵਿਚੋਂ ਝਲਕਦੇ ਰਹਿੰਦੇ ਹਨ, ਜਿਸ ਨੂੰ ਪਾ ਲੈਣ ਲਈ ਮਨੁੱਖ ਬਿਹਬਲ ਹੋਇਆ ਰਹਿੰਦਾ ਹੈ। ਬਹੁਤੀ ਵਾਰੀ ਇਹ ਅਪਹੁੰਚ ਰਹਿੰਦਾ ਹੈ। ਕਦੇ ਕਦੇ ਗੁਰ ਪ੍ਰਸਾਦ ਵਾਂਙਣਾ ਮੇਲ ਵੀ ਹੋ ਜਾਂਦਾ ਹੈ ਤਾਂ ਵੀ ਛੇਤੀ ਹੀ ਫਿਰ ਭਟਕਣਾ ਤੀਖਣ ਹੋ ਉੱਠਦੀ ਹੈ। ਕਿਉਂ ਕਿ ਨਕਸ਼ਾਂ ਦਾ ਹੁਸਨ, ਸੁੰਦਰਤਾ ਬੋਧ ਦਾ ਕੇਂਦਰ ਬਿੰਦੂ ਨਹੀਂ ਹੁੰਦਾ।

ਨਕਸ਼ਾਂ ਦੀ ਸੁੰਦਰਤਾ ਦਰਅਸਲ ਮਨੁੱਖੀ ਚਿਹਰੇ ਦੀ ਜਿਉਮੈਟਰੀ ਹੈ। ਚਿਹਰੇ ਦੀ ਲੰਬਾਈ ਹੈ, ਗੁਲਾਈ,ਅੱਖਾਂ ਦਾ ਸ਼ਾਈਜ਼, ਭਰਵੱਟਿਆਂ ਦੀ ਬਨਾਵਟ, ਪਲਕਾਂ,

ਅੱਖਾਂ ਦਾ ਰੰਗ, ਹੋਂਠ, ਦੰਦ, ਨੱਕ, ਇਹਨਾਂ ਵਿਚਲਾ ਅਨੁਪਾਤ ਸਭ ਮਿਲ ਕੇ ਇਕ ਬਿੰਬ ਸਿਰਜਦੇ ਹਨ। ਜਿਨਾਂ ਇਹ ਬਿੰਬ ਵਿਅਕਤੀ ਦੇ ਅੰਦਰ ਸਿਰਜੇ ਬਿੰਬ ਨਾਲ ਮੇਲ ਖਾਂਦਾ ਹੋਵੇਗਾ, ਓਨਾ ਹੀ ਉਹ ਚਿਹਰਾ ਪਿਆਰ ਭੁੱਖੇ ਮਨ ਨੂੰ ਜ਼ਿਆਦਾ ਪਿਆਰਾ ਲੱਗੇਗਾ।

ਸੁੰਦਰਤਾ ਬੋਧ ਦਾ ਕੇਂਦਰ ਬਿੰਦੂ ਮਨੁੱਖ ਦਾ ਆਪਣਾ ਹਿਰਦਾ ਹੈ। ਪ੍ਰੇਮ ਦਾ ਦੀਵਾ ਮਨੁੱਖੀ ਹਿਰਦੇ ਵਿਚ ਹੀ ਲਟ ਲਟ ਕਰ ਕੇ ਬਲਦਾ ਹੈ। ਹਾਂ ਜਦ ਕਦੇ ਵੀ ਇਹ ਲੋਅ ਮੱਧਮ ਪੈਣ ਲੱਗਦੀ ਹੈ, ਬਾਹਰੀ ਹੁਸਨ ਦੀ ਜਲਦੀ ਜੋਤ ਤੋਂ ਇਸ ਨੂੰ ਮੁੜ ਪ੍ਰਜਵਲਤ ਕਰ ਲਿਆ ਜਾਂਦਾ ਹੈ।

ਸਰੀਰਕ ਸੁੰਦਰਤਾ ਬਾਰੇ ਵੀ ਸਾਡੇ ਮਨਾਂ ਅੰਦਰ ਇਕ ਭਰਮ ਜਿਹਾ ਪਲ ਰਿਹਾ ਹੈ-ਹੁਸਨ ਫ਼ਾਨੀ ਹੈ, ਸੁੰਦਰਤਾ ਸਦਾ ਨਹੀਂ ਰਹਿੰਦੀ, ਚਾਰ ਦਿਨ ਦੀ ਚਾਂਦਨੀ ਫਿਰ ਅੰਧੇਰੀ ਰਾਤ, ਆਦਿ। ਵਾਸਤਵ ਵਿਚ ਸਰੀਰਕ ਸੁੰਦਰਤਾ ਫ਼ਾਨੀ ਨਹੀਂ ਅਮਰ ਹੈ। ਹਾਂ ਇਹ ਰੂਪ ਵਟਾਂਦੀ ਰਹਿੰਦੀ ਹੈ। ਇਹ ਵੀ 'ਦੀਪ ਤੋਂ ਦੀਪ ਜਲੇ' ਵਾਲਾ ਹਿਸਾਬ ਹੀ ਹੈ। ਮਾਂ ਤੋਂ ਇਹ ਦਾਤ ਧੀ ਨੂੰ ਮਿਲਦੀ ਹੈ, ਧੀ ਤੋਂ ਉਸ ਦੀ ਧੀ ਨੂੰ। ਇੰਜ ਪੀੜ੍ਹੀ ਦਰ ਪੀੜ੍ਹੀ ਸੁੰਦਰਤਾ ਦੀ ਕਹਾਣੀ ਅੱਗੇ ਤੋਂ ਅੱਗੇ ਟੁਰੀ ਰਹਿੰਦੀ ਹੈ।

ਮਨੁੱਖ ਜਦ ਕਦੇ ਵੀ ਸੁੰਦਰਤਾ ਦੀ ਭਾਲ ਵਿਚ ਆਪਣੇ ਤੋਂ ਬਾਹਰ ਗਿਆ ਹੈ, ਭਟਕਣਾ ਪੱਲੇ ਪਈ ਹੈ। ਜਦ ਕਦੇ ਵੀ ਇਸ ਦੀ ਭਾਲ ਉਸ ਨੇ ਆਪਣੇ ਅੰਦਰ ਕੀਤੀ ਹੈ, ਉਹ ਇਕ ਤਰ੍ਹਾਂ ਦੀ ਟਿਕਾਅ ਦੀ ਅਵਸਥਾ ਵਿਚ ਪੁਜਿਆ ਹੈ, ਤੇ ਪੂਰਨਤਾ ਦੇ ਨੇੜੇ ਹੋਇਆ ਹੈ। ਜਿਨ੍ਹਾਂ ਨੇ ਪੂਰਨਤਾ ਪਾਈ, ਉਹ ਬੁੱਧ ਹੋ ਗਏ, ਕ੍ਰਿਸ਼ਨ ਹੋਏ, ਨਾਨਕ ਕਹਿਲਾਏ।

ਏਨਾ ਕੁਝ ਲਿਖ ਕੇ ਵੀ ਮੈਂ ਪਾਠਕਾਂ ਅੱਗੇ ਸ਼ਰਮਸ਼ਾਰ ਹੋਇਆ ਮਹਿਸੂਸ ਕਰ ਰਿਹਾ ਹਾਂ। ਕਿਉਂ ਕਿ ਮੈਂ ਜੋ ਕਹਿਣਾ ਸੀ, ਕਹਿ ਨਹੀਂ ਸਕਿਆ। ਇਕ ਅੰਸ਼ ਵੀ ਨਹੀਂ ਰਹਿ ਸਕਿਆ।

ਪੂਰਨ ਸੁੰਦਰਤਾ ਇਕ ਅਨੁਭਵ ਹੈ, ਕੋਈ ਵਾਰਤਾ ਨਹੀਂ ਜੋ ਕਹੀ ਜਾ ਸਕੇ।

●

# ਭਲਾ ਕੀ ਰਾਜ਼ ਏ ਵਧੀਆ ਸਿਹਤ ਦਾ?

ਉਮਰ ਪੱਖੋਂ ਮੇਰਾ ਇਸ ਵਕਤ ਇਕ ਘੱਟ ਅੱਸੀਵਾਂ ਸਾਲ ਚੱਲ ਰਿਹਾ ਹੈ। ਵੇਖਣ ਨੂੰ ਮੈਂ ਸੱਠ ਸਾਲ ਪੈਂਹਠ ਤੋਂ ਵੱਧ ਨਹੀਂ ਲਗਦਾ। ਅਕਸਰ ਮੈਥੋਂ ਪੁੱਛਿਆ ਜਾਂਦਾ ਹੈ, 'ਤੁਹਾਡੀ ਵਧੀਆ ਸਿਹਤ ਦਾ ਰਾਜ਼ ਕੀ ਏ?'

ਮੇਰੇ ਕੋਲ ਇਸ ਦਾ ਘੜਿਆ ਘੜਾਇਆ ਜਵਾਬ ਹੈ, ਜੋ ਮੈਂ ਤੁਰੰਤ ਦੇ ਦਿੰਦਾ ਹਾਂ। ਮੇਰੀ ਸਿਹਤ ਦਾ ਰਾਜ਼ ਦੋ ਗੱਲਾਂ ਕਰਕੇ ਹੈ। ਪਹਿਲੀ ਮੈਂ ਆਪਣੇ ਅੰਦਰਲੇ ਸੁਚੇਤ ਪਣ ਨੂੰ ਕਦੇ ਹੀਣਾ ਨਹੀਂ ਹੋਣ ਦਿੱਤਾ। ਮਤਲਬ ਮੈਂ ਪਾਪ ਬੋਝ ਤੋਂ ਬਚਿਆ ਹੋਇਆ ਹਾਂ। ਦੂਜੀ ਗੱਲ ਹੁਸਨ ਭੁੱਖ ਵਲੋਂ ਅਜੇ ਮੇਰੀ ਤ੍ਰਿਸ਼ਨਾ ਕਾਇਮ ਹੈ। ਮੈਂ ਹਰ ਸੋਹਣੀ ਔਰਤ ਨੂੰ ਵੇਖ ਕੇ ਅਜੇ ਮੰਤਰ ਮੁਗਧ ਹੋ ਜਾਂਦਾ ਹਾਂ।

ਪਹਿਲੀ ਗੱਲ ਸਰੋਤੇ ਨੂੰ ਜਚ ਜਾਂਦੀ ਹੈ। ਪਰ ਦੂਜੀ ਗੱਲ 'ਤੇ ਅਗਲੇ ਦੇ ਕੰਨ ਖੜੇ ਹੋ ਜਾਂਦੇ ਹਨ ਤੇ ਉਹ ਮੈਨੂੰ ਹੋਰ ਹੀ ਹੋਰ ਨਜ਼ਰਾਂ ਨਾਲ ਵੇਖਦਾ ਹੈ, ਜਿਵੇਂ ਮੈਂ ਕੋਈ ਬੜੀ ਹੀ ਵਰਜਿਤ ਗੱਲ ਕਰ ਦਿੱਤੀ ਹੋਵੇ, ਅਸ਼ਲੀਲ ਅਤੇ ਭੱਦੀ। ਕਈਆਂ ਨੂੰ ਤਾਂ ਸ਼ਾਇਦ ਮੈਂ ਇਕ ਸਤਿਕਾਰ ਯੋਗ ਬਜ਼ੁਰਗ ਦੀ ਥਾਂ ਹਿਰਸੀ ਬੁੱਢਾ ਹੀ ਨਜ਼ਰ ਆਇਆ ਹੋਵਾਂ?

ਜਿੱਥੋਂ ਤੱਕ ਪਹਿਲੀ ਗੱਲ ਦਾ ਤੁਅਲਕ ਹੈ, ਕੁਦਰਤ ਦੇ ਇਸ ਅਜ਼ੀਮ ਤੇ ਅਥਾਹ ਵਰਤਾਰੇ ਵਿਚ ਨਾ ਕੁਝ ਪੁੰਨ ਹੈ ਨਾ ਪਾਪ ਹੈ। ਇਕ ਸਰਬ ਵਿਆਪਕ ਸ਼ਕਤੀ ਹੈ, ਜਿਸ ਦਾ ਪਸਾਰ ਖੰਡਾਂ-ਬ੍ਰਹਿਮੰਡਾ ਵਿਚ ਹੈ। ਹਰ ਪਲ ਇਸ ਦੇ ਸੂਖਮ ਰੂਪ 'ਚੋਂ ਇਸ ਦੀ ਦ੍ਰਿਸ਼ਟੀ ਦਾ ਨਿਰਮਾਣ ਹੋ ਰਿਹਾ ਹੈ। ਜੀਵਨ ਦੀਆਂ ਤਿੰਨ ਸਟੇਜਾਂ ਹਨ। ਨਿਰਮਤ ਹੋਣਾ, ਪਲਣਾ ਆਉਧ ਭੋਗਣੀ ਤੇ ਵਿਨਾਸ਼। ਪਰਤ ਕੇ ਫੇਰ ਨਿਰਮਤ ਹੋਣ....ਇੰਜ ਇਹ ਚੱਕਰ ਚਲਦਾ ਰਹਿੰਦਾ ਹੈ। ਜੀਵਨ, ਜੀਵਨ, ਦੇ ਭੋਜਨ 'ਤੇ ਹੀ ਪਲਦਾ ਹੈ। ਹਰ ਚੀਜ਼ ਜੋ ਖਾਧੀ ਜਾ ਰਹੀ ਹੈ। ਬਸ ਜ਼ੋਰਾਵਰ ਮਾੜੇ ਨੂੰ ਖਾਈ ਜਾ ਰਿਹਾ ਹੈ। ਮੁਰਗਾ ਖਾਣਾ ਪਾਪ ਨਹੀਂ ਅਤੇ ਕੱਦੂ ਖਾਣਾ ਪੁੰਨ ਨਹੀਂ। ਦੋਵੇਂ ਜੀਵਨ ਦਾ ਹਿੱਸਾ ਹਨ। ਇਹ ਕੁਦਰਤੀ ਵਰਤਾਰਾ ਹੈ ਜੋ ਨਿਰੰਤਰ ਜਾਰੀ ਹੈ, ਫਿਰ ਪੁੰਨ ਕਾਹਦਾ ਅਤੇ ਪਾਪ ਕਾਹਦਾ? ਪਰ ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ ਅਸੀਂ ਸਾਰੇ ਸਮਾਜਕ ਜੀਵ ਹਾਂ। ਮਨੁੱਖੀ ਸਮਾਜ ਨੇ ਕੁਝ ਨਿਯਮ ਮਿੱਥ ਲਏ ਹੋਏ ਹਨ, ਜਿੰਨ੍ਹਾਂ ਦੇ ਟੁਟਿਆਂ ਦੂਜੀ ਧਿਰ ਦਾ ਨੁਕਸਾਨ ਹੁੰਦਾ ਹੈ। ਇਸ ਲਈ ਅਸਾਂ ਨੂੰ ਪਾਪ ਦੀ ਸੰਗਿਆ ਦਿੱਤੀ ਹੋਈ ਹੈ। ਜਿਵੇਂ ਚੋਰੀ ਕਰਨਾ, ਪਰਾਇਆ ਹੱਕ ਮਾਰਨਾ, ਝੂਠ ਬੋਲਣਾ, ਕਿਸੇ ਨਾਲ ਦਗਾ ਕਮਾਉਣਾ, ਆਦਿ। ਇਹ ਘਿਰਣਤ ਸ਼ਬਦ ਸਾਡੇ ਸੰਸਕਾਰਾਂ ਵਿਚ ਰਚੇ ਹੁੰਦੇ ਹਨ। ਇਸ ਲਈ ਜਦੋਂ ਅਸੀਂ ਇਨ੍ਹਾਂ 'ਚੋਂ ਕਿਸੇ ਇਕ ਵਿਚ ਵੀ ਲਿਪਤ ਹੋ ਜਾਂਦੇ ਹਾਂ ਤਾਂ ਸਾਡੇ ਅੰਤਹਿਕਰਣ ਵਿਚ ਇਕ ਤਰ੍ਹਾਂ ਦਾ ਪਾਪ ਬੋਧ ਪੈਦਾ ਹੋ ਜਾਂਦਾ ਹੈ, ਜੋ ਪਛਤਾਵੇ, ਚਿੰਤਾ ਤੇ ਮਾਨਸਿਕ ਤਣਾਓ

ਦਾ ਕਾਰਨ ਬਣਦਾ ਹੈ। ਮੈਂ ਲਗਦੀ ਵਾਹ ਇਸ ਪਾਸੇ ਤੋਂ ਸੁਚੇਤ ਰਹਿੰਦਾ ਹਾਂ ਜਿਸ ਕਰਕੇ ਮਾਨਸਿਕ ਤਣਾਅ ਤੋਂ ਬਚਿਆ ਰਹਿੰਦਾ ਹਾਂ।

ਦੂਜੀ ਅਤੇ ਅਹਿਮ ਗੱਲ ਬਹੁਤ ਬਰੀਕੀ ਨਾਲ ਜੇ ਵੇਖਿਆ ਜਾਵੇ ਤਾਂ ਜੀਵਨ ਦੀ ਆਧਾਰਸ਼ਿਲਾ ਕਾਮ ਕਿਰਿਆ ਹੀ ਹੈ। ਕਾਮ ਧੁਰੇ ਦੁਆਲੇ ਹੀ ਜ਼ਿੰਦਗੀ ਦਾ ਚੱਕਰ ਚੱਲ ਰਿਹਾ ਹੈ। ਦਿਸਦੀ ਸ੍ਰਿਸ਼ਟੀ 'ਚ ਕਾਮ ਸ਼ਕਤੀ ਮਨਫੀ ਕਰ ਦੇਵੋ ਤਾਂ ਛਣ ਭੰਗਰ ਵਿਚ ਹੀ ਇਹ ਅਲੋਪ ਹੋ ਜਾਵੇਗੀ। ਇਹ ਕਾਮ-ਕਿਰਿਆ ਹੀ ਹੈ। ਜਿਸ ਨੂੰ ਅਸੀਂ ਸੰਭੋਗ ਦਾ ਨਾਂਅ ਦਿੱਤਾ ਹੋਇਆ ਹੈ। ਇਹ ਕਿਰਿਆ ਹੀ ਸਰਬ ਵਿਆਪਕ ਸ਼ਕਤੀ ਨੂੰ ਸੂਖਮ ਤੋਂ ਸਥੂਲ ਵਿਚ ਤਬਦੀਲ ਕਰਨ ਦਾ ਮਾਧਿਅਮ ਹੈ। ਇਸ ਤੱਥ ਨੂੰ ਦੁਨੀਆਂ ਭਰ ਦੇ ਦਾਰਸ਼ਨਿਕ ਮੰਨਦੇ ਹਨ ਕਿ ਕਿਤੇ ਆਦਿ ਵਿਚ ਹੀ ਜੀਵਨ ਇਕਾਈ ਦੁਫਾੜ ਹੋ ਗਈ ਸੀ ਜਾਂ ਕੀਤੀ ਗਈ, ਕੁਝ ਵੀ ਕਹਿ ਸਕਦੇ ਹੋ। ਇਕ ਅੱਧ ਦਾ ਨਾਂ ਨਰ ਤੇ ਦੂਜੇ ਅੱਧ ਨੂੰ ਮਾਦਾ ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਤੋਂ ਹੀ ਜੀਵਨ ਨਿਰਮਤ ਹੁੰਦਾ ਹੈ। ਇਹ ਸੁਮੇਲ 'ਸੰਭੋਗ' ਰਾਹੀਂ ਪੂਰਨ ਹੁੰਦਾ ਹੈ। ਆਪਣੇ ਆਪ ਇਕ ਇਕੱਲਾ ਮਰਦ ਵੀ ਅਧੂਰਾ ਹੈ ਤੇ ਔਰਤ ਵੀ ਆਪਣੇ ਆਪ ਵਿਚ ਸੰਪੂਰਨ ਨਹੀਂ ਹੈ। ਜੀਵਨ ਇਕਾਈ ਨੂੰ ਪੂਰਨ ਦੇਣ ਲਈ ਦੋਹਾਂ ਅੱਧਾ ਦਾ ਮੇਲ ਜ਼ਰੂਰੀ ਹੈ। ਇਸ ਲਈ ਕੁਦਰਤ ਵੱਲੋਂ ਇਕ ਵਿਵਸਥਾ ਕਾਇਮ ਕੀਤੀ ਹੋਈ ਹੈ। ਸਰੀਰ ਅੰਦਰ ਕੁਝ ਭਾਗਾਂ ਵਿਚੋਂ ਇਕ ਤਰ੍ਹਾਂ ਦਾ ਤਰਲ ਪਦਾਰਥ ਰਿਸਦਾ ਰਹਿੰਦਾ ਹੈ, ਜਿਸ ਨੂੰ ਅਸੀਂ ਵੀਰਜ਼ ਕਹਿੰਦੇ ਹਾਂ।

ਇਸ ਤਰਲ ਪਦਾਰਥ ਦੇ ਰਿਸਣ ਕਾਰਨ ਇਕ ਤਰ੍ਹਾਂ ਦੀ ਉਤੇਜਨਾ ਪੈਦਾ ਹੁੰਦੀ ਹੈ, ਜੋ ਦੋਹਾਂ ਅੱਧਾ ਵਿਚਾਲੇ ਆਕਰਸ਼ਨ ਪੈਦਾ ਕਰਦੀ ਹੈ। ਇਸ ਤਰਲ ਪਦਾਰਥ ਦੇ ਸੂਖਮ ਰੂਪ ਨੂੰ ਅਸੀਂ ਜੀਵਨ ਊਰਜਾ ਕਹਿ ਸਕਦੇ ਹਾਂ।

ਨਰ ਨਾਰੀ ਦੇ ਸੰਭੋਗ ਸਮੇਂ ਇਹ ਤਰਲ ਪਦਾਰਥ ਜਾਂ ਵੀਰਜ ਬਾਹਰ ਵਗ ਜਾਂਦਾ ਹੈ ਤੇ ਨਾਲ ਹੀ ਜੀਵਨ ਊਰਜਾ ਦਾ ਨਿਕਾਸ ਹੋ ਕੇ ਇਹ ਓਨੀ ਮਾਤਰਾ ਵਿਚ ਸਰੀਰ ਵਿਚੋਂ ਘਟ ਜਾਂਦੀ ਹੈ ਜਿਸ ਕਰਕੇ ਸਰੀਰ ਸਿਥਲ ਹੋ ਜਾਂਦਾ ਹੈ। ਵਾਰ ਵਾਰ ਇਸੇ ਅਮਲ ਦੇ ਦੁਹਰਾਓ ਨਾਲ ਜੀਵਨ ਊਰਜਾ ਘਟਦੀ ਜਾਂਦੀ ਹੈ ਤੇ ਸਰੀਰ ਬੀਮਾਰੀਆਂ ਪਨਾਹ ਗਾਰ ਬਣ ਜਾਂਦਾ ਹੈ। ਇਸੇ ਲਈ ਅਧਿਆਤਮਵਾਦੀਆਂ ਨੇ ਇਸ ਵਾਰ ਵਾਰ ਦੁਹਰਾਈ ਜਾ ਰਹੀ ਕਿਰਿਆ ਨੂੰ ਕਾਮ ਵਾਸ਼ਨਾ ਦਾ ਨਾਂਅ ਦਿੱਤਾ ਹੋਇਆ ਹੈ ਅਤੇ ਇਸ ਅਮਲ ਨੂੰ ਨਿੰਦਿਆਂ ਗਿਆ ਹੈ। ਧਰਮ ਗ੍ਰੰਥਾਂ ਅਤੇ ਸਾਧਾਂ ਸੰਤਾਂ ਵੱਲੋਂ ਕੀਤੀ ਗਈ ਇਸ ਨਿੰਦਿਆ ਕਾਰਨ ਇਹ ਕੁਦਰਤੀ ਅਤੇ ਪਵਿੱਤਰ ਅਮਲ ਇਕ ਅਸ਼ਲੀਲ ਵਰਤਾਰਾ ਬਣ ਕੇ ਰਹਿ ਗਿਆ ਹੈ। ਸਾਡੇ ਸਮਾਜ ਵਿਚ ਕਾਮ ਦੇ ਜ਼ਿਕਰ ਨੂੰ ਇਕ ਬੇਸ਼ਰਮੀ ਭਰੀ ਸੋਚ ਅਤੇ ਗੰਦਾ ਚਲਨ ਕਹਿ ਕੇ ਭੰਡਿਆ ਜਾਣ ਲੱਗ ਪਿਆ ਹੈ। ਵੀਰਜ ਦੇ ਸੂਖਮ ਰੂਪ ਜੀਵਨ ਊਰਜਾ ਦੇ ਨਿਕਾਸ ਲਈ ਦੋ ਰਾਹ ਹਨ। ਇਕ ਹੇਠਾਂ ਦਾ ਰਾਹ ਜੋ ਸੰਭੋਗ ਰਾਹੀਂ ਪੂਰਾ ਹੁੰਦਾ ਹੈ ਤੇ ਦੂਸਰਾ ਉਪਰ ਵੱਲ ਦਾ ਰਾਹ ਜਿਸ ਰਾਹੀਂ ਇਹ ਊਰਜਾ ਉਤੇਜਿਕ ਲਹਿਰ ਦੇ ਰੂਪ ਵਿਚ ਧੁੰਨੀ, ਹਿਰਦਾ ਤ੍ਰਿਕੁਟੀ ਆਦਿ ਚੱਕਰਾਂ ਤੋਂ ਲੰਘਦੀ ਹੋਈ ਤਾਲੂ (ਸਿਰ ਦਾ ਸੈਂਟਰ ਜਿਸ ਨੂੰ ਦਸਮ ਦੁਵਾਰ ਵੀ ਕਿਹਾ ਜਾਂਦਾ ਹੈ) ਰਾਹੀਂ ਨਿਕਾਸ ਪਾ ਕੇ ਬ੍ਰਹਿਮੰਡਲ ਊਰਜਾ ਦਾ ਨਾਂ ਦਿੰਦੇ ਹਨ। ਇਸ ਸਾਰੀ ਕਿਰਿਆ ਦੌਰਾਨ ਮਨੁੱਖ ਇਕ ਅਕਹਿ ਸਵਾਦ ਮਾਣਦਾ ਹੈ। ਹਿਰਦਾ ਪ੍ਰੇਮਮਈ ਹੋਇਆ ਰਹਿੰਦਾ ਹੈ ਤੇ ਦੁਨੀਆਂ ਦੀ ਹਰ ਸ਼ੈਅ ਪਿਆਰੀ ਪਈ ਲੱਗਦੀ ਹੈ। ਇਕ ਤਰ੍ਹਾਂ ਦਾ ਧੀਮ ਧੀਮਾ ਤੇ ਮਿੱਠਾ ਮਿੱਠਾ ਜਿਹਾ ਨਸ਼ਾ। ਮਨੁੱਖ 'ਚ ਖ਼ੂਬਸੂਰਤੀ ਪ੍ਰਤੀ ਭੁੱਖ ਪਰਬਲ ਹੁੰਦੀ ਚਲੀ ਜਾਂਦੀ ਹੈ। ਅਜਿਹੀ ਹਾਲਤ 'ਚ ਮਰਦ ਦੀ ਦਿਲਚਲਸਪੀ ਔਰਤ 'ਚ ਹੋਣੀ ਹੀ ਹੋਈ, ਕਿਉਂ ਕਿ ਇਹ ਕੁਦਰਤ

ਵਲੋਂ ਹੀ ਉਸਦਾ ਹਾਣ ਮਿਥਿਆ ਗਿਆ ਹੈ। ਕਾਮ ਸ਼ਕਤੀ ਦੀ ਵਰਤੋਂ 'ਚ ਸੰਜਮ ਤੇ ਜੀਵਨ ਊਰਜਾ ਦਾ ਸੰਚਾਰ ਮਨੁੱਖ ਨੂੰ ਅਧਿਆਤਮਕ ਦਾ ਅਧਿਕਾਰੀ ਬਣਾਉਂਦਾ ਹੈ ਮਨੁੱਖ ਸਹਿਜ ਅਵਸਥਾ ਵਿਚ ਜਿਉਂਦਾ ਹੈ ਤੇ ਸਿਹਤ ਪੱਖੋਂ ਨਰੋਇਆ ਰਹਿੰਦਾ ਹੈ। ਚਿਹਰੇ 'ਤੇ ਇਕ ਤਰ੍ਹਾਂ ਦਾ ਜਲਾਲ ਰਹਿੰਦਾ ਹੈ ਅਤੇ ਅੱਖਾਂ ਵਿਚ ਇਕ ਮਿਕਨਾਤੀਸੀ ਖਿੱਚ।

ਚੰਗੀ ਸਿਹਤ ਲਈ ਦੋ ਗੱਲਾਂ ਹੋਰ ਵੀ ਹਨ ਜਿਨ੍ਹਾਂ 'ਤੇ ਮੈਂ ਅਮਲ ਕਰਦਾ ਹਾਂ- ਰਾਤ ਨੂੰ ਛੇਤੀ ਸੌਣਾਂ ਤੇ ਸਵੇਰੇ ਜਲਦੀ ਜਾਗ ਜਾਣਾ ਅਤੇ ਮਿਥੇ ਵਕਤ ਅਨੁਸਾਰ ਮੇਚੇ ਦਾ ਭੋਜਨ ਕਰਨਾ।

•

# ਕੁਝ ਸਮਝ ਆਈ ਕੁਝ ਸਮਝ ਨਹੀਂ ਆਈ

ਸੂਝ ਪੱਖੋਂ ਮਨੁੱਖ ਕਦੋਂ ਟੁਰਦਾ ਹੈ, ਕਿੱਥੇ ਪੁੱਜ ਜਾਂਦਾ ਹੈ!

ਛੋਟਾ ਜਿਹਾ ਸਾਂ, ਦਸ ਗਿਆਰਾਂ ਸਾਲ ਦਾ। ਪਿੰਡੋਂ ਬਾਹਰਵਾਰ ਸਿਆਲਕੋਟੋ ਡਸਕੇ ਵਲ ਜਾਂਦੀ ਸੜਕ ਉਤੇ ਡੰਗਰ ਚਾਰਦਿਆਂ ਆਪਣੇ ਤਾਏ ਦੇ ਮੁੰਡੇ ਧਾਰਾ ਸਿੰਘ ਨੂੰ ਪੁੱਛਿਆ ਸੀ, 'ਹੈਂ ਧਾਰੂ, ਔਸ ਪਿੰਡ ਦਾ ਕੀ ਨਾਂ ਏ?'

'ਮਿਰਜ਼ਾ ਗੁਰਾਇਆ।'

ਫਿਰ ਪੁੱਛਿਆ ਸੀ, 'ਇਸ ਤੋਂ ਪਰ੍ਹਾਂ ਵੀ ਪਿੰਡ ਹੈਣ?'

'ਹਾਂ ਇਸ ਤੋਂ ਪਰਾ ਸੁਹਾਵੀ ਸਾਰੰਗੀ ਏ, ਫਿਰ ਕੋਟਲੀ ਬਾਬਾ ਫ਼ਕੀਰ ਚੰਦ ਏ, ਫਿਰ ਗੁਲੂ ਸ਼ਾਹ ਦੀ ਮੰਡੀ ਏ।'

ਉਤਸੁਕਤਾ ਵਸ ਹੋਰ ਅੱਗੇ ਦੀ ਦੁਨੀਆਂ ਬਾਰੇ ਜਾਨਣਾ ਚਾਹਿਆ ਸੀ, ਪਰ ਉਦੋਂ ਧਾਰਾ ਸਿੰਘ ਦੀ ਦੁਨੀਆਂ ਵੀ ਬਸ ਏਡੇ ਕੁ ਹੀ ਪਸਾਰ ਵਾਲੀ ਸੀ।

ਬਾਲਪਨ ਵਿਚ ਜਾ ਰਹੀ ਇਸ ਉਤਸੁਕਤਾ ਨੇ ਮੇਰਾ ਉਮਰ ਭਰ ਦਾ ਸਾਥ ਦਿੱਤਾ ਹੈ। ਮੈਂ ਉਤਾਂਹ ਹੋਇਆ ਤਾਂ ਜਾਣਿਆ ਕਿ ਇਹ ਚਪਟੀ ਦਿਸਦੀ ਧਰਤੀ ਅਸਲ ਵਿਚ ਗੋਲ ਹੈ। ਇਹ ਅਣਗਿਣਤ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਨਾਲ ਭਰੀ ਪਈ ਹੈ। ਇਸ ਉਤੇ ਹਜ਼ਾਰਾਂ ਨਦੀਆਂ ਨਾਲੇ ਵਹਿ ਰਹੇ ਹਨ। ਵੱਡੇ ਵੱਡੇ ਸਮੁੰਦਰ ਹਨ, ਮਹਾਂਦੀਪ ਹਨ। ਵੱਖੋ ਵੱਖ ਨਸਲਾਂ ਦੇ ਲੋਕ ਵਸਦੇ ਹਨ। ਤਰ੍ਹਾਂ ਤਰ੍ਹਾਂ ਦੇ ਸਭਿਆਚਾਰ ਹਨ। ਅਜੀਬ ਅਜੀਬ ਰਸਮੋਂ ਰਿਵਾਜ਼ ਹਨ। ਇਹ ਵੀ ਪਤਾ ਲੱਗਾ ਕਿ ਕਿਉਂ ਹਜ਼ਾਰਾਂ ਦਰਿਆਵਾਂ ਦਾ ਪਾਣੀ ਪੀ ਕੇ ਸਮੁੰਦਰ ਉਨੇ ਦੇ ਉਨੇ ਰਹਿੰਦੇ ਹਨ। ਬੱਦਲ ਕਿਵੇਂ ਬਣਦੇ ਹਨ, ਮੀਂਹ ਕਿੰਜ ਪੈਂਦਾ ਹੈ। ਬਨਸਪਤੀ ਕਿੰਜ ਉਂਗਦੀ ਮੌਲਦੀ ਹੈ। 'ਅੰਡਜ, ਜੇਰਜ, ਉਤਭੁਜਾਂ, ਖਾਣੀ ਸੇਤਜਾਂ' ਦੇ ਵੱਖ ਵੱਖ ਕਿਸਮ ਦੇ ਮਾਧਿਆਮਾਂ ਰਾਹੀਂ ਸ੍ਰਿਸ਼ਟੀ ਕਿਵੇਂ ਜਨਮ ਲੈਂਦੀ ਹੈ।

ਅੱਗੇ ਚਲ ਕਿ ਇਹ ਵੀ ਪਤਾ ਲੱਗਾ ਕਿ ਧਰਤੀ ਵੀ ਇਕ ਨਹੀਂ ਹੈ। 'ਧਰਤੀ ਹੋਰ ਪਰੇ ਹੋਰ ਹੋਰ।' ਅਰਬਾਂ ਖਰਬਾਂ ਧਰਤੀਆਂ, ਚੰਨ, ਤਾਰੇ, ਸੂਰਜ ਹਨ। ਇਹ ਸਾਰੇ ਮਿਲ ਕੇ ਇਕ 'ਗਲੈਕਸੀ' ਅਖਵਾਉਂਦੇ ਹਨ। ਹਜ਼ਾਰਾਂ ਅਜਿਹੀਆਂ ਗਲੈਕਸੀਆਂ ਲੱਭੀਆਂ ਜਾ ਚੁਕੀਆਂ ਹਨ। ਅਨੇਕਾਂ ਹੋਰ ਲੱਭੀਆਂ ਜਾ ਰਹੀਆਂ ਹਨ। ਬ੍ਰਹਿਮੰਡ ਅਸੀਮ ਹੈ,ਅਥਾਹ ਹੈ, ਅਬੁੱਲ ਹੈ, ਅਖੰਡ ਹੈ, ਵਿਰਾਟ ਹੈ।

ਜਿਉਂ ਜਿਉਂ ਉਤਸੁਕਤਾ ਦੀ ਉਂਗਲ ਫੜ ਕੇ ਮੈਂ ਜਿੰਦਗੀ ਦੇ ਮੈਦਾਨ, ਵਿਚ ਅੱਗੇ ਵਧਦਾ ਗਿਆ, ਨਵੇਂ ਨਵੇਂ ਰਾਜ਼ ਮੇਰੇ ਅੱਗੇ ਖੁਲਦੇ ਗਏ।

ਪਤਾ ਲੱਗਾ, ਕਿ ਸਵਰਗ ਨਰਕ ਵਜੋਂ ਕਲਪੇ ਗਏ ਅੱਗ ਦੇ ਦਰਿਆ,ਪਤਲੇ ਤੇਲ ਦੇ ਕੜਾਹੇ ਤੇ ਸ਼ਹਿਦ ਦੀਆਂ ਨਦੀਆਂ, ਹੂਰਾਂ ਆਦਿ। ਅਸਲ ਵਿਚ ਚੜ੍ਹਦੀ ਕਲਾ ਦਾ ਜੀਣਾ ਸਵਰਗ ਹੈ, ਢਹਿੰਦੀ ਕਲਾ ਦੀ ਸੋਚ ਨਰਕਾਂ ਦਾ ਜੀਣਾ ਹੈ।

ਪਤਾ ਲੱਗਾ, ਜੀਵਨ ਦੇ ਦੋ ਰੂਪ ਹਨ-ਸੂਖਮ ਅਤੇ ਸਥੂਲ। ਇਹ ਪਲ ਪਲ ਸੂਖਮ ਤੋਂ ਸਥੂਲ ਅਤੇ ਸਥੂਲ ਤੋਂ ਸੂਖਮ, ਉਤਪਤੀ ਅਤੇ ਵਿਨਾਸ਼ ਦੀ ਪ੍ਰਕਿਰਿਆ ਰਾਹੀਂ

ਵੱਟਦੇ ਰਹਿੰਦੇ ਹਨ। ਸੂਖਮ ਦਿਸਦਾ ਨਹੀਂ, ਪਰ ਸਰਬ ਵਿਆਪਕ ਹੈ, ਅਥਾਹ ਸ਼ਕਤੀਆਂ ਦਾ ਸੋਮਾ ਹੈ, ਭੰਡਾਰ ਹੈ। ਜੋ ਦਿਸਦਾ ਨਹੀਂ, ਉਸ ਨੂੰ ਅਸੀਂ ਪਰਮਾਤਮਾ ਮਨ ਲਿਆ ਹੈ। ਜੋ ਦਿਸਦਾ ਹੈ ਸਥੂਲ ਹੈ, ਪੰਜਾਂ ਗਿਆਨ ਇੰਦਰੀਆਂ ਦੀ ਪਕੜ ਵਿਚ ਹੈ, ਉਸ ਨੂੰ ਅਸੀਂ ਸੰਸਾਰ ਆਖਦੇ ਹਾਂ। ਜੋ ਸੋਚ ਸੂਖਮ ਦੀ, ਅਦਿਸਦੇ ਦੀ ਵਿਆਖਿਆ ਕਰਦੀ ਹੈ, ਉਸ ਨੂੰ ਅਸੀਂ ਧਾਰਮਿਕ ਜਾਂ ਅਧਿਆਤਮਕ ਵਾਦੀ ਸੋਚ ਆਖਦੇ ਹਾਂ। ਜੋ ਸੋਚ ਦਿਸਦੇ ਜਗਤ ਦੀ ਬਾਤ ਪਾਉਂਦੀ ਹੈ, ਉਸ ਨੂੰ ਅਸੀਂ ਭੌਤਿਕਵਾਦ ਜਾਂ ਪਦਾਰਥਵਾਦ ਦਾ ਨਾਂ ਦਿੰਦੇ ਹਾਂ।

ਜਿਉਂ ਜਿਉਂ ਉਤਸੁਕਤਾ ਨੇ ਸੋਚ ਸਾਗਰ ਵਿਚ ਹੋਰ ਡੂੰਘੀ ਟੁੱਭੀ ਲਾਈ, ਹੋਰ ਹੋਰ ਗੱਲਾਂ ਦਾ ਪਤਾ ਲਗਦਾ ਗਿਆ। ਜਨਮ ਕੀ ਹੈ? ਮਰਨ ਕੀ ਹੈ? ਆਤਮਾ? ਪਰਤਾਮਤਾ? ਦੇਵੀ? ਦੇਵਤੇ? ਪੁਨਰ ਜਨਮ? ਕਾਲ ਚੱਕਰ? ਕਾਮ? ਕਰੋਧ? ਲੋਭ? ਹੰਕਾਰ?

ਅਨੇਕਾਂ ਥਿਊਰੀਆਂ ਪੜ੍ਹੀਆਂ, ਸਮਝੀਆਂ। ਬਾਟਨੀ ਕੀ ਹੈ? ਫਿਜ਼ਿਕਸ, ਗਣਿਤ, ਕੈਮਿਸਟਰੀ? ਮਨੋਵਿਗਿਆਨ, ਤਾਰਾ ਵਿਗਿਆਨ ਆਦਿ? ਵੱਖ ਵੱਖ ਵਿਸ਼ਿਆਂ ਦਾ ਅਧਿਐਨ ਕੀਤਾ ਅਤੇ ਜ਼ਿੰਦਗੀ ਨੂੰ ਜਾਣਿਆ। ਇਹਨਾਂ ਦੀ ਤਹਿ ਵਿਚ ਲਹਿੰਦਿਆਂ ਲਹਿੰਦਿਆਂ ਇਹ ਵੀ ਜਾਣ ਲਿਆ ਹੈ ਕਿਸ ਸਭ ਭਾਂਡੇ ਇਕੋ ਮਿਟੀ ਤੋਂ ਘੜੇ ਗਏ ਹਨ। ਇਕ ਨੂਰ ਤੋਂ ਸਭ ਜਗ ਉਪਜਿਆ ਹੈ।

ਜ਼ਿੰਦਗੀ ਵਿਚ ਹੋਰ ਵੀ ਬਹੁਤ ਕੁਝ ਜਾਣਿਆ ਹੈ। ਬੜੇ ਗੂੜ੍ਹ ਰਹੱਸ ਦੀਆਂ ਗੱਲਾਂ ਜਾਣੂ ਹੋਇਆ ਹਾਂ। ਪਰ ਕੁਝ ਅਧੂਰਾ ਜਿਹਾ ਰਹਿ ਗਿਆ ਲੱਗ ਰਿਹਾ ਹੈ।

ਇਸ ਗੱਲ ਦੀ ਸਮਝ ਨਹੀਂ ਆਈ ਕਿ ਮੈਂ ਕੌਣ ਹਾਂ। ਇਕੋ ਨੂਰ ਵਿਚੋਂ ਉਪਜਿਆ ਹੋਣ ਦੇ ਬਾਵਜੂਦ ਮੇਰੇ ਵਿਚ ਇਕ ਤਰ੍ਹਾਂ ਦੇ ਵਖਰੇਵੇਂ ਦਾ, ਅਜਨਬੀਅਤ ਦਾ ਅਹਿਸਾਸ ਕਿਉਂ ਹੈ?

ਦੂਜੀ ਗੱਲ ਜਿਸ ਦੀ ਸਮਝ ਨਹੀਂ ਆਈ, ਇਹ ਹੈ ਕਿ ਇਕ ਇਸਤਰੀ ਨਾਲ, ਆਪਣੇ ਵਿਰੋਧੀ ਲਿੰਗ ਨਾਲ ਬਵੰਜਾ ਵਰ੍ਹੇ ਗੁਜ਼ਾਰ ਕੇ ਵੀ ਇਹ ਕਿਉਂ ਨਹੀਂ ਲੱਗਾ ਕਿ ਇਹ ਚੀਜ਼ ਕੀ ਏ? ਕੀ ਚਾਹੁੰਦੀ ਏ? ਗਿਆਨਵਾਨ ਹੋ ਕੇ ਵੀ ਮੈਂ ਇਸਤਰੀ ਮਨ ਨੂੰ ਸਮਝਣ ਤੋ ਬਿਲਕੁਲ ਕੋਰਾ ਰਹਿ ਗਿਆ ਹਾਂ। ਆਪਣੇ ਵਿਚਲੀ ਇਸ ਘਾਟ ਨੂੰ ਮੰਨ ਲੈਣ ਵਿਚ ਮੈਂ ਕੋਈ ਹਰਜ ਨਹੀਂ ਸਮਝਦਾ।

ਹੋਰ ਵੀ ਕਈ ਮਸਲੇ, ਕਈ ਰਹੱਸ ਹੋਣਗੇ ਜੋ ਮੇਰੀ ਉਤਸੁਕਤਾ ਦੀ ਪਕੜ ਵਿਚ ਨਹੀਂ ਆਏ, ਪਰ ਗੱਲਾਂ ਦੀ ਗੱਲ ਅਤੇ ਬੜੀ ਸਾਧਾਰਨ ਜਿਹੀ ਗੱਲ ਜਿਸਦੀ ਮੈਨੂੰ ਸਮਝ ਨਹੀਂ ਆਈ, ਉਹ ਹੈ ਕਿ ਕੁਝ ਰਾਜਨੀਤਿਕ ਲੋਕਾਂ ਦਾ ਟੋਲਾ ਹੈ। ਜਿਨ੍ਹਾਂ ਨੇ ਲੰਮਾ ਸਮਾਂ ਇਸ ਦੇਸ਼ ਉਤੇ ਰਾਜ ਕੀਤਾ ਹੈ। ਜਿਨ੍ਹਾਂ ਨੇ ਇਸ ਦੇਸ਼ ਨੂੰ ਕੋਈ ਸੇਧ ਦੇਣੀ ਸੀ, ਲੋਕਾਂ ਨੇ ਸੁਪਨਿਆਂ ਨੂੰ ਸਾਕਾਰ ਕਰਨਾ ਸੀ। ਉਨ੍ਹਾਂ ਨੇ ਉਲਟਾ ਦੇਸ਼ ਨੂੰ ਦੋਹੀਂ ਹੱਥੀਂ ਲੁੱਟਿਆ ਹੈ। ਦੇਸ਼ ਨੂੰ ਭ੍ਰਿਸ਼ਟਾਚਾਰ ਅੱਡਾ ਬਣਾ ਕੇ ਰੱਖ ਦਿੱਤਾ ਹੈ। ਬੇ-ਰੁਜ਼ਗਾਰੀ ਅਤੇ ਮਹਿੰਗਾਈ ਨਾਲ ਲੋਕਾਂ ਦਾ ਅੜਾਂਟ ਕੱਢ ਦਿੱਤਾ ਹੈ। ਵੋਟਾਂ ਖਾਤਰ ਬਹੁ-ਗਿਣਤੀ ਦਾ ਮਨ ਜਿੱਤਣ ਲਈ ਘੱਟ-ਗਿਣਤੀਆਂ ਦੇ ਧਰਮ ਸਥਾਨਾਂ ਤੱਕ ਨੂੰ ਢਹਿ ਢੇਰੀ ਕਰ ਦਿੱਤਾ ਹੈ। ਚੋਣਾਂ ਸਮੇਂ ਲੋਕ ਮੁੜ ਉਨ੍ਹਾਂ ਨੂੰ ਹੀ ਕਿਉਂ ਵੋਟ ਪਾ ਦਿੰਦੇ ਹਨ? ਤੇ ਪਰਤ ਪਰਤ ਆਈ ਜਾਂਦੇ ਹਨ।

ਲੋਕਾਂ ਦੀ ਗੈਰਤ ਨੂੰ ਕੀ ਹੋਇਆ ਹੈ? ਇਸ ਗੱਲ ਦੀ ਸਮਝ ਮੈਨੂੰ ਨਹੀਂ ਆਈ।

●

# ਜ਼ਿੰਦਗੀ ਦਾ ਰਹੱਸ ਕੀ ਹੈ ਆਖਿਰ?

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਕਸ਼ਮੀਰ ਨੂੰ ਜਾਂਦੇ ਹੋਏ ਜਦੋਂ ਸਿਆਲਕੋਟ ਦੇ ਸ਼ਹਿਰ ਤੋਂ ਪੂਰਨ ਭਗਤ ਦੇ ਖੂਹ ਵੱਲ ਨੂੰ ਜਾਂਦੇ ਰਾਹ ਉੱਤੋਂ ਦੀ ਲੰਘੇ ਸਨ। ਪੂਰਨ ਭਗਤ ਦੇ ਖੂਹ ਤੋਂ ਥੋੜ੍ਹਾ ਅੱਗੇ ਚਪਰਾੜ ਨਾਂ ਦੇ ਪਿੰਡ ਦੇ ਬਾਹਰਵਾਰ ਉਹਨਾਂ ਨੇ ਰਾਤ ਗੁਜ਼ਾਰੀ ਸੀ, ਜਿੱਥੇ ਦੇਸ਼ ਵੰਡ ਤੋਂ ਪਹਿਲਾਂ ਤਕ ਹਰ ਸਾਲ ਟਾਹਲੀ ਸਾਹਿਬ ਦਾ ਮੇਲਾ ਲੱਗਦਾ ਹੁੰਦਾ ਸੀ। ਸ਼ਰਧਾਵਾਨ ਸਿੱਖਾਂ ਦਾ ਵਿਸ਼ਵਾਸ਼ ਸੀ ਕਿ ਗੁਰੂ ਜੀ ਨੇ ਟਾਹਲੀ ਦੀ ਦਾਤਣ ਕਰ ਭੋਂਏ ਵਿਚ ਗਡ ਦਿੱਤੀ ਸੀ ਜੋ ਹਰੀ ਹੋ ਕੇ ਵੱਡ ਆਕਾਰੀ ਟਾਹਲੀ ਬਣ ਗਈ। ਕੁਝ ਲੋਕ ਆਖਦੇ ਸਨ, ਨਹੀਂ, ਟਾਹਲੀ ਪਹਿਲਾਂ ਹੀ ਸੀ, ਗੁਰੂ ਜੀ ਨੇ ਉਹਦੇ ਨਾਲ ਘੋੜਾ ਬੱਧਾ ਸੀ। ਕੁਝ ਵੀ ਹੋਵੇ, ਮੇਲਾ ਹਰ ਸਾਲ ਲਗਦਾ ਸੀ ਅਤੇ ਧੂਮ ਧਾਮ ਨਾਲ ਲਗਦਾ ਸੀ।

ਜੰਮੂ ਤੋਂ ਸਿਆਲਕੋਟ ਪੰਜੀ ਮੀਲ ਸੀ ਅਤੇ ਰੇਲ ਨਾਲ ਜੁੜਿਆ ਹੋਇਆ ਸੀ। ਅੱਧ ਵਿਚ ਰਣਬੀਰ ਸਿੰਘ ਪੁਰਾ ਰੇਲਵੇ ਸਟੇਸ਼ਨ ਸੀ। ਇਸ ਰੇਲਵੇ ਸਟੇਸ਼ਨ ਤੋਂ ਸਿੱਧੇ ਧਰ ਕੱਚੇ ਰਾਹ ਰਾਹੀਂ ਟਾਹਲੀ ਸਾਹਿਬ  ਪੰਜ ਛੇ ਮੀਲ ਦਾ ਪੰਧ ਸੀ ਅਤੇ ਜੰਮੂ ਤੋਂ ਆਉਣ ਵਾਲੀ ਸੰਗਤ ਇਥੋਂ ਹੀ ਗੱਡੀ ਤੋਂ ਉਤਰ ਕੇ ਟਾਹਲੀ ਸਾਹਿਬ ਨੂੰ ਚਲੀ ਜਾਂਦੀ ਸੀ।

ਇਹ ਗੱਲ 1931 ਦੀ ਹੈ। ਮੇਰੀ ਉਮਰ ਉਸ ਵਕਤ ਅੱਠ ਸਾਲ ਦੀ ਸੀ। ਜੰਮੂ ਤੋਂ ਸ਼ਾਮੀ ਚਾਰ ਵਜੇ ਗੱਡੀ ਚਲੀ ਸੀ, ਰਣਬੀਰ ਸਿੰਘ ਪੁਰੇ ਪੌਣੇ ਪੰਜ ਪੁੱਜ ਜਾਣੀ ਸੀ। ਪਰ ਰਾਹ ਵਿਚ ਮੀਰਾਂ ਸਾਹਿਬ ਦੇ ਲਾਗੇ ਸ਼ਾਇਦ ਕੋਈ ਬੰਦਾ ਗੱਡੀ ਹੇਠ ਆ ਗਿਆ ਸੀ। ਸੋ ਗੱਡੀ ਘੰਟਾ ਭਰ ਲੇਟ ਹੋ ਗਈ। ਸ਼ਰਧਾਲੂਆਂ ਦਾ ਇਹ ਜੱਥਾ ਗੱਡੀਉਂ ਲੱਥਾ, ਉਦੋਂ ਸ਼ਾਮ ਦੇ ਛੇ ਵਜ ਚੁੱਕੇ ਸਨ। ਇਸ ਜਥੇ ਵਿਚ ਅੱਠ ਨੌਂ ਮਰਦ, ਏਨੀਆਂ ਕੁ ਹੀ ਔਰਤਾਂ ਅਤੇ ਬੱਚੇ ਸਨ, ਜਿਨ੍ਹਾਂ ਵਿਚੋਂ ਮੈਂ ਸਭ ਤੋਂ ਛੋਟੀ ਉਮਰ ਦਾ ਸਾਂ।

ਅਸੀਂ ਰਣਬੀਰ ਸਿੰਘ ਪੁਰਾ ਦੇ ਕਸਬੇ ਵਿਚੋਂ ਦੀ ਲੰਘ ਕੇ ਟਾਹਲੀ ਸਾਹਿਬ ਵਾਲੇ ਰਾਹੇ ਪੈ ਗਏ। ਅਜੇ ਮਸਾਂ ਡੇਢ, ਦੋ ਮੀਲ ਹੀ ਗਏ ਹੋਵਾਂਗੇ ਕਿ ਅੱਗੇ ਹਨੇਰੀ ਚੜ੍ਹ ਪਈ। ਇਹ ਹਨੇਰੀ ਪਲੋ ਪਲ ਆਕਾਸ਼ ਨੂੰ ਢੱਕਦੀ ਸਾਡੇ ਵਲ ਵਧਦੀ ਆ ਰਹੀ ਸੀ। ਫਿਰ ਇਸ ਦੀ ਸ਼ੂਕਰ ਸੁਣਾਈ ਦੇਣ ਲੱਗ ਪਈ ਅਤੇ ਅਖ਼ੀਰ ਇਸ ਕਹਿਰਵਾਨ ਹੋਈ ਹਨੇਰੀ ਨੇ ਸਾਨੂੰ ਆਣ ਘੇਰਿਆ। ਗਤੀ ਤੇਜ਼ ਸੀ ਕਿ ਸਾਡੇ ਪੈਰ ਉਖੜਨ ਲੱਗ ਪਏ। ਕਰਮਾਂ ਨੂੰ ਸਾਹਮਣੇ ਇਕ ਸੂਆ ਵਗਦਾ ਸੀ। ਮਿੱਟੀ ਦੀ ਭਰਤੀ ਕਰਕੇ ਜਿਸ ਦੇ ਦੋਵੇਂ ਕੰਢੇ ਉਚੇ ਕੀਤੇ ਹੋਏ ਸਨ। ਅਸੀਂ ਸਾਰੇ ਉਹਦੀ ਓਟ ਵਿਚ ਜਾ ਲੰਮੇ ਪਏ। ਇਕ ਤੂਫ਼ਾਨੀ ਵੇਗ ਨਾਲ, ਇਹ ਝੱਖੜ ਕੋਈ ਅੱਧਾ ਪੌਣਾ ਘੰਟਾ ਚਲਦਾ ਰਿਹਾ ਅਤੇ ਅਸੀਂ ਧਰਤੀ ਮਾਂ ਦੀ ਹਿੱਕ ਨਾਲ ਲੱਗੇ ਜਾਨ ਦਾ ਖ਼ੈਰ ਮੰਗਦੇ ਰਹੇ।

ਹਨੇਰੀ ਦਾ ਜ਼ੋਰ ਘਟਿਆ। ਅਸੀਂ ਉੱਠ ਕੇ ਮੁੜ ਇਕੱਠੇ ਹੋਏ। ਪਰ ਅੱਗੇ ਜਾਣ

ਦੀ ਹਿੰਮਤ ਨਾ ਪਵੇ। ਦਿਨ ਡੁੱਬ ਚੁੱਕਾ ਸੀ। ਘੱਟੇ ਮਿੱਟੀ ਵਲੋਂ ਵੀ ਅਜੇ ਅਸਮਾਨ ਸਾਫ਼ ਨਹੀਂ ਸੀ ਹੋਇਆ। ਕੁਝ ਆਖਦੇ ਸਨ, ਪਿਛਾਂਹ ਮੁੜ ਚੱਲੀਏ ਰਾਤ ਰਣਬੀਰ ਸਿੰਘ ਪੁਰਾ ਦੇ ਗੁਰਦੁਵਾਰੇ ਵਿਚ ਲੰਘਾ ਕੇ ਸਵੇਰੇ ਫੇਰ ਟੁਰ ਪਵਾਂਗੇ। ਇਕ ਦੋ ਦਲੇਰ ਦਿਲਾਂ ਦੀ ਸਲਾਹ ਸੀ, ਨਾਨਕ ਨਾਮ ਜਪਦੇ ਹੋਰ ਡੇਢ, ਦੋ ਘੰਟੇ ਵਿਚ ਅਸਾਂ ਟਾਹਲੀ ਸਾਹਿਬ ਪੁੱਜ ਜਾਣਾ ਹੈ। ਕੀ ਲੋੜ ਹੈ ਪਿਛਾਂਹ ਪਰਤਣ ਦੀ ?

ਤਦੇ ਵੇਖਿਆ, ਕਸਬੇ ਵੱਲੋਂ ਇਕ ਘੋੜ ਸਵਾਰ ਸਾਡੇ ਵੱਲ ਆ ਰਿਹਾ ਸੀ। ਸਾਡੇ ਨੇੜੇ ਆ ਕੇ ਉਹ ਘੋੜੇ ਤੋਂ ਉਤਰ ਗਿਆ ਅਤੇ ਸਾਨੂੰ ਪੁੱਛਿਆ, 'ਕਿਥੇ ਜਾਣਾ ਜੇ ?'

'ਟਾਹਲੀ ਸਾਹਿਬ।'

'ਟਾਹਲੀ ਸਾਹਿਬ ਪੁੱਜਣਾ ਤੇ ਹੁਣ ਮੁਸ਼ਕਿਲ ਲਗਦੈ, ਹਨੇਰਾ ਹੋਈ ਜਾ ਰਿਹੈ, ਤੁਹਾਡੇ ਨਾਲ ਔਰਤਾਂ ਨੇ, ਬੱਚੇ ਨੇ, ਰਾਹ ਖਹਿੜਾ ਚੱਜ ਦਾ ਹੈ ਨਹੀਂ। ਤੁਸੀਂ ਮੇਰੀ ਸਲਾਹ ਮੰਨੋਂ ਤਾਂ ਮੇਰੇ ਨਾਲ ਮੇਰੇ ਪਿੰਡ ਚਲੋ। ਆਹ ਨਾਲ ਈ, ਮੀਲ ਕੁ ਦੀ ਵਾਟ ਏ ਸਾਰੀ।'

ਉਸ ਸੱਜੇ ਹੱਥ ਪੈਂਦੇ ਜੰਗਲ ਵੱਲ, ਜਿਸ ਨੂੰ ਸਥਾਨਕ ਲੋਕ ਰੱਖ ਕਹਿੰਦੇ ਸਨ, ਇਸ਼ਾਰਾ ਕਰਦਿਆਂ ਸਾਨੂੰ ਸਲਾਹ ਦਿੱਤੀ।

ਅਸੀਂ ਉਹਦੀ ਗੱਲ ਮੰਨ ਲਈ। ਉਸ ਦੱਸਿਆ, 'ਮੇਰੇ ਮਾਲਕ ਨੇ ਵੀ ਜੰਮੂ ਤੋਂ ਆਉਣਾ ਸੀ ਤੇ ਇਸੇ ਗੱਡੀਉਂ ਉਤਰਨਾ ਸੀ। ਮੈਂ ਅੱਗੋਂ ਵਾਢੀ ਘੋੜੀ ਲੈ ਕੇ ਗਿਆ ਸਾਂ। ਪਰ ਉਹ ਆਇਆ ਨਹੀਂ।' ਫਿਰ ਉਸਦੀ ਨਜ਼ਰ ਮੇਰੇ ਉਤੇ ਪੈ ਗਈ ਅਤੇ ਮੇਰੀ ਮਾਂ ਨੂੰ ਬੋਲਿਆ, ਭੈਣ ਜੀ, ਤੁਸੀਂ ਇਸ ਬੱਚੇ ਨੂੰ ਘੋੜੀ ਉਤੇ ਚੜ੍ਹਾ ਦਿਓ।

ਮੈਨੂੰ ਘੋੜੀ ਉਤੇ ਬਿਠਾ ਕੇ ਉਹ ਆਪ ਲਗਾਮ ਫੜੀ ਅੱਗੇ ਅੱਗੇ ਤੁਰ ਪਿਆ ਅ ਤੇ ਬਾਕੀ ਸਾਰੇ ਘੋੜੀ ਦੇ ਮਗਰ ਮਗਰ। ਰੱਖ ਪੁਜਦਿਆਂ ਨੂੰ ਮਾੜਾ ਮਾੜਾ ਹਨੇਰਾ ਹੋਣਾ ਸ਼ੁਰੂ ਹੋ ਗਿਆ ਸੀ। ਪਿੰਡ ਹੁਣ ਨੇੜੇ ਹੀ ਸੀ। ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਅਸੀਂ ਤੁਰੇ ਜਾ ਰਹੇ ਸਾਂ ਕਿ ਅਚਾਨਕ ਘੋੜੀ ਤ੍ਰਭਕੀ। ਉਸ ਇਕ ਫੁਨਕਾਰਾ ਜਿਹਾ ਮਾਰਿਆ ਅਤੇ ਪੈਰ ਭੋਇ ਵਿਚ ਗਡ ਦਿੱਤੇ। ਸਾਡਾ ਰਾਹਬਰ ਵੀ ਤ੍ਰਹਿ ਕੇ ਦੋ ਕਦਮ ਪਿੱਛੇ ਹਟ ਗਿਆ। ਸਾਹਮਣੇ ਇਕ ਵੱਡੀ ਸਰ੍ਹਾਲ ਰਾਹ ਉਤੇ ਇੰਜ ਪਈ ਹੋਈ ਸੀ ਜਿਵੇਂ ਕੋਈ ਮੋਟਾ ਰੁੱਖ ਹਨੇਰੀ ਨਾਲ ਉਖੜ ਕੇ ਡਿੱਗਾ ਪਿਆ ਹੋਵੇ।

ਘੋੜੀ ਵਾਲੇ ਨੇ ਪਹਿਲਾਂ ਦੋਵੇਂ ਹੱਥ ਜੋੜ ਕੇ ਲੰਮੀ ਪਈ ਸਰਾਲ ਨੂੰ ਪ੍ਰਣਾਮ ਕੀਤਾ ਫਿਰ ਦੋਵੇਂ ਹੱਥ ਰਕਾਬ ਵਿਚ ਧਰੇ ਪੈਰ ਨੂੰ ਲਾ ਕੇ ਚੁੰਮੇ।

'ਧੰਨ ਭਾਗ ਮੇਰੇ ਉਸ ਆਖਿਆ। ਬੋਲਿਆ, 'ਇਹ ਸਾਡੇ ਪਿੰਡ ਦੇ ਦੇਵਤਾ ਨੇ। ਅਸੀਂ ਇਨ੍ਹਾਂ ਦੀ ਪੂਜਾ ਕਰਦੇ ਆਂ। ਪਰ ਇਹਨਾਂ ਦੇ ਦਰਸ਼ਨ ਕਦੇ ਕਦਾਈ ਹੀ ਕਿਸੇ ਕਿਸਮਤ ਵਾਲੇ ਨੂੰ ਹੁੰਦੇ ਨੇ। ਅੱਜ ਚਿਰਾ ਬਾਅਦ ਮੇਰੀ ਕਿਸਮਤ ਜਾਗੀ ਹੈ। ਇਹ ਸਭ ਇਸ ਕਾਕਾ ਜੀ ਕਰਕੇ ਹੋਇਆ ਹੈ। ਇਹ ਕੋਈ ਰੱਬੀ ਜੀਵ ਹੈ।' ਇੰਜ ਕਹਿੰਦਿਆ ਕਹਿੰਦਿਆਂ ਇਕ ਵਾਰੀ ਫਿਰ ਮੁੜ ਮੇਰੇ ਪੈਰਾਂ ਨੂੰ ਦੋਵੇਂ ਹੱਥ ਲਾ ਕੇ ਚੁੰਮੇ। ਫਿਰ ਸਰਾਲ ਦੇ ਇਕ ਪਾਸਿਓ ਦੀ ਹੋ ਕੇ ਅਸੀਂ ਰਾਹ ਪਏ। ਪਿੰਡ ਪੁੱਜੇ, ਹਨੇਰਾ ਪੈ ਚੁੱਕਾ ਸੀ। ਘੋੜੀ ਨੇ ਸਾਰੀ ਗੱਲ ਪਿੰਡ ਵਿਚ ਮਿੰਟਾਂ ਸਕਿੰਟਾਂ ਵਿਚ ਧੁਮਾ ਦਿੱਤੀ। ਖੜੇ ਪੈਰੀ ਕੁਝ ਮਰਦ ਤੀਵੀਂਆਂ ਦੇਵਤਾ ਦੇ ਦਰਸ਼ਨਾਂ ਲਈ ਤੁਰ ਗਏ। ਪਰ ਛੇਤੀ ਹੀ ਮੁੜ ਆਏ। ਦੇਵਤਾ ਅਲੋਪ ਹੋ ਚੁੱਕੇ ਸਨ।

ਗਰਮੀਆਂ ਦੇ ਦਿਨ ਸਨ। ਕੋਠੇ ਉਤੇ ਘਰ ਦੇ, ਮਾਲਕ ਨੇ ਇਕ ਮੰਜੀ ਡਾਹ ਦਿੱਤੀ ਉਤੇ ਚਿੱਟੀ ਚਾਦਰ ਵਿਛਾ ਕੇ ਮੈਨੂੰ ਬਿਠਾ ਦਿੱਤਾ। ਸਾਹਮਣੇ ਭੋਏਂ ਉਤੇ ਦਰੀਆਂ ਵਿਛ ਗਈਆਂ। ਪਿੰਡ ਦੇ ਨਰ-ਨਾਰੀ, ਵਿਚੇ ਸਾਡੇ ਜਥੇ ਦੇ ਸ਼ਰਧਾਲੂ ਦਰੀਆਂ ਉਤੇ ਬੈਠ

ਗਏ। ਮੇਰੇ ਪ੍ਰਤੀ ਸਭ ਦੀਆਂ ਨਜ਼ਰਾਂ ਵਿਚ ਸ਼ੁਕਰਾਨੇ ਦੇ ਭਾਵ ਸਨ। ਉਹ ਆਉਂਦੇ, ਮੇਰੇ ਪੈਰਾਂ ਨੂੰ ਛੂੰਹਦੇ, ਨਮਸਕਾਰ ਕਰਦੇ ਅਤੇ ਪਿੱਛੇ ਹਟ ਕੇ ਬੈਠ ਜਾਂਦੇ। ਫਿਰ ਕੀਰਤਨ ਸ਼ੁਰੂ ਹੋਇਆ। ਤੀਵੀਆਂ ਭਜਨ ਗਾਉਣ ਲੱਗੀਆਂ। ਉਨ੍ਹਾਂ ਵਿਚੋਂ ਕੁਝ ਇਕ ਨੇ ਥਾਲੀ ਵਿਚ ਸੁੱਚੇ ਘਿਉ ਦਾ ਦੀਵਾ ਬਾਲ ਕੇ ਮੇਰੀ ਆਰਤੀ ਉਤਾਰੀ।

ਜੰਗਲ ਦੀ ਸਿਆਹ ਕਾਲੀ ਰਾਤ ਸੀ। ਮੱਕੀ ਦੇ ਫੁੱਲਾਂ ਵਾਂਗ ਖਿੜੇ ਤਾਰੇ ਟਹਿਕ ਰਹੇ ਸਨ ਜੰਗਲ ਵਿਚ ਬੀਂਡਿਆਂ ਨੇ ਨਾਦ ਸੂਰ ਦੀ ਧੁਨ ਛੋਹੀ ਹੋਈ ਸੀ। ਛੱਤ ਉਤੇ ਤੀਵੀਂਆਂ ਭਗਤੀ ਰਸ ਦੇ ਗੀਤ ਗਾ ਰਹੀਆਂ ਸਨ। ਖੜਤਾਲਾਂ ਖੜਕ ਰਹੀਆਂ ਸਨ। ਪੈਨਸੀਆਂ (ਛੋਟੀਆਂ ਛੈਣੀਆਂ) ਦੀ ਟੁਣਕਾਰ ਸੀ। ਸਮੁੱਚਾ ਆਲਾ ਦੁਵਾਲਾ ਸੰਗੀਤਮਈ ਹੋਇਆ ਪਿਆ ਸੀ।

ਪਿੰਡ ਵਾਸੀ ਇਕ ਤਰ੍ਹਾਂ ਦੇ ਅਨੁਮਾਦ ਵਿਚ ਸਨ। ਕਿਸੇ ਕੁਦਰਤ ਜਿਹੇ ਨਸ਼ੇ ਨਾਲ ਸਰਸਾਰ ਹੋਏ ਹੋਏ। ਜ਼ਿੰਦਗੀ ਵਿਗਸ ਰਹੀ ਸੀ, ਮੌਲ ਰਹੀ ਸੀ ਤੇ ਉਤੋਂ ਰਬ ਦੀਆਂ ਰਹਿਮਤਾਂ ਬਰਸ ਰਹੀਆਂ ਸਨ।

ਇਹ ਪ੍ਰੋਗਰਾਮ ਦੇਰ ਤੱਕ ਚਲਦਾ ਰਿਹਾ। ਮੈਂ ਇਕ ਮੂਕ ਦਰਸ਼ਕ ਬਣਿਆ ਹੈਰਾਨ ਨਜ਼ਰਾਂ ਨਾਲ ਇਹ ਸਭ ਤਮਾਸ਼ਾ ਜਿਹਾ ਵੇਖਦਾ ਰਿਹਾ।

ਫਿਰ ਕੀਰਤਨ ਦਾ ਭੋਗ ਪਿਆ। ਘਰ ਦੇ ਮਾਲਕ ਨੇ ਬੰਦਾ ਘੱਲ ਕੇ ਕਸਬੇ ਤੋਂ ਲੱਡੂ ਮੰਗਵਾ ਰੱਖੇ ਸਨ। ਪਹਿਲਾਂ ਲੱਡੂ ਮੇਰੇ ਮੂੰਹ ਵਿਚ ਲਵਾਇਆ ਗਿਆ ਅਤੇ ਫਿਰ ਲੱਡੂਆਂ ਦਾ ਪ੍ਰਸ਼ਾਦ ਵਰਤਾਇਆ ਗਿਆ। ਮੇਰੇ ਵੱਲ ਸ਼ਰਧਾਵਾਨ ਨਜ਼ਰਾਂ ਨਾਲ ਵਿੰਹਦੇ ਲੋਕ ਉਥੋਂ ਵਿਦਾ ਹੋਏ।

ਮੇਰੀ ਜ਼ਿੰਦਗੀ ਵਿਚ ਜਦੋਂ ਇਹ ਵਰਤਾਰਾ ਵਰਤਿਆਂ, ਉਦੋਂ ਮੈਂ ਬਾਲ-ਵਰੇਸ ਵਿਚ ਸਾਂ। ਜ਼ਿੰਦਗੀ ਖੇਡ ਖਿਡਾਉਣਿਆਂ ਤੱਕ ਹੀ ਮਹਿਦੂਦ ਸੀ। ਵਰਤਾਰੇ ਸੇਕਣ ਪਰਖਣ ਦੀ ਸੂਝ ਅਜੇ ਵਿਕਸਤ ਨਹੀਂ ਸੀ ਹੋਈ।

ਵਕਤ ਨਾਲ ਬਾਲ ਬੁੱਧ ਜਵਾਨ ਹੋਈ। ਮੈਂ ਜ਼ਿੰਦਗੀ ਦਾ ਗਣਿਤ ਪੜ੍ਹਿਆ ਪਤਾ ਲੱਗਾ ਦੋ ਵਿਚ ਦੋ ਜੋੜੀਏ ਤਾਂ ਉੱਤਰ ਚਾਰ ਹੁੰਦਾ ਹੈ। ਹਰ ਗੱਲ ਦੀ ਹਰ ਵਰਤਾਰੇ ਦੀ ਪਰਖ ਲਈ ਬੰਦੇ ਕੋਲ ਤਰਕ ਦੀ ਕਸਵੱਟੀ ਹੁੰਦੀ ਹੈ। ਜਿਸ ਉਤੇ ਲਾ ਕੇ ਸੱਚ ਝੂਠ ਦਾ ਨਿਤਾਰਾ ਹੋ ਜਾਂਦਾ ਹੈ। ਜਵਾਨੀ ਵਿਚ ਸੋਚਦਾ ਰਿਹਾ ਹਾਂ, ਏਡੇ ਭਲੇ ਲੋਕ? ਏਨੇ ਸਿੱਧੇ? ਅੰਧਵਿਸ਼ਵਾਸ਼ੀ? ਭਰਮ ਭੁਲੇਖਿਆਂ ਵਿਚ ਫਾਥੇ। ਦੁਨੀਆਂ ਕਿੱਥੇ ਦੀ ਕਿੱਥੇ ਨਿਕਲ ਗਈ ਹੈ ਅਤੇ ਇਹ ਅਜੇ ਤਕ ਸੱਪਾਂ ਦੀ ਪੂਜਾ ਹੀ ਕਰੀ ਜਾਂਦੇ ਹਨ। ਜਿਹੜਾ ਸੱਪ ਦੇ ਦਰਸ਼ਨ ਕਰਵਾ ਦੇਵੇ, ਉਹ ਇਹਨਾਂ ਦਾ ਸਤਿਕਾਰਯੋਗ ਪਾਤਰ ਬਣ ਜਾਂਦਾ ਹੈ। ਅਨਪੜ੍ਹਤਾ, ਜਹਾਲਤ, ਅੰਧਵਿਸ਼ਵਾਸ......ਵਿਚਾਰੇ ਮੂੜ੍ਹ!

ਹੁਣ ਜ਼ਿੰਦਗੀ ਦੀ ਸ਼ਾਮ ਆ ਪਹੁੰਚੀ ਹੈ।
ਵਕਤ ਹੈ ਆਰਾਮ ਦਾ, ਜ਼ਿੰਦਗੀ ਦੀ ਸ਼ਾਮ ਦਾ।
ਬਣ ਨਾ ਏਨਾ ਬੇਵਫ਼ਾ, ਹੁਣ 'ਤੇ ਘਰ ਨੂੰ ਮੁੜ ਕੇ ਆ।
ਜੀਅੜਿਆ ਪਰਦੇਸੀਆ!

ਤਰਕਾਂ ਦਲੀਲਾਂ, ਸੁਫਨਿਆਂ ਦੀ ਦੁਨੀਆਂ ਵਿਚ ਭੌਂਦਾ ਪਰਦੇਸੀ ਬਣਿਆ ਮਨ ਘਰ ਮੁੜ ਆਇਆ ਹੈ। ਪਤਾ ਲੱਗਾ ਹੈ, ਜ਼ਿੰਦਗੀ ਸਦਾ ਹੀ ਦੋ ਜਮ੍ਹਾਂ ਦੋ ਚਾਰ ਨਹੀਂ ਹੁੰਦੀ। ਗਣਿਤ ਝੂਠਾ ਪੈ ਗਿਆ ਲਗਦਾ ਹੈ। ਜ਼ਿੰਦਗੀ ਕੋਲ ਇਕ ਗਣਿਤ ਹੋਰ ਵੀ ਹੈ। ਇਕ ਦਿਲ ਨਾਲ ਇਕ ਹੋਰ ਦਿਲ ਜੋੜੀਏ ਤਾਂ ਇਹ ਦੋ ਦਿਲ ਨਹੀਂ ਬਣਦੇ। ਇਕ ਹੀ ਹੋ ਜਾਂਦੇ ਹਨ। ਫਿਰ ਏਕ ਤੋਂ ਅਨੇਕ ਵਲ ਦਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਸੌ ਸ਼ਬਦਾਂ ਦੀ

ਵਾਰਤਿਕ ਦਾ ਇਕ ਟੁਕੜਾ ਲੈ ਲਉ। ਸਾਰੇ ਸ਼ਬਦ ਆਪਣੀ ਥਾਂ ਤੋਂ ਚੁੱਕ ਕੇ ਨਵੇਂ ਸਿਰੇ ਤੋਂ ਕੋਈ ਤਰਤੀਬ ਦੇ ਦੇਵੋ। ਇਕ ਸੁਹਜਮਈ ਕਵਿਤਾ ਬਣ ਜਾਂਦੇ ਹਨ। ਜ਼ਿੰਦਗੀ ਭਾਵਮਈ ਜਗਤ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਸੌ ਸ਼ਬਦ ਉਹੀ ਹਨ। ਮਸਤਿਕ ਦੇ ਗਣਿਤ ਅਨੁਸਾਰ ਉਹ ਅਜੇ ਵੀ ਸੌ ਹੀ ਹਨ। ਪਰ ਹਿਰਦੇ ਦੇ ਗਣਿਤ ਅਨੁਸਾਰ ਉਹ ਸੌ ਤੋਂ ਅੱਗੇ ਲੰਘ ਕੇ ਜ਼ਿੰਦਗੀ ਦਾ ਰਸ ਸੁਹਜ ਸਵਾਦ ਦੀ ਦਾਤ ਬਣ ਗਏ ਹਨ।

ਜਵਾਨੀ ਦੀ ਜ਼ਿੰਦਗੀ ਤਰਕਾਂ ਵਿਤਕਰਾ ਦੀ ਦੁਨੀਆਂ ਹੁੰਦੀ ਹੈ। ਸਕੂਲਾਂ, ਮਾਸਟਰਾਂ, ਪੁਸਤਕਾਂ ਰਾਹੀਂ ਮਨੁੱਖ ਬਹੁਤ ਸਾਰਾ ਗਿਆਨ ਅਰਜਤ ਕਰ ਲੈਂਦਾ ਹੈ। ਇਕ ਸਵੈਵਿਸ਼ਵਾਸ ਜਾਗਦਾ ਹੈ। ਪਰ ਰਜ਼ਾ ਦੀ ਖੇਡ ਨੂੰ ਨਾ ਸਮਝਣ ਵਾਲਾ ਮਨੁੱਖ ਆਪਣੇ ਆਪ ਨੂੰ ਹਰ ਕਾਰਜ਼ ਲਈ ਕਰਤਾ ਮਿਥ ਲੈਂਦਾ ਹੈ ਅਤੇ ਹਉਮੇ ਪਾਲ ਲੈਂਦਾ ਹੈ। ਸਿਰਫ਼ ਉਸੇ ਦਾ ਆਖਿਆ, ਸੋਚਿਆ ਜਾਂ ਕੀਤਾ ਸੱਚ ਰਹਿ ਜਾਂਦਾ ਹੈ, ਬਾਕੀ ਸਭ ਝੂਠ ਅਤੇ ਅੰਧਵਿਸ਼ਵਾਸ਼। ਇਹ ਮਸਤਕ ਦੇ ਤਲ ਉਤੇ ਜੀਵਿਆ ਜਾ ਰਿਹਾ ਜੀਵਨ ਹੈ। ਕੁਝ ਕੁਝ ਖੁਸ਼ਕ ਅਤੇ ਕੁਝ ਕੁਝ ਕਠੋਰ। ਮਾਨਸਿਕ ਤਣਾਓ ਵਿਚ ਗ੍ਰਸਤ ਜੀਵਨ। ਇਕੋ ਜੀਵਨ ਹਿਰਦੇ ਦੇ ਤਲ ਓਤੇ ਜਿਉਣਾ ਹੈ। ਮਸਤਿਕ ਤਲ ਉਤੇ ਨਿਰੇ ਵਿਚਾਰ ਹਨਉਂ ਹਿਰਦੇ ਤਲ ਉਤੇ ਨਿਰੇ ਭਾਵ, ਪ੍ਰੇਮ, ਸ਼ਰਧਾ, ਭਗਤੀ, ਨ੍ਰਿਤ, ਸੰਗੀਤ, ਆਨੰਦ ਵਿਸਮਾਦ।

ਸਦੀਆਂ ਤੋਂ ਜੰਗਲ ਦੀ ਹਦੂਦ ਅੰਦਰ ਜ਼ਿੰਦਗੀ ਗੁਜ਼ਾਰ ਰਹੇ ਉਨ੍ਹਾਂ ਲੋਕਾਂ ਦਾ ਮਸਤਿਕ ਅਜੇ ਏਨਾਂ ਨਹੀਂ ਸੀ ਹੋਇਆ ਕਿ ਉਹ ਦੋ ਜਮ੍ਹਾਂ ਦੋ ਦਾ ਉਤਰ ਪੂਰੇ ਵਿਸ਼ਵਾਸ਼ ਨਾਲ ਚਾਰ ਹੀ ਕਹਿ ਸਕਣ। ਉਹ ਹਿਰਦੇ ਤਲ ਦੇ ਸਰਲ ਸੂਛ ਅਤੇ ਸੂਖਮ ਭਾਵਨਾਵਾਂ ਵਾਲੇ ਲੋਕ ਸਨ, ਜਿਨ੍ਹਾਂ ਨੇ ਉਸ ਰਾਤ ਮੇਰੀ ਜ਼ਿੰਦਗੀ ਨੂੰ ਇਕ ਨਾ ਭੁਲ ਸਕਣ ਵਾਲੀ ਯਾਦ ਦੀ ਸੌਗਾਤ ਦਿੱਤੀ।

ਮੇਰੇ ਲਈ ਉਹ ਮਹਾਨ ਹਨ। ਮੈਂ ਉਨ੍ਹਾਂ ਦੀ ਯਾਦ ਨੂੰ ਪ੍ਰਣਾਮ ਕਰਦਾ ਹਾਂ।

ਬੁੱਧੀਜੀਵੀ ਜ਼ਿੰਦਗੀ ਨੂੰ ਜਾਣਦਾ ਹੈ, ਪਰ ਹਿਰਦਾ ਕੇਂਦਰਿਤ ਮਨੁੱਖ ਜ਼ਿੰਦਗੀ ਨੂੰ ਮਾਣਦਾ ਹੈ।

•

# ਸਿਤਾਰੋਂ ਸੇ ਆਗੇ....

ਪਿਛਲੇ ਕੁਝ ਅਰਸੇ ਤੋਂ ਪੰਜਾਬੀ ਪਰਚਿਆਂ/ਅਖ਼ਬਾਰਾਂ ਦੇ ਕਾਲਮਾਂ ਵਿਚ ਤਰਕਸ਼ੀਲਾਂ ਤੇ ਅਧਿਆਤਮਵਾਦੀਆਂ ਵਿਚਾਲੇ ਵਿਚਾਰਾਂ ਦੇ ਵਖਰੇਵੇਂ ਪੱਖੋਂ ਇਕ ਤਰ੍ਹਾਂ ਦਾ ਯੁੱਧ ਜਿਹਾ ਚਲ ਰਿਹਾ ਹੈ। ਅਖ਼ਬਾਰਾਂ, ਰਸਾਲਿਆਂ ਦੇ ਸੰਪਾਦਕਾਂ ਨੇ ਇਸ ਵਿਸ਼ੇ ਨੂੰ ਢੁਕਵੀਂ ਥਾਂ ਦੇ ਕੇ ਸ਼ਲਾਘਾਯੋਗ ਉੱਦਮ ਕੀਤਾ ਹੈ। ਇਸ ਨਾਲ ਇਕ ਤੇ ਸਾਹਿਤ ਜਗਤ ਵਿਚ ਇਕ ਮਹੱਤਵਪੂਰਨ ਪਰ ਅਣਛੋਹੇ ਵਿਸ਼ੇ ਵਲ ਪਾਠਕਾਂ ਦਾ ਧਿਆਨ ਖਿਚਿਆ ਗਿਆ ਹੈ ਤੇ ਦੂਜੇ ਜ਼ਿੰਦਗੀ ਦੇ ਰਹੱਸਮਈ ਵਰਤਾਰੇ ਨੂੰ ਸਮਝਣ ਸਮਝਾਣ ਤੇ ਇਸ ਬਾਰੇ ਚਿੰਤਨ ਦੀ ਰੁਚੀ ਪਨਪੀ ਹੈ।

ਸਮੇਂ ਸਮੇਂ ਸਿਰ ਛਪੇ ਇਹਨਾਂ ਲੇਖਾਂ ਨੂੰ ਪੜ੍ਹ ਕੇ ਖ਼ੁਸ਼ੀ ਵੀ ਹੁੰਦੀ ਹੈ ਤੇ ਹਾਸਾ ਜਿਹਾ ਵੀ ਆਉਂਦਾ ਹੈ। ਖ਼ੁਸ਼ੀ ਇਹ ਕਿ ਚੂੰਝਾਂ ਪਹੁੰਚਿਆਂ ਦੀ ਵਾਹਵਾ ਵਰਤੋਂ ਹੋ ਰਹੀ ਹੈ, ਤੇ ਹਾਸਾ ਏਸ ਗੱਲ ਦਾ ਕਿ ਅੱਧੇ ਭਰੇ ਗਲਾਸ ਨੂੰ–ਇਕ ਧਿਰ ਕਹੀ ਜਾ ਰਹੀ ਹੈ ਅੱਧਾ ਭਰਿਆ ਹੈ, ਤੇ ਦੂਜੀ ਧਿਰ ਇਸ ਨੂੰ ਅੱਧਾ ਖਾਲੀ ਹੈ–ਸਾਬਤ ਕਰਨ 'ਤੇ ਤੁਰੀ ਹੋਈ ਹੈ। ਇਕ ਧਿਰ ਕਹਿੰਦੀ ਹੈ, ਤੂੰ ਮੰਨਦਾ ਨਹੀਂ ਨਾ, ਇਸ ਲਈ ਤੂੰ ਲਾਈ ਲੱਗ, ਉਜੱਡ ਤੇ ਅੰਧਵਿਸ਼ਵਾਸ਼ੀ ਏ।' ਦੂਜਾ ਆਖਦਾ ਹੈ, 'ਮੰਨ ਨਾ ਮੰਨ ਅੱਧਾ ਖਾਲੀ ਹੈ, ਤੈਨੂੰ ਸਮਝ ਨਹੀਂ ਆ ਰਹੀ, ਕਿਉਂ ਕਿ ਤੂੰ ਨਾਸਤਕ ਏਂ।'

ਅੱਗੇ ਚਲ ਕੇ ਵੇਖਾਂਗੇ ਕਿ ਵਿਚਾਰਾਂ ਦੇ ਵਖਰੇਵੇਂ ਦਾ ਕੀ ਕਾਰਣ ਹੈ? ਇਹ ਸਾਰਾ ਅਡੰਬਰ ਹੈ ਕੀ?

ਗੱਲ ਗੁਰੂ ਨਾਨਕ ਦੇਵੀ ਜੀ ਦੇ ਇਕ ਉਂਕਾਰ ਤੋਂ ਸ਼ੁਰੂ ਕਰ ਲੈਂਦੇ ਹਾਂ।

ਗੁਰੂ ਸਾਹਿਬ ਕਹਿੰਦੇ ਹਨ, 'ਉਹ ਇਕ ਹੈ!' ਇਹ ਕੌਣ ਹੋਇਆ? ਇਹ 'ਉਹ' ਕੌਣ ਹੋਇਆ? ਇਹ 'ਉਹ' ਜਿਸ ਵੱਲ ਇਸ਼ਾਰਾ ਕੀਤਾ ਗਿਆ ਹੈ, ਇਸ ਜਗਤ ਦਾ, ਇਸ ਲੀਲ੍ਹਾ ਦਾ , ਇਸ ਸਾਰੇ ਪਸਾਰੇ ਦਾ ਸਰੋਤ ਹੈ, ਮੁੱਢ ਹੈ, ਜਿਸ ਵਿਚੋਂ ਇਹ ਦਿਸਦਾ ਜਗਤ ਰੂਪੀ ਰੁੱਖ ਮੌਲਿਆ, ਵਧਿਆ, ਫੈਲਿਆ ਅਤੇ ਮਹਿਕਿਆ ਹੈ।

ਫਿਰ ਗੁਰੂ ਸਾਹਿਬ ਕਹਿੰਦੇ ਨੇ, 'ਓਂ–ਅੰ–ਅੰ।'

ਇਸ 'ਓ...' ਦੇ ਅਰਥ?'

ਇਹ ਥੋੜੀ ਜਿਹੀ ਵਿਆਖਿਆ ਮੰਗਦਾ ਹੈ।

ਇਸ ਸ੍ਰਿਸ਼ਟੀ ਦੀ ਪੈਦਾਇਸ਼ ਤੋਂ ਪਹਿਲਾਂ ਦਾ ਨਕਸ਼ਾ ਗੁਰੂ ਗ੍ਰੰਥ ਸਾਹਿਬ ਦੇ ਰਾਗ ਮਾਰੂ ਵਿਚ ਬੜਾ ਸੁਹਣਾ ਖਿੱਚਿਆ ਗਿਆ ਹੈ ਅਰਬਦ ਨਰਬਦ ਧੁੰਧੂਕਾਰ, ਸੁੰਨ ਸਮਾਧ ਲਗਾਇੰਦਾ ਆਦਿ।

ਜਦੋਂ ਇਹ ਜਗਤ ਹੋਂਦ ਵਿਚ ਨਹੀਂ ਸੀ ਆਇਆ, ਪੂਰੇ ਦੇ ਪੂਰਾ ਇਹ ਪੁਲਾੜ, ਬ੍ਰਹਿਮੰਡ ਧੁੰਧੂਕਾਰਾ ਦੀ ਅਵਸਥਾ ਵਿਚ ਸੀ। ਰੰਗ–ਰੂਪ ਰਹਿਤ, ਆਕਾਰ

ਪ੍ਰਕਾਰ ਰਹਿਤ, ਸੁੰਨ ਸਮਾਧ ਦੀ ਅਵਸਥਾ ਵਿਚ ਸੀ, ਨਿਰਗੁਣ ਸੀ।

ਫਿਰ ਇਕ ਗੂੰਜ (ਸ਼ਬਦ) ਪੈਦਾ ਹੋਈ। ਇਕ ਨਾਦ ਤੇ ਇਸ ਦੇ ਨਾਲ ਹੀ ਪੁਲਾੜ ਗਤੀਸ਼ੀਲ ਹੋਇਆ। ਪੁਲਾੜ ਵਿਚ ਮੌਜੂਦ ਅਤਿ ਸੂਖਸ਼ਮ ਕਣ ਇਕ ਦੂਜੇ ਦੇ ਨਾਲ ਜੁੜਦੇ ਤੇ ਗੋਲ ਅਕਾਰ ਲੈ ਦੇ ਗਏ। ਅਰਬਾਂ ਖਰਬਾਂ ਵਰ੍ਹਿਆਂ ਵਿਚ ਇਸ ਨਿਰੰਤਰ ਵਰਤਾਰੇ ਦੁਆਰਾ ਇਹ ਨਿੱਕੇ ਵੱਡੇ ਸੂਰਜ ਬਣੇ। ਇਹਨਾਂ ਚੋਂ ਹੀ ਕੁਝ ਟੁਕੜੇ ਵੱਖ ਹੋ ਕੇ ਗ੍ਰਹਿ ਅਤੇ ਉਪ ਗ੍ਰਹਿ ਬਣੇ। ਹੋਰ ਅਰਬਾਂ ਖਰਬਾਂ ਸਾਲਾਂ ਬਾਦ ਇਹਨਾਂ ਉਤੇ ਜੀਵਨ ਦੇ ਅਨੁਕੂਲ ਵਾਤਾਵਰਣ ਪੈਦਾ ਹੋਇਆ। ਬੱਦਲ ਉਠੇ, ਸੈਂਕੜੇ ਵਰ੍ਹੇ ਮੀਂਹ ਪਏ। ਨੀਵੀਆਂ ਥਾਵਾਂ ਵਿਚ ਪਾਣੀ ਜਮ੍ਹਾ ਹੋਇਆ। ਪਹਿਲਾਂ ਪਾਣੀ ਦੇ ਜੀਵ ਪੈਦਾ ਹੋਏ। ਮੁੜ ਇਹਨਾਂ 'ਚੋਂ ਕੁਝ ਖੁਰਾਕ ਦੀ ਭਾਲ ਵਿਚ ਧਰਤ 'ਤੇ ਆਏ।...ਤੇ ਇੰਝ ਡਾਰਵਨ ਦੀ 'ਥਿਊਰੀ ਆਫ ਐਵੋਲਿਸ਼ਨ' (ਵਿਕਾਸ ਸਿਧਾਂਤ) ਅਨੁਸਾਰ ਗੱਲ ਅੱਜ ਦੇ ਮਨੁੱਖ ਤੱਕ ਪਹੁੰਚੀ।

ਸ੍ਰਿਸ਼ਟੀ ਦੀ ਉਤਪਤੀ ਬਾਰੇ ਲਾਏ ਇਸ 'ਅਨੁਮਾਨ ਨਾਲ ਕਰੀਬ ਦੁਨੀਆਂ ਦੇ ਸਭੇ ਧਰਮ ਸਹਿਮਤ ਹਨ। ਪੱਛਮ ਵਾਲੇ ਇਸ ਨੂੰ 'ਬਿੱਗ-ਬੋਂਗ' ਆਖਦੇ ਹਨ। ਮੁਸਲਮਾਨ ਆਖਦੇ ਨੇ: 'ਅੱਲ੍ਹਾ-ਤਾਲਾ ਨੇ ਕਿਹਾ-'ਕੁੰਨ' ਯਾਨੀ 'ਹੋ ਜਾ' ਤੇ ਇਹ ਸਭ ਕੁਝ ਹੋ ਗਿਆ।' ਹਿੰਦੂ ਮਤ ਗੂੰਜ ਦੇ ਪੈਦਾ ਹੋਣ ਦੀ ਗੱਲ ਕਰਦਾ ਹੈ।

ਤਰਕਸ਼ੀਲ ਆਖ ਸਕਦਾ ਹੈ-'ਗੂੰਜ ਪੈਦਾ ਹੋਈ, ਇਸ ਦਾ ਕੀ ਸਬੂਤ ਹੈ?' ਸਬੂਤ ਵਿਗਿਆਨਕ ਹੈ। ਤੁਸੀਂ ਇਕ ਪਤਲੀ ਛਮਕ ਲੈ ਕੇ ਹਵਾ ਵਿਚ ਮਾਰੋ....'ਸ਼ੂ-ਅ-ਅ-ਅ' ਸ਼ੂਕਰ ਪੈਦਾ ਹੁੰਦੀ ਹੈ। ਰੱਸੀ ਨਾਲ ਬੰਨ੍ਹਕੇ ਕੋਈ ਪੱਥਰ ਆਦਿ ਜ਼ੋਰ ਦੀ ਘੁਮਾਓ ਇਕ ਗੂੰਜਾਰ ਪੈਦਾ ਹੋਵੇਗੀ। ਪੁਲਾੜ ਵਿਚ ਅਰਬਾਂ ਖਰਬਾਂ ਗ੍ਰਹਿ/ਉਪਗ੍ਰਹਿ ਤੇਜ਼ ਗਤੀ ਨਾਲ ਚੱਕਰ ਕੱਟ ਰਹੇ ਹਨ। ਇਹਨਾਂ ਦੀ ਗਤੀ ਤੋਂ ਪੈਦਾ ਹੋਈ ਆਵਾਜ਼ ਹੀ ਸ੍ਰਿਸ਼ਟੀ ਦਾ ਸੰਗੀਤ ਹੈ.....ਅਨਹਦ ਨਾਦ ਹੈ। ਜੋ ਲਗਾਤਾਰ ਹੈ ਤੇ ਜਿਸ ਵਿਚ ਖੜੋਤ ਨਹੀਂ ਹੈ। ਇਹ ਮੁੱਢਲਾ ਸ਼ਬਦ ਹੈ ਜੋ ਸਾਨੂੰ ਸਾਡੇ ਸਰੋਤ ਨਾਲ ਜੋੜਦਾ ਹੈ। ਇਕ ਤਰ੍ਹਾਂ ਦਾ ਸੂਖਮ ਤੇ ਸਥੂਲ ਵਿਚਾਲੇ ਨਿਰਨਤ ਹੋਇਆ ਇਕ ਪੁਲ, ਇਕ ਸੰਪਰਕ ਸਾਧਨ, ਇਸ ਤੋਂ ਪਰੇ ਸੂਖਮ ਹੈ ਇਸ ਤੋਂ ਇਧਰ ਸਥੂਲ ਜਗਤ। ਇਹ ਸਥੂਲ ਨੂੰ ਸੂਖਮ ਵਲ ਲੈ ਕੇ ਜਾਣ ਦਾ ਸ਼ਬਦ ਹੈ।' ਗੁਰੂ ਸਾਹਿਬਾਨ ਤੇ ਹੋਰ ਸੰਤ ਮਹਾਤਾਵਾਂ ਨੇ ਬਾਰ ਬਾਰ ਜੋ ਸ਼ਬਦ ਨਾਲ ਜੁੜਨ ਦੀ ਗੱਲ ਕਹੀ ਹੈ। 'ਨਾਮ' ਜਪਣ ਦੀ ਜੋ ਗੱਲ ਆਖੀ ਹੈ ਉਹ ਨਾਮ ਉਹ ਸ਼ਬਦ ਇਹੀ ਅਨਹਦ ਨਾਦ ਹੈ।

ਮਨੁੱਖੀ ਭਾਸ਼ਾ ਵਿਚ ਇਸ ਮੁੱਢਲੇ ਸ਼ਬਦ ਦੀ ਵਿਆਖਿਆ ਕਿਵੇਂ ਕੀਤੀ ਜਾਵੇ? ਇਹ ਅਸੰਭਵ ਹੈ। ਸੋ ਸਾਡੇ ਰਿਸ਼ੀ ਮੁਨੀਆਂ ਨੇ ਇਸ ਨਾਲ ਮਿਲਦੀ ਜੁਲਦੀ ਆਵਾਜ਼ ਵਾਲਾ ਇਕ ਪ੍ਰਤੀਕ ਸ਼ਬਦ ਈਜਾਦ ਕੀਤਾ ਹੈ? ਜਿਵੇਂ ਕੋਈ ਇਸ ਅਗੰਮੀ ਸੁਰ ਨਾਲ ਸੁਰ ਮਿਲ ਕੇ ਕਹਿ ਰਿਹਾ ਹੋਵੇ-'ਓ...ਅ...ਅ ਨ'।

ਇਸ ਓ...ਅ...ਅ...ਅ...ਮ ਦਾ ਪ੍ਰਯੋਗ ਧਰਮ ਗ੍ਰੰਥਾਂ ਤੈ ਪੂਜਾ ਘਰਾਂ ਵਿਚ ਹੋਣ ਲੱਗ ਪਿਆ। ਇਹ ਸ਼ਬਦ ਸਾਡੀ ਭਾਸ਼ਾ ਦਾ ਅੰਗ ਬਣਿਆ ਜੋ ਅਨਹਦ ਨਾਦ ਵਲ ਸੰਕੇਤ ਕਰਦਾ ਹੈ।

'ੴ ਏਸ ਓਮ ਦਾ ਸਰਲੀਕਰਨ ਹੈ, ਜਾਂ ਕਹਿ ਲਵੋ ਕਿ ਉਚਾਰਨ ਪਖੋਂ ਪੰਜਾਬੀ ਸੁਭਾਅ ਜਾਂ ਬੋਲੀ ਦੇ ਵਧੇਰੇ ਅਨੁਕੂਲ ਹੈ। ਜੋ ਗੁਰੂ ਨਾਨਕ ਦੇਵੀ ਜੀ ਨੇ ਏਸੇ ਦੀ ਓਟ ਲਈ।

ਤੇ-ਕਾਰ?

ਕਾਰ ਦਾ ਅਰਥ ਹੈ ਲੀਕ, ਲਾਈਨ, ਰੇਖਾ।

ਕਿਹੜੀ ਰੇਖਾ?

ਉਹ ਰੇਖਾ ਜਿਸ ਦੇ ਪਾਰ 'ਉਹ' ਨਿਰਗੁਣ ਹੈ, ਰੂਪ-ਰੰਗਹੀਣ ਹੈ, ਅਕਰਿਪ੍ਰਚਾਰ ਰਹਿਤ ਹੈ, ਤੇ ਜਿਸ ਦੇ ਉਰਾਰ 'ਉਹ' ਸਰਗੁਣ ਹੋ ਜਾਂਦਾ ਹੈ, ਦਿਸਦਾ ਹੈ, ਛੋਹਿਆ ਜਾ ਸਕਦਾ ਹੈ।

ਤੇ ਇੰਜ ਗੁਰੂ ਨਾਨਕ ਦਾ ਇਹ '੧ਓ-ਕਾਰ' ਸਾਰੇ ਰਹੱਸ ਤੋਂ ਪਰਦਾ ਚੁੱਕ ਦੇਂਦਾ ਹੈ।

ਇਹ ਸਪਸ਼ਟ ਹੋ ਜਾਂਦਾ ਹੈ ਕਿ-ਇਕ ਸ਼ਕਤੀ ਹੈ ਸਰਬ ਵਿਆਪਕ ਹੈ। ਦੋ ਰੂਪ ਹਨ ਉਸ ਦੇ -ਸੂਖਮ ਅਤੇ ਸਥੂਲ। ਨਿਰਗੁਣ ਅਤੇ ਸਰਗੁਣ। ਇਹ ਸ਼ਕਤੀ ਪਲ ਪਲ ਵਿਗਸ ਵੀ ਰਹੀ ਹੈ ਤੇ ਵਿਨਾਸ਼ ਹੋਂਦੀ ਵੀ ਵਿਖਾਈ ਦੇ ਰਹੀ ਹੈ, ਜੋ ਅਸਲ ਵਿਚ ਵਿਨਾਸ਼ ਨੀਂ ਹੋਂਦੀ ਕੇਵਲ ਰੂਪ ਬਦਲਦੀ ਰਹਿੰਦੀ ਹੈ। ਸੂਖਮ ਤੋਂ ਸਥੂਲ ਤੇ ਸਥੂਲ ਤੋਂ ਸੂਖਮ ਵਲ ਦੀ ਪ੍ਰਕਿਰਿਆ। ਇੰਜ ਇਹ ਇਕੋ ਨੂਰ ਤੋਂ ਸਭ ਜਗ ਉਪਜਿਆ ਹੈ। ਜੀਵ ਜੰਤੂ, ਪੌਣ ਪਾਣੀ, ਰੁਖ ਬਨਾਸਪਤੀ ਜੋ ਕੁਝ ਵੀ ਦਿਸਦਾ ਅਦਿਸਦਾ ਹੈ, ਸਭ ਇਕੁ ਤੱਤ ਤੋਂ ਹੈ। ਏਸੇ ਲਈ ਇਸ ਨੂੰ ਤੱਤ ਸਤਿ ਕਿਹਾ ਗਿਆ ਹੈ।

ਅਧਿਆਤਮਵਾਦੀ ਦਿਸਦੇ ਜਗਤ ਨੂੰ, ਪਦਾਰਥ ਨੂੰ ਸਰਿਸ਼ਟੀ ਕਹਿੰਦਾ ਹੈ ਤੇ ਇਸ ਦੇ ਸੂਖਮ ਰੂਪ ਨੂੰ ਪ੍ਰਮਾਤਮਾ ਹੈ।

ਤੇ ਇਸ ਸਿਧਾਂਤ ਤੋਂ ਤਾਂ ਤਰਕਸ਼ੀਲ ਵੀ ਇਨਕਾਰੀ ਨਹੀਂ ਹਨ। ਉਹ ਮੰਨਦੇ ਹਨ ਕਿ ਸਾਰਾ ਸੰਸਾਰ ਪਦਾਰਥ ਦੀ ਉਪਜ ਹੈ। ਠੋਸ, ਤਰਲ ਤੇ ਗੈਸ ਹਾਲਤਾਂ ਵਿਚ ਇਹ ਪਦਾਰਥ ਮੌਜੂਦ ਹੈ। ਇਹ ਨਾ ਵਧਦਾ ਹੈ ਨਾ ਘਟਦਾ ਹੈ ਕੇਵਲ ਰੂਪ ਬਦਲਦਾ ਹੈ। ਬਰਫ ਠੋਸ ਹੈ, ਗਰਮੀ ਖਾ ਕੇ ਤਰਲ (ਪਾਣੀ) ਹੋ ਜਾਂਦੀ ਹੈ। ਦੋ ਗੈਸਾ ਨੂੰ ਨਿਸ਼ਚਿਤ ਮਾਤਰਾ ਵਿਚ ਮਿਲਾ ਦਿਉ ਉਹ ਪਾਣੀ ਬਣ ਜਾਂਦਾ ਹੈ। ਪਾਣੀ ਨੂੰ ਗਰਮ ਕਰੋ, ਭਾਫ ਬਣ ਜਾਵੇਗਾ, ਆਦਿ। ਪਦਾਰਥ ਦੇ ਸੂਖਮ ਕਣਾਂ ਇਲੈਕਟਰੋਨ, ਪ੍ਰੋਟੀਨ ਤੋਂ ਵੀ ਤਰਕਸ਼ੀਲ ਇਨਕਾਰੀ ਨਹੀਂ ਹਨ। ਉਹ ਇਸ ਨੂੰ ਮੰਨਦੇ ਤੇ ਇਸ ਨੂੰ 'ਕਾਸਮਿਕ ਐਨਰਜੀ' ਆਖਦੇ ਹਨ। ਅਧਿਆਤਮਵ ਦੀ ਇਸ ਨੂੰ ਸਰਬ ਵਿਆਪਕ ਸ਼ਕਤੀ ਆਖਦੇ ਹਨ। ਫਰਕ ਕੀ ਹੋਇਆ?

ਭਿੰਨ ਭੇਦ ਕਾਹਦਾ ਹੈ? ਕਾਹਦਾ ਝਗੜਾ ਹੈ?

ਭਿੰਨ ਭੇਦ ਜਾਂ ਵਖਰੇਵਾਂ ਤਾਂ ਕੇਵਲ ਦਰਿਸ਼ਟੀ ਕੋਣ ਦਾ ਹੀ ਹੈ। ਉਹੀ ਅੱਧਾ ਭਰਿਆ ਗਲਾਸ ਇਕ ਧਿਰ ਨੂੰ ਅੱਧਾ ਭਰਿਆ ਨਜ਼ਰ ਆਉਂਦਾ ਹੈ ਤੇ ਦੂਜੀ ਧਿਰ ਨੂੰ ਖਾਲੀ।

ਇਹ ਦਰਿਸ਼ਟੀਕੋਣ ਵੱਖ ਵੱਖ ਕਿਉਂ ਹੋਏ? ਤੇ ਇਹ ਭਰਮ ਭੁਲੇਖਾ ਕਾਹਦਾ?

ਆਉ ਇਸ ਨੂੰ ਸਮਝੀਏ।

ਮਨੁੱਖੀ ਇਤਿਹਾਸ ਦੇ ਪਰਦੇ ਪਿਛਾਂਹ ਵਲ ਪਰਤਦੇ ਜਾਈਏ ਤਾਂ ਅਸੀਂ ਅੱਜ ਤੋਂ ਚਾਰ ਪੰਜ ਹਜ਼ਾਰ ਸਾਲ ਪਹਿਲਾਂ ਦੇ ਸਮੇਂ ਵਿਚ ਜਾ ਪੁੱਜਦੇ ਹਾਂ। ਪ੍ਰਚੀਨ ਮਨੁੱਖੀ ਸਭਿਅਤਾ ਦੇ ਨਿਸ਼ਾਨ ਭਾਰਤ, ਚੀਨ, ਮੈਸੋਪੋਟੀਮੀਆਂ ਤੇ ਯੂਨਾਨ ਆਦਿ ਦੇਸ਼ਾਂ 'ਚ ਮਿਲਦੇ ਹਨ। ਸਾਡੇ ਪੁਰਖੇ ਜਿਉਂ ਜਿਉਂ ਚੇਤਨ ਤੇ ਪ੍ਰਬੁਧ ਹੁੰਦੇ ਗਏ, ਉਹਨਾਂ ਇਸ ਸ੍ਰਿਸ਼ਟੀ ਬਾਰੇ ਸੋਚਣਾ ਤੇ ਇਸ ਦੇ ਅਰਥ ਕਢਣੇ ਸ਼ੁਰੂ ਕੀਤੇ। ਆਵਾਜਾਈ ਦੇ ਸਾਧਨ ਅਜੇ ਵਿਕਸਿਤ ਨਹੀਂ ਸਨ ਹੋਏ। ਪੂਰਬ ਪੂਰਬ ਸੀ ਤੇ ਪੱਛਮ ਪੱਛਮ। ਵਿਚਾਰਾਂ ਦਾ ਆਦਾਨ ਪ੍ਰਦਾਨ ਨਹੀਂ ਸੀ ਹੋ ਸਕਦਾ। ਪੂਰਬ ਦੇ ਚਿੰਤਕਾਂ ਵਿਚ ਪਾਨਣੀ, ਵੇਦ-ਵਿਆਸ ਅਤੇ ਅਸਟਾਵਾਕਰ ਰਿਸ਼ੀਆਂ ਦੇ ਨਾਂਅ ਲਏ ਜਾ ਸਕਦੇ ਹਨ। ਪੱਛਮ ਵਿਚ

ਸੁਕਰਾਤ, ਅਰਸਤੂ ਤੇ ਅਫਲਾਤੂਨ ਆਦਿ ਮੁੱਖ ਸਨ।

ਪੱਛਮ ਵਾਲਿਆਂ ਦੀ ਸੋਚ ਏਥੋਂ ਸ਼ੁਰੂ ਹੋਈ:-ਇਹ ਪਦਾਰਥ ਕੀ ਸ਼ੈਅ ਹੈ? ਕਿਵੇਂ ਠੋਸ ਤੋਂ ਤਰਲ ਅਤੇ ਤਰਲ ਤੋਂ ਗੈਸ ਬਣਦਾ ਹੈ? ਇਹ ਕਿੰਨਾਂ ਤੱਤਾਂ ਤੋਂ ਬਣਿਆ ਹੈ?

ਇਸ ਵਿਚਾਰਧਾਰਾ ਅਧੀਨ ਪੱਛਮ ਦੇ ਵਿਗਿਆਨੀਆਂ ਨੇ ਪਦਾਰਥ ਉਤੇ ਤਜਰਬੇ ਕਰਨੇ ਸ਼ੁਰੂ ਕੀਤੇ। ਲਬਾਰਟਰੀਆਂ (ਪ੍ਰਯੋਗਸ਼ਾਲਾ) ਕਾਇਮ ਹੋਈਆਂ ਸਾਇੰਸ ਦੀਆਂ ਕਈ ਪ੍ਰਣਾਲੀਆਂ ਫਿਜ਼ਿਕਸ, ਕੈਮਿਸਟਰੀ, ਬਿਆਲੋਜੀ ਆਦਿ ਦੀ ਲੱਭਤ ਹੋਈ ਤੇ ਇਹ ਵਿਕਸਿਤ ਹੋਣ ਲੱਗੀਆਂ। ਇੰਜੀਨੀਅਰਿੰਗ ਵਿਕਸਿਤ ਹੋਈ। ਪਹਿਲਾਂ ਪਹਿਲ ਦਿਸਦੇ ਪਦਾਰਥ ਤੋਂ ਕੰਮ ਸ਼ੁਰੂ ਹੋਇਆ। ਪਹੀਆ, ਸ਼ਾਫਟ, ਗਰਾਰੀ ਆਦਿ ਪੁਰਜ਼ੇ ਬਣੇ। ਇਹਨਾਂ ਪੁਰਜ਼ਿਆਂ ਦੇ ਜੋੜ ਤੋਂ ਮਸ਼ੀਨਾਂ ਤਿਆਰ ਹੋਈਆਂ। ਹੋਰ ਅਗੇ ਚਲ ਕੇ ਬਿਜਲੀ ਦੀ ਲੱਭਤ ਹੋਈ। ਬਿਜਲਈ ਉਪਕਰਣਾਂ ਬਲ੍ਹਬ, ਹੀਟਰ ਆਦਿ ਬਣੇ। ਫਿਰ ਅਲੈਕਟ੍ਰਾਨ ਦਾ ਜੁਗ ਆਇਆ। ਪੇਪਰ ਅਤੇ ਰੀਮੋਟ ਕੰਟਰੋਲ ਵਰਗੀਆਂ ਅਨੇਕਾਂ ਕਰਾਮਾਤਾਂ ਅਸੀਂ ਵੇਖ ਰਹੇ ਹਾਂ ਅਜੇ ਇਹ ਕਰਮ ਜਾਰੀ ਹੈ।

ਪਦਾਰਥ ਚੂੰਕਿ ਦਿਸਦਾ ਹੈ। ਸਾਡੀ ਪਕੜ ਵਿਚ ਹੈ। ਅਸੀਂ ਇਸ ਉਤੇ ਸਿਧਾਂਤ, ਫਾਰਮੂਲੇ, ਦਲੀਲ ਆਦਿ ਲਾਗੂ ਕਰ ਸਕਦੇ ਹਾਂ। ਇਸ ਲਈ ਇਹ ਸਭ ਵਿਗਿਆਨਕ ਹੈ। ਅਸੀਂ 2+2 ਨੂੰ 4 ਸਿੱਧ ਕਰ ਸਕਦੇ ਹਾਂ। ਸਾਨੂੰ ਕੋਈ ਚਤੁਰ ਸਿਆਣਾ 2+2 ਬਰਾਬਰ ਹੈ 5 ਕਹਿ ਕੇ ਭਰਮਾ ਨਹੀਂ ਸਕਦਾ। ਸਾਡੇ ਕੋਲ ਤਰਕ ਹੈ...ਤੇ ਏਸ ਲਈ ਅਸੀਂ ਤਰਕਸ਼ੀਲ ਹਾਂ।

ਏਧਰ ਪੂਰਬ ਵਿਚ ਜੋ ਸੋਚ ਵਿਕਸਤ ਹੋਈ, ਉਸ ਦਾ ਪੱਛਮ ਦੀ ਸੋਚ ਪ੍ਰਣਾਲੀ ਨਾਲੋਂ ਭੇਦ ਹੈ। ਪੂਰਬ ਦੇ ਮੁਢਲੇ ਚਿੰਤਕਾਂ ਦੀ ਸੋਚ ਨੇ ਇਹ ਰਾਹ ਲਿਆ ਕਿ-ਇਹ ਜੋ ਦਿਸਦਾ ਜਗਤ ਹੈ, ਇਸ ਦਾ ਰਚਣਹਾਰਾ ਕੌਣ ਹੈ? ਵੁਹ ਕਿਥੇ ਰਹਿੰਦਾ ਹੈ? ਕਿਹੋ ਜਿਹਾ ਹੋਵੇਗਾ? ਇਹ ਜੀਵ ਕਿਥੋਂ ਆਉਂਦਾ ਹੈ? ਮਰਨ ਤੋਂ ਬਾਦ ਕਿਥੇ ਚਲਾ ਜਾਂਦਾ ਹੈ? ਆਦਿ....।

ਇਹ ਸੋਚ ਪ੍ਰਣਾਲੀ ਕਿਸੇ ਅਣਡਿੱਠ ਸ਼ਕਤੀ ਵਲ ਸੇਧਤ ਸੀ, ਇਸ ਲਈ ਇਸ ਦੀ ਵਿਆਖਿਆ ਅਸੰਭਵ ਸੀ। ਪੰਜੇ ਗਿਆਨ ਇੰਦਰੀਆਂ ਦੀ ਏਥੇ, ਇਸ ਰਹੱਸ ਨੂੰ ਸੁਲਝਾਣ ਲਈ ਕੋਈ ਪੇਸ਼ ਨਹੀਂ ਸੀ ਜਾ ਸਕਦੀ। ਇਸ ਲਈ ਪੂਰਬ ਦੇ ਚਿੰਤਕਾਂ ਨੇ ਅਨੁਮਾਨ ਤੇ ਅਨੁਭਵ ਤੋਂ ਕੰਮ ਤੇ ਸਿੱਟੇ ਕੱਢੇ।

ਅਧਿਆਤਮਵਾਦੀਆਂ ਅਨੁਸਾਰ ਜੀਵਨ ਹੈ। ਇਸ ਦੇ ਦੋ ਰੂਪ ਹਨ- ਦਿਸਦਾ ਤੇ ਅਣ ਦਿਸਦਾ, ਸੂਖਮ ਤੇ ਸਥੂਲ। ਸੂਖਮ ਅਥਾਹ ਸਾਗਰ ਨਿਆਈ ਹੈ। ਇਸ ਦਾ ਕੋਈ ਪਾਰਾਵਾਰ ਨਹੀਂ ਹੈ। ਇਹ ਸਦਾ ਤੋਂ ਹੈ, ਤੇ ਸਦਾ ਲਈ ਰਹੇਗਾ। ਜੀਵਨ ਦਾ ਮੂਲ ਤੱਤ ਇਹੀ ਹੈ। ਏਸੇ 'ਚੋਂ ਹੀ ਕੁਝ ਨਿਯਮਾਂ ਤਹਿਤ ਸਾਰਾ ਦਿਸਦਾ ਜਗਤ ਨਿਰਮਤ ਹੋ ਰਿਹਾ ਹੈ, ਤੇ ਮਿਟ ਕੇ ਫਿਰ ਏਸੇ ਵਿਚ ਸਮਾ ਜਾਂਦਾ ਹੈ ਤੇ ਇਹ ਪ੍ਰਕਿਰਿਆ ਹਰ ਵਕਤ ਜਾਰੀ ਹੈ। ਦਿਸਦਾ ਜਗਤ ਸਥਿਰ ਨਹੀਂ ਹੈ। ਪਲ ਪਲ ਬਦਲਣਹਾਰ ਹੈ। ਇਸ ਲਈ ਇਹ ਇਕ ਭਰਮ ਜਾਲ ਹੈ। ਸੁਪਨੇ ਨਿਆਈਂ ਹੈ। ਜਦੋਂ ਸਾਹਮਣੇ ਹੈ ਤਾਂ ਸੱਚ ਲਗਦਾ ਹੈ। ਜਦੋਂ ਬੀਤ ਜਾਂਦਾ ਹੈ ਤੇ ਸਾਨੂੰ ਜਾਪਦਾ ਹੈ-ਇਕ ਸੁਪਨਾ ਆਇਆ ਤੇ ਲੰਘ ਗਿਆ। ਅਸੀਂ ਖਾਹ ਮਖਾਹ ਹੀ ਸੱਚ ਕਰ ਜਾਣਿਆ।

ਤਰਕਸ਼ੀਲ ਕਹਿੰਦਾ ਹੈ-'ਇਹ ਆਤਮ ਅਨਾਤਮ ਕੁਝ ਨਹੀਂ ਐਵੇਂ ਮਨਘੜਤ ਵਹਿਮ ਭੁਲੇਖੇ ਹਨ। ਸਭ ਕੁਝ ਦਿਸਦਾ ਪਦਾਰਥ ਹੈ। ਏਸੇ ਦੇ ਹੀ ਜਦੋਂ ਕੁਝ ਤੱਤ ਕਿਸੇ ਨਿਸਚਿਤ ਮਾਤਰਾ ਵਿਚ ਇਕੱਠੇ ਹੋ ਜਾਂਦੇ ਹਨ ਤਾਂ ਇਸ ਵਿਚ ਚੇਤਨਾ ਪੈਦਾ ਹੋ ਜਾਂਦੀ

ਹੈ। ਇਹ ਚੇਤਨਾ ਜਾਂ ਜੀਵਨ ਇਕ ਤਰ੍ਹਾਂ ਦੀ ਬਾਈਪ੍ਰੌਡਕਟ ਹੈ। ਜਦੋਂ ਇਹ ਤੱਤ ਖਿਲਰ ਜਾਂਦੇ ਹਨ ਜਾਂ ਤੱਤ ਕਣਾਂ ਦੇ ਅਨੁਪਾਤ ਵਿਚ ਫ਼ਰਕ ਪੈ ਜਾਂਦਾ ਹੈ, ਤਾਂ ਇਸ ਚੇਤਨਾ ਦਾ ਵੀ ਨਾਲ ਹੀ ਭੋਗ ਪੈ ਜਾਂਦਾ ਹੈ। ਏਸ ਲਈ ਮੌਤ ਤੋਂ ਬਾਅਦ ਕੋਈ ਜੀਵਨ ਨਹੀਂ। ਇਹ ਪੁਨਰ ਜਾਮ ਤੇ ਭੂਤ ਪ੍ਰੇਤ ਸਭ ਬਕਵਾਸ ਹਨ।

ਪੱਛਮੀ ਜੀਵਨ ਦਰਸ਼ਨ ਤੇ ਪੂਰਬੀ ਜੀਵਨ ਦਰਸ਼ਨ ਦੋਹਾਂ ਦੇ ਆਪੋ ਆਪਣੀ ਥਾਂ ਕੁਝ ਰੋਸ਼ਨ ਪੱਖ ਹਨ ਕੁਝ ਹਨੇਰੇ ਜਾਂ ਘਾਟੇ ਵੰਦੇ। ਪੱਛਮੀ ਵਿਚਾਰਧਾਰਾ ਅਪਨਾਉਣ ਵਾਲਿਆਂ ਨੇ ਪਦਾਰਥ ਤੌਰ ਤੇ ਬਹੁਤ ਤਰੱਕੀ ਕੀਤੀ ਹੈ। ਨਿੱਤ ਨਵੀਆਂ ਕਾਢਾਂ ਕਢੀਆਂ ਹਨ ਅਤੇ ਇੰਜ ਜੀਵਨ ਵਿਚ ਸਰੀਰਕ ਸੁੱਖ ਸਾਧਨ ਪੈਦਾ ਕੀਤੇ ਹਨ। ਪਰ ਦੂਜੇ ਪਾਸੇ ਉਸ ਦੇ ਅੰਦਰ ਇਕ ਤਰ੍ਹਾਂ ਦਾ ਬਿਖਰਾਉ ਪੈਦਾ ਹੋਇਆ ਹੈ। ਲਾਲਸਾਵਾਂ, ਇੱਛਾਵਾਂ, ਹੋਰ ਵਧੀਆਂ ਹਨ। ਮਨੁੱਖ ਹਰ ਛਿਣ ਇਕ ਤਣਾਅ ਭਰਿਆ ਜੀਵਨ ਜੀਅ ਰਿਹਾ ਹੈ। ਬਹੁਤ ਕੁਝ ਪਾ ਕੇ ਵੀ ਮਨੁੱਖ ਤ੍ਰਿੱਪਤ ਨਹੀਂ ਹੋਇਆ ਹੈ। ਮਨ ਦਾ ਅਮਨ ਚੈਨ ਖੋਹ ਗਿਆ ਹੈ। ਭਟਕਣ ਵਿਚ ਵਾਧਾ ਹੋਇਆ ਹੈ। ਪ੍ਰਾਣੀ ਮਾਨਸਿਕ ਬੀਮਾਰੀਆਂ ਨਾਲ ਗ੍ਰਸਿਆ ਪਿਆ ਹੈ।

ਪੂਰਬੀ ਵਿਚਾਰਧਾਰਾ ਅਧੀਨ ਮਨੁੱਖ ਕੁਦਰਤ ਦੇ ਜ਼ਿਆਦਾ ਨੇੜੇ ਹੈ। ਆਪਣੇ ਅੰਦਰਲੇ ਕੇਂਦਰ ਬਿੰਦੂ ਨਾਲ ਜੁੜਿਆ ਹੋਇਆ ਹੈ। ਸਹਿਜ ਹੈ, ਸੰਤੋਖੀ ਹੈ, ਆਪਣੇ ਆਪ ਵਿਚ ਸਥਾਪਿਤ ਹੈ, ਪਰ ਪਦਾਰਥ ਪੱਖੋਂ ਬਹੁਤ ਪਿੱਛੇ ਰਹਿ ਗਿਆ ਹੈ।

ਥੋੜੇ ਸ਼ਬਦਾਂ ਵਿਚ ਪੱਛਮੀ ਜੀਵਨ ਫ਼ਿਲਾਸਫ਼ੀ ਬਾਹਰ ਮੁੱਖੀ ਹੈ ਤੇ ਪੂਰਬੀ ਅੰਤਰ ਮੁਖੀ। ਪੱਛਮ ਦਿਸਦੇ ਦੀ ਖੋਜ ਵਿਚ ਲੱਗਾ ਰਿਹਾ ਹੈ ਤੇ ਪੂਰਬ ਅਦਿਸਦੇ ਦੀ ਭਾਲ ਵਿਚ।

ਅੱਜ ਤੋਂ ਪੰਜ ਚਾਰ ਸੌ ਸਾਲ ਪਹਿਲਾਂ ਤਕ ਆਵਾਜਾਈ ਦੇ ਸਾਧਨ ਏਨੇ ਵਿਕਸਤ ਨਹੀਂ ਸਨ ਹੋਏ, ਜਿੰਨੇ ਅੱਜ ਹਨ। ਏਸ ਲਈ ਦੁਹਾਂ ਫਿਲਾਸਫ਼ੀਆਂ ਦੇ ਮੰਨਣ ਹਾਰੇ ਆਪੋ ਆਪਣੇ ਘੇਰੇ ਵਿਚ ਆਪੋ ਆਪਣੀ ਸੋਚ ਅਨੁਸਾਰ ਆਹਰੇ ਲੱਗੇ ਹੋਏ ਸਨ। ਪੱਛਮ ਪਦਾਰਥਕ ਖੋਜਾਂ ਰਾਹੀਂ ਟੈਕਨਾਲੋਜੀ ਨੂੰ ਵਿਕਸਤ ਕਰ ਰਿਹਾ ਸੀ ਤੇ ਪੂਰਬ ਸੱਚ ਦੀ ਖੋਜ ਵਿਚ ਯੋਗ ਤੇ ਭਗਤੀ ਮਾਰਗ ਜਿਹੇ ਸਿਧਾਂਤਕ ਰਾਹਾਂ ਦਾ ਪ੍ਰਚਾਰ ਕਰ ਰਿਹਾ ਸੀ।

ਸਾਡੀ ਸੋਚ, ਸਾਡੀ ਜੀਵਨ ਜਾਚ ਤੇ ਸਾਡੇ ਵਿਚਾਰਾਂ ਵਿਚ ਉਲਝਣਾਂ ਤੇ ਭਿੰਨ ਭੇਦ ਉਦੋਂ ਹੋਏ ਜਦੋਂ ਪੱਛਮ ਦਾ ਪੂਰਬ ਨਾਲ ਮੇਲ ਹੋਇਆ। ਇਹ ਦੋਵੇਂ ਵਿਚਾਰ ਧਾਰਾਵਾਂ ਇਕੋ ਪਲੇਟਫਾਰਮ ਤੇ ਆਣ ਇਕੱਠੀਆਂ ਹੋਈਆਂ। ਅਸੀਂ ਰਾਜਨੀਤਿਕ ਤੌਰ 'ਤੇ ਪੱਛਮ ਦੇ ਗੁਲਾਮ ਹੋਏ। ਪੜ੍ਹਾਈ ਦੀ ਗੁਰੂ ਕੁਲ ਪ੍ਰਥਾ ਅਲੋਪ ਹੋਣੀ ਸ਼ੁਰੂ ਹੋਈ। ਉਸ ਦੀ ਥਾਂ ਆਧੁਨਿਕ ਸਕੂਲ ਖੁਲਣੇ ਸ਼ੁਰੂ ਹੋਏ। ਜਿਥੇ ਪੱਛਮੀ ਵਿਚਾਰਧਾਰਾ ਤਰਜ਼ ਦੀ ਪੜ੍ਹਾਈ ਸ਼ੁਰੂ ਹੋਈ। ਅਸੀਂ ਪਦਾਰਥਵਾਦੀਆਂ ਦਾ ਪ੍ਰਭਾਵ ਗ੍ਰਹਿਣ ਕੀਤਾ। ਉਹਨਾਂ ਤਣਾਅ ਮੁਕਤ ਜੀਵਨ ਦੀ ਭਾਲ ਵਿਚ ਸਾਡੀ ਜੀਵਨ ਫ਼ਿਲਾਸਫ਼ੀ ਵਿਚ ਦਿਲਚਸਪੀ ਲੈਣੀ ਸ਼ੁਰੂ ਕੀਤੀ। ਇੰਜ ਇਹ ਦੋਵੇਂ ਦਰਸ਼ਨ ਰਲਗਡ ਹੋਏ। ਇਸ ਵਕਤ ਅਸੀਂ ਦੋਹਾਂ ਦੇ ਰਲੇ ਮਿਲੇ ਪ੍ਰਭਾਵ ਹੇਠ ਹਾਂ।

ਇਸ ਜਗ੍ਹਾ ਦੋ ਵਿਅਕਤੀ ਇਕੱਠੇ ਹੋ ਜਾਣ ਤਾਂ ਉਹਨਾਂ ਦੇ ਵਿਚਾਰ ਭਾਵੇਂ ਕਿੰਨਾ ਹੀ ਮੇਲ ਖਾਂਦੇ ਹੋਣ ਤਾਂ ਵੀ ਉਨੀ ਇੱਕੀ ਦਾ ਫਰਕ ਰਹਿ ਹੀ ਜਾਂਦਾ ਹੈ। ਇਹ ਵਿਚਾਰ ਵਿਰੋਧ ਵਿਸ਼ੇ ਦੀ ਸਾਰਥਕਤਾ ਚੋਂ ਨਹੀਂ ਉਪਜਦਾ, ਉਸ ਵਿਸ਼ੇ ਬਾਰੇ ਸਾਡੀ ਪੂਰੀ ਜਾਣਕਾਰੀ ਨਾ ਹੋਣਾ ਚੋਂ ਜਨਮ ਲੈਂਦਾ ਹੈ।

ਅਸਲ ਵਿਚ ਨਾ ਵਿਗਿਆਨੀ ਨਾਸਤਕ ਹੈ ਤੇ ਨਾ ਹੀ ਅਧਿਆਤਮਵਾਦੀ ਅੰਧ ਵਿਸ਼ਵਾਸ਼ੀ ਤੇ ਅਨਪੜ੍ਹ ਹੈ। ਇਹ ਦੋਵੇਂ ਹੀ ਗਿਆਨ ਪੱਖੋਂ ਪੂਰੇ ਨਹੀਂ ਹਨ। ਇਸ ਲਈ ਕਹਿ ਸਕਦੇ ਹਾਂ ਕਿ ਦੋਵੇਂ ਹੀ ਲਾਈ ਲੱਗ ਤੇ ਅੰਧ-ਵਿਸ਼ਵਾਸੀ ਹਨ। ਜੇ ਅਧਿਆਤਮਵਾਦੀ, ਬੁੱਧ, ਪਤੰਜਲੀ, ਮਹਾਂਬੀਰ ਤੇ ਵੇਦ ਵਿਆਸ ਦੀ ਸੋਚ ਤੋਂ ਅਗੇ ਨਹੀਂ ਗਏ ਤਾਂ ਆਪਣੇ ਆਪ ਨੂੰ ਤਰਕਸ਼ੀਲ ਕਹਿਣ ਵਾਲੇ ਵੀ ਨਿਊਟਨ, ਡਾਰਵਿਨ ਹੇਗਲ ਤੇ ਫਰਾਈਡ ਆਦਿ ਦੇ ਹਵਾਲੇ ਦੇਣ ਤਕ ਹੀ ਸੀਮਿਤ ਹੋ ਕੇ ਰਹਿ ਗਏ ਹਨ।

ਏਨਾ ਜ਼ਰੂਰ ਹੈ ਕਿ ਤਰਕਸ਼ੀਲੀਆ ਪਦਾਰਥ ਦੇ ਵਿਸ਼ਵਾਸੀ ਹੋਣ ਕਾਰਨ ਆਪਣੇ ਨਜ਼ਰੀਏ ਨੂੰ ਭਲੀ ਭਾਂਤ ਸਿਧ ਕਰ ਸਕਦਾ ਹੈ। ਕਿਉਂ ਕਿ ਇਸਦੇ ਬਾਰੇ ਦੱਸਣ ਲਈ ਮਨੁੱਖ ਕੋਲ ਭਾਸ਼ਾ ਹੈ, ਤਰਕ ਹੈ, ਸਿਧਾਂਤ ਹਨ ਤੇ ਵੇਖਣ ਪਰਖਣ ਲਈ ਅੱਖ ਹੈ ਤੇ ਬੱਧੀ ਹੈ।

ਅਧਿਆਤਮਵਾਦੀ ਦੀ ਸਮਸਿਆ ਇਹ ਹੈ ਕਿ ਉਹ ਅਦਿਖ ਵਿਚ ਵਿਸ਼ਵਾਸ਼ ਰਖਦਾ ਹੈ, ਜਿਸ ਨੂੰ ਜੀਵਿਆ ਮਹਿਸੂਸਿਆ ਤਾਂ ਜਾ ਸਕਦਾ ਹੈ ਬਿਆਨਿਆਂ ਨਹੀਂ ਜਾ ਸਕਦਾ। ਸਿਧ ਕਰਨਾ ਕਠਨ ਹੈ। ਭਾਸ਼ਾ ਦੀ ਅਸਮਰਧਤਾ ਕਾਰਨ ਉਹ ਪ੍ਰਤੀਕਾਂ ਦਾ ਸਹਾਰਾ ਲੈਂਦਾ ਹੈ, ਤਾਂ ਇਹ ਗੱਲ ਤਰਕਸ਼ੀਲ ਦੀ ਸਮਝ ਵਿਚ ਨਹੀਂ ਆਉਂਦੀ। ਅਧਿਆਤਮ ਧਰਮ ਨੂੰ ਧੌਲ (ਬਲਦ) ਨਾਲ ਤੁਲਨਾ ਦੇਂਦਾ ਹੈ ਤੇ ਆਖਦਾ ਹੈ 'ਧਰਤੀ ਧੌਲ ਦੇ ਸਿੰਗਾਂ ਤੇ ਖੜ੍ਹੀ ਹੈ', ਤਾ ਤਰਕਸ਼ੀਲ ਆਖਦਾ ਹੈ-

'ਨਿਰੀ ਗੱਪ! ਇਹ ਕਿੰਞ ਹੋ ਸਕਦਾ ਹੈ ਕਿ ਏਡੀ ਵੱਡ ਆਕਾਰੀ ਧਰਤੀ ਇਕ ਬਲਦ ਨੇ ਚੁਕ ਰਖੀ ਹੋਵੇ? ਇਹ ਤਾਂ ਨਿਊਟਨ ਦੀ ਥਿਊਰੀ ਅਨੁਸਾਰ ਆਕਰਸ਼ਨ ਸ਼ਕਤੀ ਦੁਆਰਾ ਪੁਲਾੜ ਵਿਚ ਤੈਰ ਰਹੀ ਹੈ।

ਜੇ ਕੋਈ ਅਧਿਆਤਮਵਾਦੀ ਚਿੱਤਰਕਾਰ ਵਿਸ਼ਨੂੰ ਨੂੰ ਕੰਵਲ ਫੁੱਲ 'ਚੋਂ ਪੈਦਾ ਹੋਇਆ ਵਿਖਾ ਕੇ ਇਹ ਕਹਿਣਾ ਚਾਹੁੰਦਾ ਹੈ ਕਿ ਪਾਲਣਹਾਰ ਦਾ ਹਿਰਦਾ ਕੰਵਲ ਨਿਆਈਂ ਕੋਮਲ ਹੈ, ਤਾਂ ਤਰਕਸ਼ੀਲ ਫ਼ਤਵਾ ਦੇਂਦਾ ਹੈ-

'ਅਨ-ਸਾਇੰਟਿਫਿਕ! ਤਰਕ ਨਹੀਂ ਮੰਨਦਾ। ਫੁੱਲ 'ਚੋਂ ਮਨੁੱਖ ਕਿਵੇਂ ਪੈਦਾ ਹੋ ਸਕਦਾ ਹੈ?'

ਕੌਣ ਊਣਾ ਹੈ? ਕੌਣ ਪੂਰਾ?

ਵਾਸਤਵ ਵਿਚ ਦੋਵੇਂ ਅਧੂਰੇ ਹਨ। ਏਸੇ ਲਈ ਇਕ ਦੂਜੇ ਉਤੇ ਅਧੂਰੇ ਹੋਣ ਦਾ ਇਲਜ਼ਾਮ ਲਾ ਰਹੇ ਹਨ। ਇਹ ਸ੍ਰਿਸ਼ਟੀ ਇਹ ਜਗਤ ਏਨਾ ਕੁ ਹੀ ਨਹੀਂ ਜਿੰਨਾ ਅਸਾਂ ਜਾਣ ਲਿਆ ਹੈ। ਕਿਸੇ ਨੂੰ ਅਧੂਰਾ ਕਹਿਣ ਨਾਲੋਂ ਚੰਗਾ ਹੈ ਹੋਰ ਜਾਨਣਾ, ਹੋਰ ਖੋਜ...ਨਿਰੰਤਰ ਖੋਜ, ਕਿਉਂ ਕਿ ਅੱਜ ਦਾ ਸੱਚ ਕਲ੍ਹ ਨੂੰ ਝੂਠ ਸਾਬਤ ਹੋ ਜਾਂਦਾ ਹੈ। ਕਲ੍ਹ ਨੂੰ ਜੇ ਕੋਈ ਵਿਗਿਆਨੀ ਉਠ ਕੇ ਇਹ ਸਾਬਤ ਕਰ ਦੇਵੇ ਕਿ ਧਰਤੀ ਦੀ ਖਿੱਚ (ਗ੍ਰੈਵਿਟੀ ਫੋਰਸ) ਹੋਰ ਕੁਝ ਨਹੀਂ-ਧਰਤੀ (ਇਸਤਰੀ ਲਿੰਗ) ਦੀ ਆਕਾਸ਼ (ਪੁਰਸ਼ ਲਿੰਗ) ਲਈ ਕਾਮ ਖਿੱਚ ਹੈ, ਕਿਉਂ ਕਿ ਸਾਰੀ ਸ੍ਰਿਸ਼ਟੀ ਦੀ ਹੋਂਦ ਹੀ ਕਾਮ-ਸੰਬੰਧਾਂ 'ਤੇ ਟਿਕੀ ਹੋਈ ਹੈ-ਤਾਂ ਨਿਊਟਨ ਵਿਚਾਰਾ ਝੂਠਾ ਪੈ ਜਾਵੇਗਾ।

ਇਸ ਸਾਰੇ ਵਰਤਾਰੇ ਨੂੰ ਸਮਝਣਾ ਏਡਾ ਸੌਖਾ ਨਹੀਂ, ਜਿੰਨਾ ਕਿ ਅਸਾਂ ਸਮਝ ਲਿਆ ਹੈ। ਉਹ ਬੇ-ਅੰਤ, ਬੇਅੰਤ! ਖੜੋਤ ਨੂੰ ਤੋੜੋ ਵਿਸ਼ਵਾਸਾ ਨੂੰ ਰੱਦ ਕਰੋ। ਅੱਗੇ ਵਧੋ, ਹੋਰ ਅੱਗੇ......ਕਿਉਂ ਕਿ-

'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ!!'

●

# ਜਾਗਦੇ ਰਹੋ

ਸੁਣਿਆ ਹੈ ਇਕ ਪੰਛੀ ਹੁੰਦਾ ਹੈ, ਜਿਸ ਦੇ ਅੱਗੇ ਦੁੱਧ ਤੇ ਪਾਣੀ ਮਿਲਾ ਕੇ ਧਰ ਦਈਏ, ਤਾਂ ਉਹ ਦੁਧ ਦੁਧ ਪੀ ਜਾਂਦਾ ਹੈ ਤੇ ਪਾਣੀ ਛੱਡ ਦਿੰਦਾ ਹੈ। ਇਸ ਪੰਛੀ ਨੂੰ ਹੰਸ ਕਹਿੰਦੇ ਹਨ।

ਇਹ ਵੀ ਸੁਣਿਆ ਹੈ ਕਿ ਆਦਮੀ ਦੇ ਅੰਦਰ ਨੇਕੀ ਤੇ ਬਦੀ, ਚੰਗਿਆਈ ਤੇ ਬੁਰਿਆਈ, ਦੁੱਧ ਤੇ ਪਾਣੀ ਦੇ ਮਿਲੇ ਹੋਣ ਦੀ ਤਰ੍ਹਾਂ ਆਪਸ ਵਿਚ ਰਲ ਗੱਡ ਹੋਏ ਹੁੰਦੇ ਹਨ। ਜੋ ਬੰਦਾ ਇਨ੍ਹਾਂ ਦੀ ਪਛਾਣ ਕਰਕੇ ਨੇਕੀ ਨੂੰ ਵੱਖ ਤੇ ਬਦੀ ਨੂੰ ਵੱਖ ਕਰ ਦੇਣ ਦੀ ਵਿਲੱਖਣ ਪ੍ਰਤਿਭਾ ਰੱਖਦਾ ਹੈ, ਉਸ ਨੂੰ ਪਰਮ ਹੰਸ ਕਿਹਾ ਜਾਂਦਾ ਹੈ। ਜਿਵੇਂ ਪਰਮ ਹੰਸ ਰਾਮ ਕ੍ਰਿਸ਼ਨਾ।

ਚੰਗੇ ਮੰਦੇ ਦਾ ਨਿਖੇੜਾ ਕਰ ਸਕਣ ਦੀ ਇਹ ਅਦੁਤੀ ਜਾਦੂਗਰੀ, ਇਹ ਸਮਰੱਥਾ ਕਿਵੇਂ ਹਾਸਲ ਹੋ ਸਕਦੀ ਹੈ?

ਬੜਾ ਸਰਲ ਢੰਗ ਹੈ। ਬਹੁਤ ਹੀ ਸੌਖਾ। ਬੱਸ ਸਿਰਫ਼ ਜਾਗਦੇ ਰਹੋ।

ਮੈਂ ਨਿੱਕਾ ਜਿਹਾ ਹੁੰਦਾ ਸਾਂ। ਪਾਕਿਸਤਾਨ ਅਜੇ ਨਹੀਂ ਸੀ ਬਣਿਆ। ਕਾਨੂੰਨ ਨੂੰ ਲੋਕਾਂ ਨੇ ਅਜੇ ਆਪਣੇ ਹੱਥ ਵਿਚ ਨਹੀਂ ਸੀ ਲਿਆ। ਰਾਜ ਪ੍ਰਬੰਧ ਚੰਗੀ ਤਰ੍ਹਾਂ ਚੱਲ ਰਿਹਾ ਸੀ, ਤਾਂ ਵੀ ਪਿੰਡਾਂ ਵਿਚ ਕਦੇ ਕਦਾਈਂ ਕੋਈ ਚੋਰੀ ਆਦਿ ਦੀ ਵਾਰਦਾਤ ਹੋ ਜਾਂਦੀ ਸੀ। ਪਿੰਡਾਂ ਵਾਲਿਆਂ ਆਮ ਤੌਰ ’ਤੇ ਇਕ ਸਾਂਝਾ ਚੌਕੀਦਾਰ ਰੱਖਿਆ ਹੁੰਦਾ ਸੀ, ਜੋ ਰਾਤ ਨੂੰ ਦੋ ਤਿੰਨ ਗੇੜੇ ਪਿੰਡ ਦੇ ਕੱਢਦਾ ਸੀ। ਗਲੀ ਵਿਚੋਂ ਲੰਘਦਾ ਉਹ ਹੱਥ ’ਚ ਫੜੇ ਸੋਟੇ ਦਾ ਖੜਾਕ ਕਰਦਾ ਉਚੀ ਦੇਂਣੀ ਵਾਜ ਮਾਰਦਾ–‘ਖ਼ਬਰਦਾਰ....ਚੋਰਾ ਦਾ ਵੇਲਾ ਹੋ ਗਿਆ ਬਈ, ਜਾਗਦੇ ਰਹੋ। ਕਿਸੇ ਕਿਸੇ ਦਾ ਨਾਂ ਲੈ ਕੇ ਵੀ ਉਹ ਪੁਕਾਰਦਾ–‘ਓ ਤਾਰਾ ਸਿੰਘ ਜਾਗਦੈਂ ਬਈ?’ ਤੇ ਤਾਰਾ ਸਿੰਘ ਉਤਰ ’ਚ ਆਖਦਾ ‘ਜਾਗਦਾ ਵਈਂ ਜਾਗਦਾ...’

ਇਹ ਜਾਗਣ ਉਸ ਨੀਂਦ ਚੋਂ ਹੁੰਦਾ ਸੀ ਜੋ ਦਿਨ ਭਰ ਦੇ ਕੰਮ ਕਾਜ ਤੋਂ ਉਪਜੇ ਥਕੇਵੇਂ ਨੂੰ ਲਾਹੁਣ ਲਈ ਬੰਦਾ ਸੌਂ ਜਾਂਦਾ ਹੈ। ਪਰ ਇਸ ਤੋਂ ਇਲਾਵਾ ਇਕ ਹੋਰ ਨੀਂਦ ਵੀ ਹੁੰਦੀ ਹੈ, ਜਿਸ ਤੋਂ ਜਾਗਣ ਲਈ ਚੌਕੀਦਾਰ ਰੱਖਣ ਵਰਗਾ ਕੋਈ ਪ੍ਰਬੰਧ ਅਜੇ ਮਨੁਖ ਕਰ ਨਹੀਂ ਸਕਿਆ। ਇਹ ਨੀਂਦ ਹੈ ਮਨੁੱਖ ਦੀ ਆਪਣੇ ਆਪ ਚੋਂ ਗ਼ੈਰ ਹਾਜ਼ਰ ਰਹਿਣ ਦੀ ਹੁੰਦੀ। ਇਹ ਨੀਂਦ ਸਾਰੀ ਉਮਰ ਦਾ ਰੋਗ ਹੈ। ਮਨੁੱਖ ਨੂੰ ਸਰੀਰ ਰੂਪੀ ਇਕ ਮਸ਼ੀਨ ਮਿਲੀ ਹੋਈ ਹੈ। ਮਸ਼ੀਨ ਵੀ ਆਟੋ ਮੈਟਿਕ। ਆਪਣੇ ਆਪ ਸਾਰੇ ਕੰਮ ਸਾਰੀ ਜਾਂਦੀ ਹੈ। ਬੰਦਾ ਰੋਟੀ ਖਾ ਰਿਹਾ ਹੈ। ਮੂੰਹ ਆਪਣੇ ਆਪ ਚੱਲੀ ਜਾ ਰਿਹਾ ਹੈ, ਦੰਦ ਆਪਣੇ ਕੰਮ ਦੇ ਰਹੇ ਹਨ, ਤੇ ਰੋਟੀ ਖਾਣ ਵਾਲਾ ਆਪ ਗ਼ੈਰ ਹਾਜ਼ਰ ਹੈ। ਉਹ ਇਕ ਪਲ ਅਤੀਤ ਦੀ ਕਿਸੇ ਸੁਖਾਵੀ ਘਟਨਾ ਵਿਚ ਉਲਝਿਆ ਪਿਆ ਹੈ, ਤਾਂ ਦੂਜੇ ਪਲ ਭਵਿੱਖ

ਦੀ ਕੋਈ ਯੋਜਨਾ ਘੜਨ ਵਿਚ ਮਸਰੂਫ ਹੋ ਜਾਂਦਾ ਹੈ। ਟੋਕਾ ਚਲ ਰਿਹਾ ਹੈ। ਪੱਠੇ ਕੁਤਰੇ ਜਾ ਰਹੇ ਹਨ। ਆਟੋਮੈਟਿਕ ਮਸ਼ੀਨ ਦੇ ਹੱਥ ਰੁੱਗ ਭਰ ਭਰ ਪੱਠਿਆਂ ਦੇ ਲਾ ਰਹੇ ਹਨ ਤੇ ਬੰਦਾ ਚੇਤਨ ਪੱਖ ਵੱਲੋਂ ਉਥੇ ਹਾਜ਼ਰ ਨਹੀਂ ਹੈ। ਕਿਸੇ ਹੋਰ ਹੀ ਦੁਨੀਆਂ ਦੀ ਸੈਰ ਕਰਦਾ ਫਿਰਦਾ ਹੈ। ਧਿਆਨ ਕਿਤੇ ਹੋਰ ਹੈ। ਤੇ ਇਸ ਬੇ-ਧਿਆਨੀ ਸਿੱਟੇ ਨਿਕਲਦੇ ਹਨ। ਟੋਕੇ ਵਿਚ ਆ ਕੇ ਹੱਥ ਵੱਢਿਆ ਜਾਂਦਾ ਹੈ। ਰੋਟੀ ਚਿਥਦਿਆਂ ਦੰਦੀ ਜੀਭ ’ਤੇ ਵੱਢੀ ਜਾਂਦੀ ਹੈ। ਕਾਰ ਚਲਾਉਂਦਿਆਂ ਗੈਰ ਹਾਜ਼ਰ ਬੰਦਾ ਅਚਾਨਕ ਐਕਸੀਡੈਂਟ ਕਰ ਬੈਠਦਾ ਹੈ।

ਇਹ ਐਕਸੀਡੈਂਟ ਜਾਂ ਦੁਰਘਟਨਾ ਕਹਿ ਲਉ, ਕਿਉਂ ਵਾਪਰਦੀ ਹੈ? ਕਿਉਂ ਕਿ ਮਨੁੱਖ ਸਰੀਰ ਪੱਖੋਂ ਕਿਸੇ ਹੋਰ ਸਮੇਂ ਸਥਾਨ ’ਤੇ ਹੁੰਦਾ ਹੈ ਤੇ ਮਾਨਸਿਕ ਪੱਖੋਂ ਕਿਸੇ ਹੋਰ ਸਮੇਂ ਸਥਾਨ ’ਤੇ। ਦੋਹਾਂ ਦਾ ਤਾਲ ਮੇਲ ਨਹੀਂ ਬੈਠਦਾ ਤੇ ਦੁਰਘਟਨਾ ਵਾਪਰ ਜਾਂਦੀ ਹੈ। ਦੁਰਘਟਨਾ ਤੋਂ ਬਚਣ ਲਈ ਜ਼ਰੂਰੀ ਹੈ ਕਿ ਇਕ ਸਮੇਂ ਮਨੁੱਖ ਦਾ ਸਰੀਰ ਤੇ ਸੋਚ ਜਾਂ ਚੇਤਨਾ ਇਕ ਸਥਾਨ ’ਤੇ ਹੋਣ। ਇਹ ਕਿੰਜ ਸੰਭਵ ਹੋ ਸਕਦਾ ਹੈ?

ਮਨੁੱਖ ਦੇ ਜਾਗਦੇ ਰਹਿਣ ਨਾਲ ਇਹ ਸੰਭਵ ਹੋ ਸਕਦਾ ਹੈ।

ਇਸ ਹਰ ਵਕਤ ਦੀ ਨੀਂਦ ’ਚੋਂ ਮਨੁੱਖ ਨੂੰ ਜਗਾਵੇ ਕੌਣ? ਜੋ ਮਨੁੱਖ ਬੈਠਾ ਪਰਮ ਹੰਸ । ਪਰਮ ਹੰਸ, ਦਰਅਸਲ ਮਨੁੱਖ ਅੰਦਰ ਪ੍ਰਚੰਡ ਹੋਈ ਸੋਝੀ ਦਾ ਨਾਂ ਹੈ। ਜਾਗ੍ਰਿਤ ਚੇਤਨਾ।

ਇਹ ਚੇਤਨਾ ਜਾਗ੍ਰਿਤ ਕਿਵੇਂ ਹੋਵੇ? ਜਾਗ੍ਰਿਤ ਤਾਂ ਖ਼ੈਰ ਕਿਸੇ ਨਾ ਕਿਸੇ ਮਾਤਰਾ ਵਿਚ ਹੈ ਈ , ਸਵਾਲ ਹੈ ਇਸ ਦਾ ਵਿਕਾਸ ਕਿਵੇਂ ਹੋਵੇ? ਕਿਹੜਾ ਚੌਕੀਦਾਰ ਲਿਆਈਏ ਜੋ ਹਰ ਪਲ ਇਸ ਨੂੰ ਜਾਗਦੇ ਰਹਿਣ ਲਈ ਆਵਾਜ਼ ਦਿੰਦਾ ਰਹੇ? ਆਵਾਜ਼ ਦੇਣ ਵਾਲਾ ਇਹ ਚੌਕੀਦਾਰ ਮਨੁਖ ਦੀ ਆਪਣੀ ਹੋਸ਼ ਹੀ ਹੋ ਸਕਦੀ ਹੈ। ਹੋਸ਼ ਪੂਰਵਕ ਜਿਉਣਾ। ਹੋਸ਼ ਨੂੰ ਵਿਕਸਿਤ ਕਰਨ ਨਈ ਮਨੁੱਖ ਸੰਵੇਦਨਸ਼ੀਲ ਹੋਵੇ।

ਸੰਵੇਦਨਸ਼ੀਲਤਾ ਕਿੰਜ ਵਿਕਸਿਤ ਹੋਵੇ?

ਸੰਵੇਦਨਸ਼ੀਲਤਾ ਗਿਆਨ ਇੰਦਰੀਆਂ ਦੀ ਸੱਚੀ ਸੁੱਚੀ ਵਰਤੋਂ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਤੁਸੀਂ ਰੋਟੀ ਖਾ ਰਹੇ ਹੋ। ਪੂਰਾ ਧਿਆਨ ਇਸ ਕਾਰਜ ਵਿਚ ਲੱਗਾ ਹੋਵੇ। ਵੇਖੋ, ਤੁਹਾਡਾ ਹੱਥ ਰੋਟੀ ਨਾਲੋਂ ਬੁਰਕੀ ਤੋੜ ਰਿਹਾ ਹੈ। ਵੇਖੋ ਇਸ ਹੱਥ ਮੂੰਹ ਵੱਲ ਵਧ ਰਿਹਾ ਹੈ, ਗਰਾਹੀ ਮੂੰਹ ਵਿਚ ਪਾ ਰਿਹਾ ਹੈ। ਦੰਦ ਆਪਣਾ ਕੰਮ (ਚਬਾਉਣਾ) ਸ਼ੁਰੂ ਕਰ ਰਹੇ ਹਨ, ਵੇਖੋ ਕਿਵੇਂ ਬੁਰਕੀ ਚਿੱਥਣ ਚਬਾਉਣ ਨਾਲ ਹੌਲੀ ਹੌਲੀ ਤਰਲ ਪਦਾਰਥ ਬਣਦੀ ਜਾ ਰਹੀ ਹੈ। ਮਹਿਸੂਸ ਕਰੋ ਇਸ ’ਚੋ ਮਿਲਦੇ ਸਵਾਦ ਨੂੰ। ਇਹ ਸਵਾਦ ਕੌਣ ਲੈ ਰਿਹਾ ਹੈ? ਹੋਸ਼ ਪੂਰਵਕ ਸੋਚੋ। ਆਮ ਤੌਰ ’ਤੇ ਬੇ-ਧਿਆਨੀ ’ਚ ਰੋਟੀ ਖਾਣ ਤੇ ਇੰਜ ਹੋਸ਼ ਪੂਰਵਕ ਰੋਟੀ ਖਾਣ ਦੇ ਸਵਾਦ ਦੇ ਅੰਤਰ ਦਾ ਕੁਝ ਹੋਰ ਹੀ ਮਜ਼ਾ ਆਵੇਗਾ। ਤੁਸੀਂ ਨਹਾ ਰਹੇ ਹੋ। ਪਾਣੀ ਦਾ ਮੱਗ ਭਰਦੇ ਹੱਥ ਨੂੰ ਧਿਆਨ ਨਾਲ ਵੇਖੋ। ਹੱਥ ਮੋਢੇ ਵੱਲ ਜਾ ਰਿਹਾ ਹੈ, ਵੇਖੋ! ਪਾਣੀ ਰੀੜ ਦੀ ਸੰਗਲੀ ਤੋਂ ਤਿਲਕਦਾ ਮਹਿਸੂਸ ਕਰੋ।

ਯਾਦ ਰੱਖੋ ਜਾਗਿਆ ਹੋਇਆ ਮਨੁੱਖ ਸਦਾ ਹੁਣ ਦੇ ਪਲ ਵਿਚ ਜਿਉਂਦਾ ਹੈ, ਵਰਤਮਾਨ ਦੇ ਛਿਣ ਵਿਚ। ਨਾ ਅਤੀਤ ਵਿਚ ਤੇ ਨਾ ਭਵਿੱਖ ਵਿਚ। ਅਤੀਤ ਤੇ ਭਵਿਖ ਵਿਚ ਜਿਉਣਾ ਨਿਰੀ ਭਟਕਣਾ ਹੈ। ਆਪਣੇ ਆਪ ’ਚੋਂ ਗੈਰ-ਹਾਜ਼ਰ ਹੋਣਾ ਹੈ।

●

# ਇਸ ਦੇਸ਼ ਕਾ ਯਾਰੋ ਕਿਆ ਹੋਗਾ...

ਲਗਦਾ ਹੈ ਮੈਂ ਗੁਆਚ ਗਿਆ ਹਾਂ। ਦੁਨੀਆਂ ਦੇ ਭਰੇ ਬਾਜ਼ਾਰ ਵਿਚੋਂ ਲੰਘ ਰਿਹਾ ਹਾਂ, ਪਰ ਇਕੱਲਾ ਹਾਂ। ਇਕ ਪਰਦੇਸੀ....ਕੋਈ ਵੀ ਤੇ ਮੋਹਮਈ ਨਜ਼ਰਾਂ ਨਾਲ ਮੇਰੇ ਵੱਲ ਨਹੀਂ ਵੇਖਦਾ, ਨਾ ਕੋਈ ਆਖਦਾ ਹੈ-ਇਧਰ ਆ ਦੋ ਘੜੀਆਂ ਬਹਿ ਕੇ ਦਿਲ ਦਾ ਦਰਦਾ ਸਾਂਝਾਂ ਕਰੀਏ। ਦੁਨੀਆਂ ਨਾਲੋਂ ਇਹ ਨੇੜਤਾ ਦਾ ਰਿਸ਼ਤਾ ਕਿਉਂ ਟੁੱਟ ਗਿਆ ਹੈ? ਇਹ ਉਪਰਾਮਤਾ ਕਿਉਂ ਹੈ? ਇਹ ਉਦਾਸੀਨਤਾ ਕਾਹਦੀ ਹੈ? ਇਕ ਸੋਚਵਾਨ ਦੀ ਨਜ਼ਰ ਨਾਲ ਸੋਚਦਾ ਹਾਂ ਤਾਂ ਲਗਦਾ ਹੈ-ਇਸ ਸਾਰੀ ਸਥਿਤੀ ਦਾ ਕਾਰਨ ਵਿਚਾਰਾਂ ਦੀ ਅਸਮਾਨਤਾ ਹੈ। ਮੈਂ ਨਰੋਈ ਸੋਚ ਦੇ ਲੋਕਾਂ ਦੀ ਭਾਲ ਵਿਚ ਹਾਂ। ਲੱਭਦੇ ਨਹੀਂ। ਮੇਰੇ ਚੌਹੀਂ ਪਾਸੀਂ ਸਿੱਖ ਹਨ, ਹਿੰਦੂ ਹਨ, ਈਸਾਈ ਹਨ ਅਤੇ ਹੋਰ ਸੰਪਰਦਾਇਕ ਵਿਅਕਤੀ ਤਾਂ ਹਨ ਪੀਰ ਸੱਚੇ ਸੁੱਚੇ ਲੋਕ ਨਹੀਂ, ਮਾਨਵੀ ਕਦਰਾਂ ਕੀਮਤਾਂ ਦੇ ਧਾਰਨੀ ਲੋਕ। ਬੁੱਧ ਵਿਵੇਕ ਵਾਲੇ ਲੋਕ। ਲੋਕਾਂ ਦੀ ਅੰਤਰ ਆਤਮਾ ਵਿਚੋਂ ਉਹ ਪਰਮਹੰਸ ਗਾਇਬ ਹੋ ਗਿਆ ਹੈ ਜੋ ਨੇਕੀ ਅਤੇ ਬਦੀ ਦਾ ਨਿਆਂ ਅਤੇ ਅਨਿਆਂ ਦਾ ਨਿਖੇੜਾ ਕਰ ਸਕਦਾ ਹੈ। ਚਾਰ ਚੁਫੇਰੇ ਕੂੜ ਦਾ ਰਾਜ ਹੋ ਗਿਆ ਹੈ, ਅੰਧ ਵਿਸ਼ਵਾਸ਼ ਨਾਲ ਲੋਕਾਈ ਗ੍ਰਹਿਣੀ ਗਈ ਹੈ। ਭੇਖੀ ਸਾਧਾਂ ਦੇ ਡੇਰੇ ਉੱਗ ਖਲੋਤੇ ਹਨ। ਧਾਗੇ ਹਨ, ਤਵੀਤ ਹਨ ਤੇ ਹੋਰ ਕਿੰਨਾ ਕੁਝ ਗੰਦ ਮੰਦ ਤਾਂ ਹੈ ਪਰ ਨਰੋਈ ਵਿਗਿਆਨਕ ਸੋਚ ਦੇ ਲੋਕ ਨਹੀਂ ਹਨ। ਮੈਂ ਕਿਸ ਨਾਲ ਦਿਲ ਦਰਦ ਫਰੋਲਾਂ?

ਇਸ ਘਾਤਕ ਮਾਹੌਲ ਦਾ ਸਿਰਜਕ ਕੌਣ ਹੈ? ਕੌਣ ਜ਼ਿੰਮੇਵਾਰ ਹੈ ਵਿਨਾਸ਼ ਰਾਹ ਪਈ ਇਸ ਭੋਲੀ ਭਾਲੀ ਲੋਕਾਈ ਵਿਚ ਪਨਪੀ ਇਸ ਨਾਕਾਰਾਤਮਕ ਸੋਚ ਦਾ? ਦੂਰ ਤਕ ਸੋਚੀਏ ਤਾ ਜ਼ਿੰਮੇਵਾਰੀ ਤਾਂ ਸਾਰੀ ਵਕਤ ਦੇ ਨਿਜ਼ਾਮ ਸਿਰ ਹੀ ਆਉਂਦੀ ਹੈ, ਦੇਸ਼ ਦੀ ਸਰਕਾਰ ਸਿਰ। ਅਸੀਂ 1947 ਵਿਚ ਆਜ਼ਾਦ ਹੋਏ ਸਾਂ। ਜੇ ਸਮੇਂ ਦੀ ਸਰਕਾਰ ਲੋਕ ਹਿਤੈਸ਼ੀ ਹੁੰਦੀ ਤਾਂ ਅੱਜ ਇਹ ਦਿਨ ਵੇਖਣੇ ਨਸੀਬ ਨਾ ਹੁੰਦੇ। ਸਿਸਟਮ ਨੂੰ ਨਾਂ ਤਾਂ ਲੋਕ ਤੰਤਰ ਦਾ ਦਿੱਤਾ, ਪਰ ਅਸਲ ਵਿਚ ਇਹ ਨਾ ਲੋਕਤੰਤਰ ਸੀ ਅਤੇ ਨਾ ਹੀ ਹੈ। ਲੋਕ ਤੰਤਰ ਦੀ ਆੜ ਵਿਚ ਜੋਕਾਂ ਦਾ ਲਹੂ ਪੀਣੀਆਂ ਲੋਕਾਂ ਦਾ ਟੋਲਾ ਸੱਤਾ ਦੀ ਕੁਰਸੀ 'ਤੇ ਬਿਰਾਜਮਾਨ ਹੋਇਆ ਸੀ ਜੋ ਅੱਜ ਵੀ ਬਿਰਾਜਮਾਨ ਹੈ। ਅਗਲੇ ਦੀ ਜੇਬ ਵਿਚੋਂ ਪੈਸਾ ਤਾਂ ਹੀ ਨਿਕਲਦਾ ਹੈ ਜੇ ਦਿਮਾਗੀ ਚਤੁਰਾਈ ਨਾਲ ਉਸ ਨੂੰ ਮੂਰਖ ਬਣਾਇਆ ਜਾਵੇ। ਸੋ ਅਸੀਂ ਮੂਰਖ ਬਣਾਏ ਜਾ ਰਹੇ ਹਾਂ। ਇਹ ਅਮਲ 1947 ਤੋਂ ਹੀ ਸ਼ੁਰੂ ਹੋ ਗਿਆ ਸੀ ਜੋ ਲਗਾਤਾਰ ਜਾਰੀ ਹੈ। ਲੋਕਤੰਤਰ ਹੁੰਦਾ ਤਾਂ ਲੋਕ ਹਿਤੈਸ਼ੀ ਸਰਕਾਰ ਵਜੂਦ ਵਿਚ ਆਉਂਦੀ ।ਵਿਗਿਆਨਕ ਲੀਹਾਂ 'ਤੇ ਪੜ੍ਹਾਈ ਦਾ ਪਸਾਰ ਹੁੰਦਾ। ਲੋਕਾਂ ਦੇ ਸਿਰਾਂ ਅੰਦਰ ਬੁੱਧ ਵਿਵੇਕ ਦੇ ਦੀਪਕ ਜਗਾਏ ਜਾਂਦੇ। ਨਰੋਈ ਸੋਚ ਪਨਪਦੀ। ਲੋਕਾਂ ਦੀ ਝੋਲੀ ਗਿਆਨ ਦੀ ਦਾਤ ਪਾਈ ਜਾਂਦੀ । ਲੋਕਾਂ ਨੂੰ ਪਤਾ ਲਗਦਾ-ਅਸੀਂ ਕੌਣ ਹਾਂ? ਸਾਡੇ ਕੀ

ਅਧਿਕਾਰ ਹਨ, ਮਨੁੱਖੀ ਸਮਾਜ ਕੀ ਹੈ, ਕਿਵੇਂ ਹੋਂਦ ਵਿਚ ਆਇਆ ਇਹ ਸਮਾਜ, ਸਾਡੀਆਂ ਇਸ ਪ੍ਰਤੀ ਕੀ ਕੀ ਜ਼ਿੰਮੇਵਾਰੀਆ ਹਨ। ਕੁਦਰਤ ਕੀ ਸ਼ੈਅ ਹੈ? ਇਸ ਦੇ ਨਿਯਮ ਕੀ ਹਨ? ਬ੍ਰਹਿਮੰਡ ਕੀ ਹੈ? ਇਸ ਦਾ ਵਿਸਤਾਰ ਕਿੰਨਾ ਕੁ ਹੈ? ਇਹ ਕਦੋਂ ਤੋਂ ਹੈ? ਕਦੋਂ ਤਕ ਰਹੇਗਾ? ਜੀਵਨ ਚੱਕਰ ਕੀ ਬੁਝਾਰਤ ਹੈ? ਅਰਥਚਾਰਾ ਕੀ ਬਲਾ ਹੈ? ਅਸੀਂ ਕਿਵੇਂ ਇਸ ਨਾਲ ਜੁੜੇ ਹੋਏ ਹਾਂ? ਸਰਕਾਰਾਂ ਕਿਵੇਂ ਹੋਂਦ ਵਿਚ ਆਉਂਦੀਆਂ ਹਨ? ਆਜ਼ਾਦ ਹੋਂਦ ਕੀ ਸ਼ੈਅ ਹੈ? ਆਜ਼ਾਦ ਸੋਚ ਕਿਸ ਨੂੰ ਆਖਦੇ ਹਨ? ਮਨੁੱਖੀ ਭਾਈਚਾਰਾ ਕੀ ਹੈ? ਧਰਮ ਕੀ ਹੈ? ਆਰਥਿਕ ਮਸਲੇ ਕਿਵੇਂ ਨਜਿੱਠੇ ਜਾਂਦੇ ਹਨ?

ਇਹ ਤੇ ਇੰਜ ਦੇ ਹੋਰ ਲੱਖਾਂ ਹਜ਼ਾਰਾਂ ਸਵਾਲਾਂ ਦੀ ਫਸਲ ਮਨੁੱਖ ਦੀ ਚੇਤਨਤਾ ਵਿਚ ਉਗਾਈ ਜਾਂਦੀ ਹੈ। ਇਸ ਦੇਸ਼ ਦਾ ਹਰ ਬੰਦਾ ਸੋਝੀਵਾਨ ਬਣਦਾ । ਰੌਸ਼ਨ ਦਿਮਾਗ, ਮਨੁੱਖੀ ਮਿਹਨਤ ਦਾ ਮੁਦਈ। ਦੇਸ਼ ਖੁਸ਼ਹਾਲ ਹੁੰਦਾ। ਸੂਝ ਵਿਸਤਾਰ ਪਾਂਦੀ। ਇਕ ਸੁਲਝਿਆ ਸੰਵਰਿਆ ਸਮਾਜ ਹੋਂਦ ਵਿਚ ਆਉਂਦਾ। ਪਰ ਹੋਇਆ ਸਭ ਕੁਝ ਇਸ ਦੇ ਉਲਟ ਹੈ।

ਸਾਡੇ ਪੈਰਾ ਅੱਗੇ ਜੋ ਵਿਕਾਸ ਦੇ ਰਾਹ ਉਤੇ ਪੈਣ ਲਈ ਕਾਹਲੇ ਸਨ। ਭ੍ਰਿਸ਼ਟਾਚਾਰ ਦੇ ਕੰਡੇ ਖਿਲਾਰੇ ਗਏ। ਜ਼ਿੰਦਗੀ ਝੂਠਫਰੇਬ ਦੀ ਦਲਦਲ ਵਿਚ ਖੁੱਭ ਗਈ ਹੈ। ਜਿਸ ਵਿਚੋਂ ਨਿਕਲਣਾ ਬੜਾ ਮੁਹਾਲ ਹੋ ਗਿਆ ਲਗਦਾ ਹੈ। ਸਾਡੇ ਕੋਲ ਇਕ ਜ਼ਬਰਦਸਤ ਤੇ ਆਧੁਨਿਕ ਪ੍ਰਚਾਰ ਮੀਡੀਆ ਹੈ। ਅਖ਼ਬਾਰਾਂ ਆਕਾਸ਼ਵਾਣੀ ਅਤੇ ਦੂਰਦਰਸਨ ਰਾਹੀਂ ਚਾਹੀਦਾ ਤਾਂ ਇਹ ਸੀ ਕਿ ਸਿਹਤਮੰਦ ਸਿੱਖਿਆ ਦਾ ਪ੍ਰਸਾਰ ਕਰਕੇ ਜਵਾਨੀ ਨੂੰ ਸਹੀ ਸੇਧ ਦਿੱਤੀ ਜਾਂਦੀ। ਪਰ ਹੋਇਆ ਕੀ ਹੈ? ਦੂਰਦਰਸ਼ਨ ਨੂੰ, ਆਕਾਸ਼ਵਾਣੀ ਨੂੰ ਕ੍ਰਿਕਟ ਦੀ ਐਂਟਰੀ ਵਾਸਤੇ ਵਰਤਿਆ ਜਾ ਰਿਹਾ ਹੈ। ਸਾਰਾ ਸਾਰਾ ਦਿਨ ਮੈਚ ਚੱਲਦੇ ਹਨ। ਜੱਟਾਂ ਦੇ ਪੁੱਤ, ਜਿਨ੍ਹਾਂ ਨੂੰ ਖੇਤਾਂ ਵਿਚ ਹੋਣਾ ਚਾਹੀਦਾ ਸੀ, ਵਿਦਿਆਰਥੀ, ਦਫ਼ਤਰਾ ਦੇ ਬਾਬੂ ਸਾਰਾ ਸਾਰਾ ਦਿਨ ਦੂਰਦਰਸ਼ਨਾਂ ਅਤੇ ਆਕਾਸ਼ਬਾਣੀ ਨਾਲ ਚਿੰਬੜੇ ਰਹਿੰਦੇ ਹਨ। ਜੋ ਵਕਤ ਮੈਚਾਂ ਤੋਂ ਬਚ ਜਾਂਦਾ ਹੈ, ਉਸ ਵਿਚ ਦੂਰਦਰਸ਼ਨ ਤੋਂ 'ਓਮ ਨਮੋ ਸ਼ਿਵਾਏ' ਅਤੇ 'ਜੈ ਮਾਤਾ ਦੀ' ਵਰਗੇ ਦਕਿਆਨੂਸ਼ੀ, ਚਮਤਕਾਰਾਂ ਨਾਲ ਭਰੇ ਲੜੀਵਾਰ ਸੀਰੀਅਲ ਵਿਖਾਏ ਜਾਂਦੇ ਹਨ। ਫਿਲਮਾਂ ਵਿਖਾਈਆਂ ਜਾ ਰਹੀਆਂ ਹਨ-ਡਿੰਸ਼ੂ ਡਿੰਸ਼ੂ ਅਤੇ ਮਾਰਧਾੜ ਨਾਲ ਭਰੀਆਂ ਹੋਈਆਂ, ਸਮਗਲਿੰਗ, ਬਲੈਕਮੇਲਿੰਗ, ਹਿੰਸਾ, ਕੁੜੀ ਕਿਵੇਂ ਫਸਾਣੀ ਹੈ, ਬਲਾਤਕਾਰ। ਇਹ ਸਭ ਕੁਝ ਸਾਡੀ ਜਵਾਨੀ ਨੂੰ ਸਿਖਾਇਆ ਜਾ ਰਿਹਾ ਹੈ।

ਸਰਕਾਰੀ ਸਕੂਲ ਹਨ। ਪੜ੍ਹਾਈ ਦਾ ਨਾਂ ਥੇਹ ਨਹੀਂ, ਅਧਿਅਪਕ ਟੋਲੀਆਂ ਵਿਚ ਬੈਠੇ ਗੱਪਬਾਜ਼ੀ ਕਰ ਰਹੇ ਹਨ। ਅਧਿਆਪਕਾਵਾਂ ਸਵੈਟਰ ਉਣ ਰਹੀਆਂ ਹਨ। ਇਮਿਤਿਹਾਨ ਆਉਂਦੇ ਹਨ। ਇਹ ਕੌਮ ਦੇ ਉਸਰਈਏ ਪ੍ਰਸ਼ਨਾਂ ਦੇ ਉੱਤਰ ਬਲੈਕ ਬੋਰਡ 'ਤੇ ਲਿਖ ਕੇ, ਪਰਚੀਆਂ ਵੰਡ ਕੇ, ਮੂੰਹੋਂ ਦੱਸ ਕੇ ਬੱਚਿਆਂ ਨੂੰ ਨਕਲ ਦੇ ਰਾਹ ਪਾਉਂਦੇ ਹਨ। ਸਕੂਲਾਂ ਦੇ ਨਤੀਜੇ ਸੌ ਪ੍ਰਤੀਸ਼ਤ ਆ ਰਹੇ ਹਨ। ਇਹਨਾਂ ਸਕੂਲਾਂ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋਏ ਲੋਕ ਪ੍ਰਾਈਵੇਟ ਪਬਲਿਕ ਸਕੂਲਾਂ ਦੀ ਸ਼ਰਣ ਜਾ ਰਹੇ ਹਨ। ਪੜ੍ਹਾਈ ਆਮ ਨਾਗਰਿਕ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਨੌਕਰੀਆਂ ਲਈ ਡਿਗਰੀਆਂ ਚਾਹੀਦੀਆ ਹਨ।

ਜਾਅਲੀ ਡਿਗਰੀਆਂ ਦੇਣ ਦੇ ਅਦਾਰੇ ਖੁਲ੍ਹ ਗਏ ਹਨ। ਇਹ ਡਿਗਰੀਆਂ ਝੋਲਿਆਂ ਵਿਚ ਪਾਈ ਜਵਾਨੀ ਥਾਂ ਥਾਂ 'ਤੇ ਰੁਲ ਰਹੀ ਹੈ। ਠੇਡੇ ਖਾ ਰਹੀ ਹੈ ਪੈਸਾ ਚਾਹੀਦਾ ਹੈ ਜਾਂ ਸਿਫ਼ਾਰਸ਼, ਕਿੱਥੋਂ ਆਵੇ? ਸਿਫਾਰਸ਼ ਪਵਾਉਣ ਲਈ ਟਾਊਟ ਲੱਭੇ ਜਾ

ਰਹੇ ਹਨ। ਜੋ ਅੱਧਾ ਕੁ ਪੈਸਾ ਆਪ ਖਾਂਦੇ ਹਨ, ਅੱਧਾ ਅੱਗੇ ਪਹੁੰਚਾਉਂਦੇ ਹਨ। ਜੇ ਕੋਈ ਵੀ ਇਸ ਰਾਹੋਂ ਲੰਘ ਕੇ ਕਿਸੇ ਦਫ਼ਤਰ ਵਿਚ ਲਗ ਜਾਂਦਾ ਹੈ, ਉਹ ਆਪਣਾ ਲੱਗਿਆ ਧਨ ਵੀ ਪੂਰਾ ਕਰਦਾ ਹੈ ਅਤੇ ਅੱਗੋਂ ਹੋਰ ਵੀ ਇਕੱਠਾ ਕਰਦਾ ਹੈ। ਕਦੇ ਸਕੂਲ ਮਾਸਟਰ ਨੂੰ ਚੜ੍ਹਨ ਲਈ ਸਾਇਕਲ ਨਹੀਂ ਸੀ ਲੱਭਦਾ, ਅੱਜ ਸਕੂਲ ਮਾਸਟਰ ਕਾਰਾਂ 'ਤੇ ਸਕੂਲ ਆਉਂਦੇ ਹਨ।

ਵੋਟ ਰਾਜ ਨੇ ਪਿੰਡ ਪਿੰਡ ਵਿਚ ਧੜੇ ਬੰਦੀ ਪੈਦਾ ਕੀਤੀ ਹੈ। ਤਾਏ ਚਾਚੇ ਦੇ ਮੁੰਡੇ ਇਕ ਸਰਪੰਚੀ ਦੀ ਨਿਗੂਣੀ ਕੁਰਸੀ ਲਈ ਇਕ ਦੂਜੇ ਵਿਰੁੱਧ ਤਲਵਾਰਾਂ ਬੰਦੂਕਾਂ ਚੁੱਕੀ ਫਿਰਦੇ ਹਨ। ਇਸ ਕੋਝੇ ਨਿਜ਼ਾਮ ਦੀਆਂ ਕੀ ਕੀ ਕਰਤੂਤਾਂ ਗਿਣੀਆਂ ਜਾਣ? ਪੂਰੇ ਦਾ ਪੂਰਾ ਦੇਸ਼ ਹੱਥਲ ਹੋ ਕੇ ਰਹਿ ਗਿਆ ਹੈ। ਬੇਵੱਸ, ਲਾਚਾਰ। ਨਿਰਉਤਸ਼ਾਹੀ 'ਚੋਂ ਉਪਜੀ ਇਕ ਤਰ੍ਹਾਂ ਦੀ ਸਿਥਲਤਾ। ਜਵਾਨੀ ਨਸ਼ਿਆਂ ਦੀ ਓਟ ਜਾ ਲਈ ਹੈ। ਮੈਂ ਦੁਨੀਆਂ ਦੇ ਭਰੇ ਬਾਜ਼ਾਰ ਵਿਚੋਂ ਲੰਘ ਰਿਹਾ ਹਾਂ। ਕੋਈ ਵੀ ਸਨੇਹ ਮਈ ਨਜ਼ਰਾਂ ਨਾਲ ਮੇਰੇ ਵੱਲ ਨਹੀਂ ਵੇਖਦਾ ਤੇ ਆਖਦਾ-ਆ, ਦੋ ਘੜੀਆ ਇਕੱਠੇ ਬੈਠ ਕੇ ਦਿਲ ਦੀਆਂ ਗੱਲਾਂ ਕਰੀਏ। ਇਹ ਸਭ ਲੋਕ ਰੋਟੀ ਲਈ ਇਧਰ ਓਧਰ ਭਟਕ ਰਹੇ ਹਨ। ਜੇ ਪੇਟ ਵਿਚ ਰੋਟੀ ਨਹੀਂ ਤਾਂ ਰਿਸ਼ਤੇ ਕਾਹਦੇ? ਸਨੇਹ ਸਾਂਝਾ ਦੇ ਕੀ ਅਰਥ? ਲਗਦਾ ਹੈ-ਮੈਂ ਗੁਆਚ ਗਿਆ ਹਾਂ। ਦੁਨੀਆਂ ਦੇ ਇਸ ਭਰੇ ਬਾਜ਼ਾਰ ਵਿਚ ਮੈਂ ਕੱਲਮਕਾਰਾ ਫਿਰ ਰਿਹਾ ਹਾਂ। ਉਦਾਸ ਹਾਂ ਮੈਂ।

•

# ਬਹੁਤ ਨਿਕਲੇ ਮੇਰੇ ਅਰਮਾਨ, ਫਿਰ ਭੀ...

ਉਰਦੂ ਦਾ ਇਹ ਸ਼ਿਅਰ ਬਹੁਤ ਨਿਕਲੇ ਮੇਰੇ ਅਰਮਾਨ, ਫਿਰ ਭੀ ਕਮ ਨਿਕਲੇ, ਉਮਰ ਪੱਖੋਂ ਮੇਰੀ ਅੱਜ ਦੀ ਅਵਸਥਾ 'ਤੇ ਬਹੁਤ ਢੁੱਕਦਾ ਹੈ। ਜ਼ਿੰਦਗੀ ਦੀਆਂ ਅਠੱਤਰ ਬਹਾਰਾਂ ਪੂਰੀਆਂ ਕਰ ਲਈਆਂ ਹਨ ਤਾਂ ਵੀ ਅਜੇ 'ਬੁੱਢਾ' ਅਖਵਾਉਣ ਨੂੰ ਦਿਲ ਨਹੀਂ ਮੰਨਦਾ। ਇਕ ਤੇ ਉਂਜ ਹੀ 78 ਸਾਲ ਵੀ ਕੋਈ ਉਮਰ ਹੁੰਦੀ ਏ, ਬੁੱਢੇ ਅਖਵਾਉਣ ਦੀ? ਤੇ ਦੂਜੇ ਸੱਚ ਦੱਸਾਂ ਤਾਂ ਮੇਰੇ ਅੰਦਰ ਤਾਂ ਅਜੇ ਵੀ ਬਾਲ, ਜਿਸ 'ਚ ਇਸ ਦੁਨੀਆਂ ਨੂੰ ਇਸ ਜ਼ਿੰਦਗੀ ਦੇ ਰਹੱਸ ਨੂੰ ਜਾਨਣ ਦੀ ਉਤਸੁਕਤਾ ਅੰਗੜਾਈਆਂ ਲੈ ਰਹੀ ਹੈ। ਮੇਰਾ ਰੋਮ ਰੋਮ ਜੀਵਨ ਊਰਜਾ ਨਾਲ ਭਰਿਆ ਪਿਆ ਹੈ। ਮੈਂ ਫੈਲ ਜਾਣਾ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਇਹ ਜੋ ਬ੍ਰਹਿਮੰਡ ਹੈ ਮੇਰੀ ਹੋਂਦ ਦਾ ਵਿਸਥਾਰ ਹੈ। ਮੈਂ ਆਪਣੀ ਇਸ ਹੋਂਦ ਦਾ ਸਮੁੱਚ ਵਿਚ ਦੀਦਾਰ ਕਰਨਾ ਚਾਹੁੰਦਾ ਹਾਂ। ਆਪਣਾ ਆਪ ਆਸ਼ਿਕ ਬਣਨਾ ਲੋੜਦਾ ਹਾਂ, ਮੈਂ।

ਉਮਰ ਦੇ ਸਾਲਾਂ ਦੀ ਗਿਣਤੀ ਪੱਖੋਂ ਜਦੋਂ ਬਾਲ ਵਰੇਸ 'ਚ ਜਵਾਨੀ 'ਚ ਪੈਰ ਧਰ ਰਿਹਾ ਸਾਂ, ਤਾਂ ਸ੍ਰਿਸ਼ਟੀ ਦੇ ਕਣ ਕਣ 'ਚੋਂ ਹੁਸਨ ਦੇ ਝਾਉਲੇ ਪੈਣ ਲੱਗੇ ਸਨ। ਮੇਰੇ ਅੰਦਰ ਸੁੰਦਰਤਾ ਲਈ ਭੁੱਖ ਪੈਦਾ ਹੋਈ ਸੀ। ਇੰਜ ਲੱਗਦਾ ਸੀ-ਮੈਂ ਅਧੂਰਾ ਹਾਂ, ਕੋਈ ਤੀਵੀਂ ਹੈ ਜੋ ਗੁਆਚ ਗਈ ਹੈ। ਏਧਰ ਓਧਰ ਉਸ ਦੀ ਝਲਕ ਪੈਂਦੀ ਹੈ। ਪਰ ਉਹ ਸਾਕਾਰ ਨਹੀਂ ਹੋ ਰਹੀ। ਕਿਤੇ ਮਿਲ ਜਾਵੇ ਤਾਂ ਪੂਰਨ ਹੋ ਜਾਵਾਂ। ਹੁਸਨ ਨਾਲ ਮਾਲਾ ਮਾਲ ਕਈ ਔਰਤਾਂ ਦੇ ਦੀਦਾਰ ਹੋਏ, ਪਹਿਲੀ ਨਜ਼ਰੇ ਲੱਗਦਾ, ਹਾਂ ਇਹੀ ਹੈ, ਫਿਰ ਲਗਦਾ ਨਹੀਂ, ਇਹ ਉਹ ਨਹੀਂ ਜਿਸ ਦੀ ਮੈਨੂੰ ਤਲਾਸ਼ ਹੈ। ਇਹ ਤਲਾਸ਼ ਅੱਜ ਵੀ ਮੇਰੀ ਹੈ। ਹੁਸਨ ਭੁੱਖ ਤ੍ਰਿਸ਼ਨਾ ਮੇਰੀ ਅਜੇ ਮਰੀ ਨਹੀਂ।

ਸਮਰਸਟ ਮਾਹਮ ਇਕ ਮਸ਼ਹੂਰ ਲੇਖਕ ਹੋਇਆ ਹੈ, ਜਿਸ ਨੂੰ ਉਸ ਦੀ ਪੁਸਤਕ 'ਆਫ ਹਿਊਮਨ ਬਾਂਡੇਜ਼' ਲਈ ਨੋਬਲ ਇਨਾਮ ਨਾਲ ਨਿਵਾਜਿਆ ਗਿਆ ਸੀ। ਉਹ ਜਦ 75 ਸਾਲ ਦਾ ਹੋਇਆ ਤਾਂ ਸਨਮਾਨ ਸਮਾਰੋਹ ਵਿਚ ਉਸ ਤੋਂ ਪੁੱਛਿਆ ਗਿਆ-ਤੁਹਾਨੂੰ ਇਨੇ ਇਨਾਮ ਕਰਾਮ ਮਿਲੇ ਨੇ, ਤੁਸੀਂ ਦੌਲਤ ਵੀ ਬਹੁਤ ਕਮਾਈ ਹੈ, ਤੇ ਤੁਹਾਡੇ ਪਾਠਕਾਂ ਨੇ ਤੁਹਾਨੂੰ ਇੰਨਾ ਪਿਆਰ ਦਿੱਤਾ ਹੈ, ਹੁਣ ਤੇ ਤੁਸੀਂ ਜ਼ਿੰਦਗੀ ਨਾਲ ਪੂਰਨ ਤੌਰ 'ਤੇ ਸੰਤੁਸ਼ਟ ਹੋਵੋਗੇ?

ਮਾਹਮ ਨੇ ਪਲ ਦਾ ਪਲ ਸੋਚਿਆ ਤੇ ਫਿਰ ਬੋਲਿਆ-ਨਹੀਂ, ਮੈਂ ਪੂਰਨ ਤੌਰ 'ਤੇ ਸੰਤੁਸ਼ਟ ਨਹੀਂ ਹਾਂ ਤੇ ਇਸ ਦੇ ਕਾਰਨ ਹਨ। ਮੈਂ ਸਦਾ ਉਨ੍ਹਾਂ ਚੀਜਾਂ ਨੂੰ ਪਿਆਰ ਕੀਤਾ, ਚਾਹਿਆ ਜੋ ਸਦੀਵੀ ਨਹੀਂ ਸਨ, ਵਕਤੀ ਸਨ। ਜਦ ਉਹ ਚੀਜ਼ ਮੈਨੂੰ ਮਿਲ ਗਈ, ਮੈਂ ਖੁਸ਼ ਹੋ ਗਿਆ, ਜਦੋਂ ਵਕਤ ਪਾ ਕੇ ਖੁੱਸ ਗਈ, ਮੈਂ ਬੇਚੈਨ ਹੋ ਉਠਿਆ।

ਸਵਾਲ ਹੋਇਆ ਸਦੀਵਤਾ ਕਿੱਥੇ ਹੈ? ਮਾਹਮ ਨੇ ਉਤਰ ਦਿੱਤਾ-ਸਦੀਵਤਾ

ਹੁਸਨ 'ਚ ਹੈ। ਨੇਕੀ ਵਿਚ ਹੈ ਤੇ ਸੱਚ ਵਿਚ ਹੈ।

ਜੇ ਇਹੀ ਸਵਾਲ ਅੱਜ ਮੇਰੇ 'ਤੇ ਕੀਤਾ ਜਾਵੇ ਤਾਂ ਠੀਕ ਇਹੀ ਉਤਰ ਮੇਰਾ ਹੈ। ਮੇਰੀ ਜੇਬ ਵਿਚ ਚਾਰ ਪੈਸੇ ਆ ਗਏ, ਮੈਂ ਖੁਸ਼ ਹੋ ਗਿਆ। ਵਕਤ ਪਾ ਕੇ ਜੇਬ ਖਾਲੀ ਹੋ ਗਈ, ਮੇਰੀ ਖੁਸ਼ੀ ਜਾਂਦੀ ਰਹੀ। ਮਕਾਨ ਪਾ ਲਿਆ, ਖੁਸ਼ ਹੋ ਗਿਆ-ਇਹ ਮਕਾਨ ਮੇਰਾ ਹੈ। ਭੁਚਾਲ ਆਇਆ, ਮਕਾਨ ਡਿੱਗ ਪਿਆ, ਮੈਂ ਫਿਰ ਉਦਾਸ। ਮੇਰੀ ਪੁਸਤਕ ਛਪੀ, ਲੋਕਾਂ ਨੇ ਪ੍ਰਸੰਸਾ ਕੀਤੀ,ਮੈਂ ਨਿਹਾਲ। ਵਿਚੋਂ ਕਿਸੇ ਆਲੋਚਕ ਨੇ ਕੁਝ ਟਿੱਪਣੀਆਂ ਐਸੀਆਂ ਕਰ ਦਿੱਤੀਆਂ ਜੋ ਮੇਰੀ ਕਲਾ ਨੂੰ ਨਕਾਰਦੀਆਂ ਸਨ, ਮੈਂ ਢਹਿੰਦੀਆਂ ਕਲਾਂ 'ਚ। ਇੰਜ ਇਹ ਜ਼ਿੰਦਗੀ ਚੱਲਦੀ ਰਹੀ ਹੈ। ਸਾਲ ਆਉਂਦੇ ਰਹੇ, ਸਾਲ ਲੰਘਦੇ ਰਹੇ। ਨਿੱਕੇ ਨਿੱਕੇ ਹਾਸੇ, ਨਿੱਕੇ ਨਿੱਕੇ ਗ਼ਮ। ਜ਼ਿੰਦਗੀ ਦੀ ਚੱਲਦੀ ਚੱਕੀ ਦੇ ਆਸ਼ਾ, ਨਿਰਾਸ਼ਾ ਨਾਮੀਂ ਪੁੜਾਂ ਵਿਚਾਲੇ ਪਿਸ ਰਿਹਾ ਵਿਚਾਰਾ ਮਨੁੱਖ।

ਹੁਣ ਹਨੇਰੀ ਥੰਮ੍ਹ ਗਈ ਹੈ। ਮਿੱਟੀ ਘੱਟਾ ਬੈਠ ਗਿਆ ਹੈ। ਘਰ ਬਾਰ ਪੁੱਤਰਾਂ ਨੇ ਸਾਂਭ ਲਿਆ ਹੈ। ਉਨ੍ਹਾਂ ਦੀ ਜ਼ਿੰਮੇਵਾਰੀ। ਮੇਰਾ ਫਿਕਰ ਲੱਥਾ। ਮੇਰੇ ਮੋਢਿਆਂ ਤੋਂ ਭਾਰ ਲੈ ਗਿਆ ਹੈ। ਮਨ ਦੀ ਬੇ ਕਰਾਰੀ ਵਿਚ ਇਕ ਤਰ੍ਹਾਂ ਦਾ ਟਿਕਾਓ ਆ ਗਿਆ ਹੈ। ਮੈਂ ਆਪਣੇ ਘਰ ਮੁੜ ਆਇਆ ਹਾਂ। ਆਪਣੇ ਆਪ 'ਚ ਸਥਾਪਿਤ ਹੋ ਗਿਆ ਹਾਂ। ਜ਼ਿੰਦਗੀ ਨੂੰ ਵੇਖਣ ਦਾ ਮੇਰਾ ਨਜ਼ਰੀਆ ਬਦਲ ਗਿਆ ਹੈ। ਵਕਤੀ ਖੁਸ਼ੀਆਂ, ਕਦਰਾਂ ਕੀਮਤੀਆਂ ਕਿਹੜੀਆਂ ਹਨ ਤੇ ਸਦੀਵੀ ਕਿਹੜੀਆਂ? ਫ਼ਰਕ ਦੀ ਸਮਝ ਸਾਫ਼ ਹੁੰਦੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਜਿਸ ਹੁਸਨ ਦੀ ਭਾਲ ਮੈਂ ਉਮਰ ਭਰ ਬਾਹਰ ਕਰਦਾ ਰਿਹਾ ਹਾਂ, ਉਹ ਤਾਂ ਮੇਰੇ ਅੰਦਰ ਹੈ। ਮੇਰੇ ਅੰਦਰ ਹੁਸਨਾਂ ਦੇ ਭੰਡਾਰ ਪਏ ਨੇ। ਮੁਹੱਬਤ ਦਾ ਸੋਮਾ ਹੈ ਮੇਰੇ ਅੰਦਰ। ਮੇਰੇ ਅੰਦਰ ਇਹ ਸੁੰਦਰਤਾ ਕਿਥੋਂ ਆਈ? ਕਿਵੇਂ ਸਮੋਈ ਗਈ?

ਇਹ ਸੁੰਦਰਤਾ ਸ੍ਰਿਸ਼ਟੀ ਦੀ ਭਿੰਨਤਾ ਵਿਚ ਹੈ। ਕਿਆਸ ਕਰੋ ਜੇ ਸਾਰੇ ਰੁੱਖ ਇਕ ਸ਼ਕਲ ਦੇ ਹੁੰਦੇ। ਜੇ ਸਾਰੇ ਆਦਮੀ, ਸਾਰੀਆਂ ਤ੍ਰਿਮਤਾਂ ਇਕੋ ਸੱਚੇ 'ਚੋਂ ਨਿਕਲੇ ਇਕ ਰੰਗ ਰੂਪ ਵਾਲੇ ਹੁੰਦੇ ਤਾਂ ਇਹ ਦੁਨੀਆਂ ਕਿੰਨੀ ਅਕਾਊ ਹੁੰਦੀ? ਅੱਜ ਦੇ ਮਨੁੱਖ ਦਾ ਦੁਖਾਂਤ ਹੀ ਇਹ ਹੈ ਕਿ ਇਹ ਕੁਦਰਤ ਨਾਲੋਂ ਟੁੱਟ ਚੁੱਕਾ ਹੈ। ਜੋ ਮਨੁੱਖ ਜਿੰਨਾਂ ਕੁਦਰਤ ਦੀ ਨੇੜਤਾ ਮਾਣੇਗਾ, ਅੰਦਰ ਦੇ ਹੁਸਨ ਦੇ ਅਧਿਆਤਮਕ ਪੱਖੋਂ ਉਨ੍ਹਾਂ ਹੀ ਅਮੀਰ ਹੋਵੇਗਾ। ਕੁਦਰਤ ਚੂੰਕਿ ਸਦੀਵੀ ਹੈ, ਇਸ ਲਈ ਇਸ ਦੇ ਇਸ਼ਕ 'ਚੋਂ ਪ੍ਰਾਪਤ ਹੋਇਆ ਸੁਖ ਆਨੰਦ ਵੀ ਸਦੀਵੀ ਹੋਵੇਗਾ।

ਜਿੰਨਾ ਚਿਰ ਮੈਂ ਆਪਣੇ ਤੋਂ ਬਾਹਰ ਭੰਵਿਆਂ, ਇਕ ਭਟਕਣ ਵਿਹਾਜੀ ਰੱਖੀ ਪਰ ਇਹ ਵੀ ਜ਼ਿੰਦਗੀ ਦਾ ਤਕਾਜ਼ਾ ਸੀ। ਦੁਨੀਆਂਦਾਰੀ ਨਿਭਾਉਣ ਲਈ ਵਿਹਾਜਣੀ ਹੀ ਪੈਣੀ ਸੀ। ਹੁਣ ਅੰਦਰ ਮੁੜਿਆ ਹਾਂ ਤਾਂ ਚਿੰਤਾਵਾਂ, ਫਿਕਰਾਂ ਦਾ ਤੂਫ਼ਾਨ ਥੰਮ੍ਹ ਗਿਆ ਹੈ। ਆਪਣੇ ਆਪ ਵਿਚ ਸਰਸ਼ਾਰ ਹਾਂ। ਇਕ ਖੁਮਾਰੀ ਜਿਹੀ ਹੈ। ਅਤੀਤ ਵੱਲ ਬਹੁਤ ਘਟ ਨਜ਼ਰ ਜਾਂਦੀ ਹੈ। ਜਾਂਦੀ ਵੀ ਹੈ ਤਾਂ ਆਪਣੀਆਂ ਕਰਨੀਆਂ 'ਤੇ ਸ਼ਰਮਸ਼ਾਰ ਵੀ ਹੁੰਦਾ ਹਾਂ ਤੇ ਹੱਸਦਾ ਵੀ ਹਾਂ। ਮੈਂ ਭਰਾਵਾਂ ਨਾਲ ਮੁਕਦਮੇਬਾਜ਼ੀ ਕੀਤੀ। ਖੇਤਾਂ ਦੀਆਂ ਵੱਟਾਂ ਬੰਨਿਆਂ ਤੋਂ ਲੋਕਾਂ ਨਾਲ ਲੜਾਈਆਂ ਲੜੀਆਂ ਤੇ ਹੋਰ ਪਤਾ ਨਹੀਂ ਕੀ ਕੀ ਉਪੱਦਰ ਕੀਤੇ। ਇਹ ਭਲਾ ਕਾਹਦੇ ਲਈ ਸੀ ਸਭ ਕੁੱਝ? ਮੇਰੇ ਨਾਲ ਤਾਂ ਕੁਝ ਵੀ ਨਹੀਂ ਜਾਣਾ। ਮੈਂ ਭਲਾ ਇਹ ਕੀ ਮੂਰਖਤਾਈਆਂ ਕਰਦਾ ਰਿਹਾ? ਹਉਮੈ ਗ੍ਰਸਤ ਜੀਵਨ ਕਿੰਨਾ ਕੋਝਾ ਜੀਵਨ ਹੁੰਦਾ ਹੈ? ਹਉਮੈ ਦੀ ਐਨਕ ਲਾਹੀ ਹੈ, ਤਾਂ ਦੁਨੀਆਂ ਸੋਹਣੀ ਸੋਹਣੀ ਲੱਗਣ ਲੱਗ ਪਈ ਹੈ, ਪਿਆਰੀ ਪਿਆਰੀ। ਨਾ ਕਿਸੇ ਨਾਲ ਕੋਈ ਈਰਖਾ ਰਹੀ ਹੈ, ਨਾ ਵੈਰ, ਨਾ ਕਿਸੇ ਦਾ ਡਰ ਭਓ। ਨਿਰਵੈਰ, ਨਿਰਭਉ ਹੋਇਆ ਹਾਂ ਤਾਂ ਵਿਅਕਤੀਗਤ

ਸਵਤੰਤਰਤਾ ਦਾ ਅਹਿਸਾਸ ਹੋਇਆ ਹੈ। ਸ਼ੁਕਰਾਨੇ ਵਿਚ ਝੁਕਦਾ ਹਾਂ ਤਾਂ ਇਕ ਅਰਦਾਸ ਹੇਠਾਂ 'ਤੇ ਆਉਂਦੀ ਹੈ-ਤੇਰੇ ਭਾਣੇ ਸਰਬਤ ਦਾ ਭਲਾ। ਸਰਬੱਤ ਦਾ ਭਲਾ, ਇਕ ਨੂਰ ਰੂਪੀ ਸਰਬ ਵਿਆਪਕ ਸੱਚ ਦੀ ਸੋਝੀ ਵਿਚੋਂ ਹੀ ਮੰਗਿਆ ਜਾ ਸਕਦਾ ਹੈ।

ਪਰ ਹਾਏ, ਇਹ ਵਿਸਮਾਦਕ ਅਵਸਥਾ ਵੀ ਚਿਰ ਸਥਾਈ ਨਹੀਂ ਹੈ। ਇਸ ਦੇ ਝਲਕਾਰੇ ਮਿਲਦੇ ਹਨ। ਜਿਸ ਸਮਾਜ 'ਚ, ਇਸ ਮਾਹੌਲ 'ਚ ਮਨੁੱਖ ਜੀਅ ਰਿਹਾ ਹੈ, ਉਸਦੇ ਬੁਰੇ ਚੰਗੇ ਪ੍ਰਭਾਵਾਂ ਤੋਂ ਕਿਵੇਂ ਬਚ ਸਕਦਾ ਹੈ? ਤੱਤੀਆਂ ਲੂਆ ਚੱਲਦੀਆਂ ਹਨ, ਤਾਂ ਸਰੀਰ ਨੂੰ ਤਪਸ਼ ਦਾ ਅਹਿਸਾਸ ਤਾਂ ਹੁੰਦਾ ਹੀ ਹੈ।

ਸਮਾਧੀ ਉਖੜ ਜਾਂਦੀ ਹੈ। ਇਕ ਬੇ ਕਰਾਰੀ ਜਨਮ ਲੈਂਦੀ ਹੈ, ਦਿਲ ਵਿਚ ਇਕ ਅਰਮਾਨ ਉਠਦਾ ਹੈ-ਕਾਸ਼ ਮਨੁੱਖ ਜਾਤੀ ਨੂੰ ਸਰਬ ਵਿਆਪਕ ਸੱਚ ਤੇ ਸਦੀਵੀ ਕਦਰਾ ਕੀਮਤਾਂ ਦਾ ਗਿਆਨ ਹੋ ਜਾਵੇ ਤਾਂ ਸਵਰਗ ਧਰਤੀ 'ਤੇ ਹੀ ਉਤਰ ਆਵੇ। ਕਾਸ਼!

●

# ਕੁੰਡਲਿਨੀਂ ਕੀ ਹੈ?

ਨਿਰੀ ਪਰਿਭਾਸ਼ਾ ਹੀ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ, ਕਿ ਉਹ ਜੀਵਣ ਊਰਜਾ ਜੋ ਮੂਲਾ ਧਾਰ ਵਿਚ ਸਟੋਰ ਹੋਈ ਰਹਿੰਦੀ ਹੈ ਉਸ ਨੂੰ ਕੁੰਡਲਿਨੀਂ ਕਹਿੰਦੇ ਹਨ।

ਕਲਪਨਾ ਇਹ ਕੀਤੀ ਜਾਂਦੀ ਹੈ ਕਿ ਜਿਵੇਂ ਸੱਪ ਕੁੰਡਲੀ ਮਾਰ ਕੇ ਬੈਠਦਾ ਹੈ, ਇੰਜ ਹੀ ਇਹ ਸ਼ਕਤੀ ਕੁੰਡਲੀ ਮਾਰ ਕੇ ਮੂਲਾ ਧਾਰ ਚੱਕਰ ਵਿਚ ਬੈਠੀ ਹੋਈ ਹੈ। ਇਸ ਨੂੰ ਜਗਾ ਕੇ ਉਪਰ ਦੇ ਚੱਕਰ ਵਲ ਲਿਜਾਣ ਦੀ ਕਿਰਿਆ ਨੂੰ ਕੁੰਡਲਿਨੀਂ ਜਾਗ੍ਰਨ ਜਾਂ ਕੁੰਡਲਿਨੀਂ ਯੋਗਾ ਕਿਹਾ ਜਾਂਦਾ ਹੈ।

ਇਹ ਮੂਲਾ ਧਾਰ ਕੀ ਹੈ? ਇਹ ਉਪਰਲੇ ਚੱਕਰ ਕਿਹੜੇ ਹਨ? ਇਹ ਜੀਵਨ ਊਰਜਾ ਅਸਲ ਵਿਚ ਹੈ ਕੀ?

ਆਉ ਵਿਸਥਾਰ ਨਾਲ ਗੱਲ ਕਰੀਏ।

ਜੀਵਨ ਊਰਜਾ ਜਾਂ ਜੀਵਨ ਸ਼ਕਤੀ ਹੈ ਕੀ?

ਇਸ ਪੂਰੀ ਸਰਿਸ਼ਟੀ ਦੇ ਨਿਰਮਾਣ ਲਈ ਕੁਦਰਤ ਨੇ ਕਾਮ ਨੂੰ ਮਾਧਿਅਮ ਬਨਾਇਆ ਹੈ। ਜੀਵਨ ਚੋਂ ਸੈਕਸ ਮਨਫੀ ਕਰ ਦਈਏ, ਪੂਰੀ ਦੀ ਪੂਰੀ ਸਰਿਸ਼ਟੀ ਜਾਂ ਦਿਸਦਾ ਜਗਤ ਖ਼ਤਮ ਹੋ ਜਾਵੇਗਾ। ਹਰ ਜੀਵ ਜਾਤੀ ਵਿਚ ਜੀਵਨ ਇਕਾਈ ਦੇ ਦੋ ਅੰਗ ਹੋਂਦੇ ਹਨ-ਨਰ ਅਤੇ ਮਦੀਨ। ਇਹਨਾਂ ਦੁਹਾ ਦੇ ਮੇਲ (ਸੰਭੋਗ) ਤੋਂ ਹੀ ਨਵੇ ਜੀਵ ਦਾ ਜਨਮ ਹੁੰਦਾ ਹੈ।ਵਿਗਿਆਨੀ ਦਸਦੇ ਹਨ ਕਿ ਵਿਅਕਤੀ ਦੇ ਸਰੀਰ ਵਿਚ ਤਕਰੀਬਨ ਨੌਂ ਕਰੋੜ ਸੈੱਲ ਲੱਗੇ ਹੋਏ ਹਨ। ਜੋ ਆਪਣੇ ਆਪ ਵਿਚ ਪੂਰਨ ਜੀਵਨ ਇਕਾਈ ਹਨ। ਹਰ ਸੈੱਲ ਵਿਚ ਨਰ ਤੇ ਮਾਦਾ ਪਾਏ ਗਏ ਹਨ। ਇਹਨਾਂ ਦੇ ਆਪਸੀ ਮੇਲ ਤੋਂ ਨਿੱਤ ਨਵੇਂ ਸੈੱਲ ਬਣਾਂਦੇ ਰਹਿੰਦੇ ਹਨ। ਤੇ ਇਸ ਤੋਂ ਅੱਗੇ ਸੂਖਮਤਾ ਦੇ ਸਫਰ ਵਲ ਜਾਂਦਿਆਂ ਇਹ ਵੀ ਸਿੱਧ ਹੋ ਗਿਆ ਹੈ ਕਿ ਇਕ ਸੈੱਲ ਨੂੰ ਤਕਰੀਬਨ ਇਕ ਲੱਖ 'ਜੀਨ' ਲੱਗੇ ਹੋਏ ਹਨ। ਤੇ ਇਹ ਵੀ ਆਪਣੇ ਆਪ ਵਿਚ ਪੂਰਨ ਇਕਾਈ ਹਨ। ਤੇ ਇੰਜ ਹਰ ਪੜਾਅ ਤੇ ਕਾਮ ਕਿਰਿਆ ਰਾਹੀਂ ਹੀ ਜੀਵਨ ਮੌਲਦਾ ਤੇ ਵਿਗਸਦਾ ਹੈ।

ਕਾਮ ਕਿਰਿਆ ਸਮੇਂ ਜਿਸ ਤਰਲ ਪਦਾਰਥ (ਵੀਰਜ) ਦਾ ਰਿਸਾਉ ਹੋਂਦਾ ਹੈ ਉਹ ਸਾਡੇ ਸਰੀਰ ਵਿਚ ਤਕਰੀਬਨ ਤਿੰਨ ਕੁ ਸੌ ਗਿਲਟੀਆਂ (ਹਾਰਮੋਨਜ਼) ਰਾਹੀਂ ਪੈਦਾ ਕੀਤਾ ਜਾਂਦਾ ਹੈ ਅਤੇ ਅਖ਼ੀਰ ਮੂਲਾ ਧਾਰ ਵਿਚ ਸਟੋਰ ਹੁੰਦਾ ਰਹਿੰਦਾ ਹੈ। ਉਹਨਾਂ ਕਾਮ ਬਿੰਦੂਆਂ ਨੂੰ ਜਿੱਥੇ ਇਹ ਤਰਲ ਪਦਾਰਥ ਪੈਦਾ ਹੋਂਦਾ ਹੈ ਛੂਹਣ ਨਾਲ ਸਾਡੇ ਸਰੀਰ ਵਿਚ ਇਕ ਤਰ੍ਹਾਂ ਦੀ ਉਤੇਜਿਕ ਜਹੀ ਕਾਮ ਲਹਿਰ ਦੌੜ ਜਾਂਦੀ ਹੈ। ਜਿਵੇਂ ਛਾਤੀ ਦੇ ਦੋਵੇਂ ਨਿੱਪਲ ਤੇ ਹੋਂਠ ਆਦਿ ਥਾਵਾਂ। ਇਹ ਜੋ ਉਤੇਜਿਕ ਲਹਿਰ ਪੈਦਾ ਹੋਂਦੀ ਹੈ ਇਹ ਤਰਲ ਪਾਦਰਥ ਦਾ ਸੂਖਮ ਰੂਪ ਹੈ ਤੇ ਏਸੇ ਨੂੰ ਜੀਵਨ ਊਰਜਾ ਕਿਹਾ ਗਿਆ ਹੈ।

ਜਣਨ ਅੰਗ ਤੇ ਗੁਦਾ ਦੇ ਵਿਚਕਾਰਲੇ ਮੂਲਾ ਧਾਰ ਹੈ। ਏਥੇ ਸਥੂਲ ਰੂਪ ਵਿਚ ਵੀਰਜ ਤੇ ਉਸ ਦੇ ਸੂਖਮ ਰੂਪ ਵਿਚ ਜੀਵਨ-ਊਰਜਾ ਇਕੱਠੀ ਹੋਂਦੀ ਰਹਿੰਦੀ ਹੈ। ਸੰਭੋਗ ਸਮੇਂ ਇਹ ਤਰਲ-ਪਦਾਰਥ ਮਨੁਖੀ ਸਰੀਰ ਚੋਂ ਬਾਹਰ ਵਗ ਜਾਂਦਾ ਹੈ ਤੇ ਨਾਲ ਹੀ ਇਸ ਦਾ ਸੂਖਮ ਰੂਪ ਜੀਵਨ ਊਰਜਾ ਨਸ਼ਟ ਹੋ ਜਾਂਦੀ ਹੈ।

ਸਾਡੇ ਸਰੀਰ ਵਿਚ ਕੁਝ ਬਿੰਦੂ ਜਾਂ ਕੇਂਦਰ ਜਾਂ ਚੱਕਰ ਕਹਿ ਲਵੋ ਅਜੇਹੇ ਹਨ ਜੋ ਸਰੀਰ ਨੂੰ ਸੁਚਾਰੂ ਰੂਪ ਵਿਚ ਸੰਚਾਲਤ ਕਰਦੇ ਹਨ। ਇਹ ਚੱਕਰ ਹੇਠ ਲਿਖੇ ਅਨੁਸਾਰ ਹਨ:-

1. ਮੂਲਾ ਧਾਰ ਚੱਕਰ-ਜਿਵੇਂ ਕਿ ਉਤੇ ਦਸਿਆ ਜਾ ਚੁਕਾ ਹੈ ਏਥੇ ਜੀਵਨ ਊਰਜਾ ਇਕੱਠੀ ਹੋਂਦੀ ਹੈ ਤੇ ਇਹ ਚੱਕਰ ਮਨੁਖੀ ਨਸਲ (ਜਾ ਸਮੁਚੇ ਜੀਵਨ) ਦੀ ਅਗੋਂ ਪੈਦਾਇਸ਼ ਲਈ ਸਹਾਈ ਹੋਂਦਾ ਹੈ।

2. ਧੁੰਨੀ ਚੱਕਰ- ਇਹ ਡਰ ਭੈਅ ਨਾਲ ਸੰਬੰਧਿਤ ਹੈ, ਕਈ ਵਾਰ ਅਚਾਨਕ ਤੇ ਅਧਿਕ ਭੈਅ ਵਸ ਧੁੰਨੀਂ ਸੁੰਗੜ ਜਾਂਦੀ ਤੇ ਬੇ ਵਸੀ ਵਿਚ ਮਲ ਮੂਤ ਦਾ ਨਿਕਾਸ ਹੋ ਜਾਂਦਾ ਹੈ।

3. ਹਿਰਦੇ ਚੱਕਰ- ਮਨੁਖੀ ਜਜ਼ਬਿਆਂ ਦਾ ਕੇਂਦਰ ਹੈ ਜਿਸ ਦਾ ਹਿਰਦਾ ਕੋਮਲ ਹੋਵੇਗਾ, ਉਹ ਵਿਅਕਤੀ ਜ਼ਿਆਦਾ ਸੰਵੇਦਨਸ਼ੀਲ ਤੇ ਭਾਵੁਕ ਹੋਵੇਗਾ।

4. ਗਲਾ- ਆਵਾਜ਼ ਪੈਦਾ ਕਰਦਾ ਹੈ।

5. ਤ੍ਰਿਕੁਟੀ ਚੱਕਰ- ਦੁਹਾਂ ਭਰਵੱਟਿਆਂ ਦੇ ਦਰਮਿਆਨ ਉਹ ਥਾਂ ਜਿਥੇ ਔਰਤਾਂ ਬਿੰਦੀ ਲਾਂਦੀਆਂ ਹਨ। ਦੁਹਾਂ ਅੱਖਾਂ ਦੀ ਵੇਖਣ ਸ਼ਕਤੀ ਏਸ ਬਿੰਦੂ ਤੇ ਇਕੱਠੀ ਹੋਂਦੀ ਹੈ, ਇਸ ਨੂੰ ਤ੍ਰਿਕੁਟੀ, ਤੀਜੀ ਅੱਖ, ਦਿਭ ਦਰਿਸ਼ਟੀ, ਜਾਂ ਸ਼ਿਵ ਨੇਤਰ ਕਿਹਾ ਜਾਂਦਾ ਹੈ। ਮਨੁੱਖੀ ਸਕਲਪ ਇਰਾਦੇ ਦਾ ਇਹ ਕੇਂਦਰ ਹੈ।

6. ਦਸਵਾਂ ਦਵਾਰ- ਇਹ ਸਿਰ ਦਾ ਉਤਲਾ ਹਿੱਸਾ ਜਾਂ ਤਾਲੂ ਅਖਵਾਂਦਾ ਹੈ ਮਨੁੱਖ ਦੇ ਗਿਆਨਵਾਨ ਜਾਂ ਪ੍ਰਕਾਸ਼ ਮਾਨ ਹੋਣ ਦਾ ਸੰਬੰਧ ਇਸ ਕੇਂਦਰ ਨਾਲ ਹੈ।

ਕਾਰ ਵਿਚ ਲੱਗੀ ਬੈਟਰੀ ਜਦ ਡਾਊਨ ਹੋ ਜਾਵੇ ਤਾਂ ਉਸ ਵਿਚੋਂ ਦੀ ਦਾ ਕਰੰਟ ਗੁਜ਼ਾਰ ਕੇ ਉਸ ਨੂੰ ਮੁੜ ਚਾਰਜ ਕਰ ਲਿਆ ਜਾਂਦਾ ਹੈ।

ਇੰਜ ਹੀ ਜੀਵਨ ਨੂੰ ਸਹੀ ਹਾਲਤ ਵਿਚ ਤੋਰੀ ਰੱਖਣ ਲਈ ਇਹਨਾਂ ਛਾਪਿਆਂ ਕੇਂਦਰ ਬਿੰਦੂਆਂ ਜਾਂ ਚੱਕਰਾਂ ਨੂੰ ਚਾਰਜ ਕਰੀ ਰਖਣਾ ਬਹੁਤ ਜ਼ਰੂਰੀ ਹੈ। ਮੂਲਾ ਧਾਰ ਚੱਕਰ ਵਿਚ ਇਕੱਠੀ ਹੋਂਦੀ ਜੀਵਨ ਊਰਜਾ ਉਹ ਕਰੰਟ ਹੈ ਜਿਸ ਨਾਲ ਇਹ ਚੱਕਰ ਚਾਰਜ ਹੋਂਦੇ ਰਹਿੰਦੇ ਹਨ।

ਮੂਲਾ ਧਾਰ ਤੋਂ ਥੱਲੇ ਵਲ ਦਾ ਸਫਰ ਜਾਂ ਨਿਕਾਸ ਬੜੀ ਸਰਲ ਕਿਰਿਆ ਹੈ। ਪਰ ਇਸ ਊਰਜਾ ਨੂੰ ਨਸ਼ਟ ਨਾ ਕਰ ਕੇ ਇਸ ਤੋਂ ਸਾਰੇ ਚੱਕਰਾਂ ਨੂੰ ਚਾਰਜ ਕਰਨ ਦਾ ਕੰਮ ਲੈਣਾ। ਏਡਾ ਸੌਖਾ ਨਹੀਂ। ਇਸ ਸਾਰੇ ਅਮਲ ਜਾਂ ਵਿਧੀ ਨੂੰ ਹੀ ਕੁੰਡਲਿਨੀਂ ਯੋਗ ਦਾ ਨਾਂ ਦਿੱਤਾ ਗਿਆ ਹੈ। ਵਿਧੀ:-

ਚੌਂਕੜੀ ਮਾਰ ਕੇ ਬੈਠ ਜਾਉ। ਅੱਖਾਂ ਬੰਦ ਕਰ ਲਵੋ, ਧਿਆਨ ਮੂਲਾ ਧਾਰ ਚੱਕਰ ਲੈ ਜਾਉ। ਮਨ ਨੂੰ ਇਕਾਗਰ ਕਰੋ। ਹੁਣ ਮੂਲਾ ਧਾਰ ਵਾਲੀ ਥਾਂ ਨੂੰ ਸਕੋੜੋ। ਇਸ ਨਾਲ ਇਕ ਤਰ੍ਹਾਂ ਦੀ ਚੂਸ ਪੈਦਾ ਹੋਵੇਗੀ, ਤੇ ਜੀਵਨ ਊਰਜਾ ਇਸ ਚੂਸ ਦਵਾਰਾ ਖਿੱਚੀ ਜਾ ਕੇ ਧੁੰਨੀ ਚੱਕਰ ਵਿਚ ਪ੍ਰਵੇਸ਼ ਕਰ ਜਾਵੇਗੀ। ਏਥੋਂ ਦਰਿੜ੍ਹ ਸੰਕਲਪ ਨਾਲ ਇਸ ਨੂੰ ਹਿਰਦੇ ਤਕ ਲਿਆਉ। ਹਿਰਦਾ ਅਨੰਦ ਮਈ ਹੋਇਆ ਪ੍ਰਤੀਤ ਹੋਵੇਗਾ। ਮੁੜ ਇਸ ਅਨੰਦ-ਮਈ ਤੇ ਉਤੇਜਕ ਲਹਿਰ ਨੂੰ ਸੰਕਲਪ ਰਾਹੀਂ ਗਲੇ ਤਕ ਲਿਆਉ। ਮਿੱਠਾ

ਮਿੱਠਾ ਬੋਲਣ ਤੇ ਦਿਲ ਕਰੇਗਾ। ਇਸ ਅਮਲ ਰਾਹੀਂ ਇਸ ਲਹਿਰ ਨੂੰ ਤ੍ਰਿਕੁਟੀ ਤੇ ਲਿਆਉ ਤੇ ਇੰਜ ਹੀ ਦਸਵੇਂ ਦਵਾਰ ਤਕ।

ਜੀਵਨ ਊਰਜਾ ਦੀ ਇਹ ਅਤਿ ਸੂਖਮ ਲਹਿਰ ਦਸਵੇਂ ਦਵਾਰ ਰਾਹੀਂ ਨਿਕਾਸ ਪਾ ਕੇ ਬ੍ਰਹਿਮੰਡਿਕ ਊਰਜਾ ਦਾ ਹਿੱਸਾ ਹੋ ਜਾਂਦੀ ਜਾਂ ਉਸ ਵਿਚ ਸਮਾ ਜਾਂਦੀ ਹੈ, ਤੇ ਧੁੰਨੀਂ ਦਵਾਰਾ ਬ੍ਰਹਿਮੰਡਕ ਜੀਵਨ ਊਰਜਾ ਮੁੜ ਮਨੁਖੀ ਸਰੀਰ ਵਿਚ ਪ੍ਰਵੇਸ਼ ਕਰਦੀ ਹੈ। ਇੰਜ ਇਹ ਜੀਵਨ ਚੱਕਰ ਚਲਦਾ ਰਹਿੰਦਾ ਹੈ।

ਜੋ ਲੋਕ ਜ਼ਿਆਦਾ ਸੰਭੋਗ ਵਿਚ ਲਿਖਤ ਰਹਿੰਦੇ ਹਨ, ਉਹ ਜੀਵਨ ਊਰਜਾ ਨੂੰ ਅਜਾਈਂ ਗਵਾਂਦੇ ਤੇ ਮਰੀਅਲ ਜਿਹਾ ਜੀ ਕੇ ਟੁਰਦੇ ਬਣਦੇ ਹਨ। ਜੋ ਇਸ ਦਾ ਰੁਪਾਂਤਰਨ ਕਰ ਕੇ ਜੀਵਨ ਚੱਕਰਾਂ ਨੂੰ ਸੁਚਾਰੂ ਰਖਦੇ ਹਨ ਉਹ ਭਰਪੂਰ, ਆਨੰਦ ਮਈ ਜੀਵਨ ਦਾ ਸਵਾਦ ਚਖਦੇ ਹਨ। ਤੇ ਏਸੇ ਨੂੰ ਬ੍ਰਹਿਮਚਰਿਆ ਕਿਹਾ ਗਿਆ ਹੈ।

●

# ਬੁਲ੍ਹਿਆ ਕੀ ਜਾਣਾ ਮੈਂ ਕੌਣ?

ਮੈਂ ਨਿੱਤ ਇਕ ਪ੍ਰਯੋਗ ਕਰਦਾ ਹਾਂ। ਚਾਹੋ ਤਾਂ ਤੁਸੀਂ ਵੀ ਕਰ ਕੇ ਵੇਖ ਸਕਦੇ ਹੋ।

ਤੜਕਸਾਰ ਉਠਿਆ ਹਾਂ, ਅੰਮ੍ਰਿਤ ਵੇਲਾ ਹੈ। ਘਰ ਦੇ ਜੀਅ ਸੁੱਤੇ ਪਏ ਹਨ। ਬਾਹਰ ਰਾਤ ਦਾ ਸਨਾਟਾ ਹੈ। ਮੈਂ ਬਾਥਰੂਮ ਗਿਆ ਹਾਂ। ਮੈਂ ਇਸ਼ਨਾਨ ਕਰਦਾ ਹਾਂ (ਗਰਮੀਆਂ ਵਿਚ ਠੰਡੇ ਅਤੇ ਸਰਦੀਆਂ ਵਿਚ ਗਰਮ ਪਾਣੀ ਨਾਲ) ਆਪਣੇ ਸਰੀਰ ਤੇ ਪੈਂਦੇ ਪਾਣੀ ਨੂੰ ਮੈਂ ਮਹਿਸੂਸ ਕਰਦਾ ਹਾਂ। ਪਾਣੀ ਦੇ ਹਰ ਮਗ ਨਾਲ ਮੇਰੇ ਅੰਦਰ ਕੁਝ ਜਾਗ ਰਿਹਾ ਹੈ। ਸੁਸਤੀ, ਆਲਸ ਉਡ ਗਈ ਹੈ। ਚੇਤਨਾ ਜਾਗ ਪਈ ਹੈ। ਮੈਂ ਸੁਚੇਤ ਅਵਸਥਾ ਵਿਚ ਹਾਂ।

ਮੈਂ ਆਪਣੇ ਕਮਰੇ ਵਿਚ ਆਇਆ ਹਾਂ, ਚੌਂਕੜੀ ਮਾਰ ਕੇ ਆਪਣੇ ਬਿਸਤਰੇ ਉਤੇ ਬਹਿ ਗਿਆ ਹਾਂ। ਅੱਖਾਂ ਬੰਦ ਹਨ। ਸਾਹ ਧੀਮੀ ਗਤੀ ਨਾਲ ਚੱਲ ਰਿਹਾ ਹੈ। ਦੂਰੋਂ ਕਿਧਰੋਂ ਲਾਊਡ ਸਪੀਕਰ ਵਿਚੋਂ ਮੰਦਰ ਵਿਚ ਸ਼ੁਰੂ ਹੋ ਗਏ ਭਜਨ ਕੀਰਤਨ ਦੀ ਆਵਾਜ਼ ਆ ਰਹੀ ਹੈ। ਇਕ ਅੱਧ ਟਰੱਕ ਦਾ ਹਾਰਨ ਵੀ ਸੁਣਾਈ ਦਿੱਤਾ ਹੈ। ਇਹ ਆਵਾਜ਼ਾਂ ਮੇਰੇ ਮਨ ਦੀ ਇਕਾਗਰਤਾ ਨੂੰ ਭੰਗ ਕਰ ਰਹੀਆਂ ਹਨ। ਮੈਂ ਇਕਾਂਤ ਚਾਂਹਦਾ ਹਾਂ। ਜਿਥੇ ਬਸ ਮੈਂ ਹੋਵਾਂ, ਆਪਣੇ ਰੂ-ਬ-ਰੂ! ਬਸ ਮੈਂ।

ਮੈਂ ਕਲਪਨਾ ਵਿਚ ਇਕ ਡੂੰਘਾ ਤੇ ਸੁੱਕਾ ਖੂਹ ਚਿਤਵਦਾ ਹਾਂ। ਇਸ ਖੂਹ ਵਿਚ ਇਕ ਬਾਸ ਦੀ ਪੌੜੀ ਲੱਗੀ ਹੋਈ ਹੈ। ਮੈਂ ਪੌੜੀ ਨੂੰ ਹੱਥ ਪਾ ਕੇ ਤਿੰਨ ਚਾਰ ਡੰਡੇ ਹੇਠਾਂ ਉਤਰ ਗਿਆ ਹਾਂ। ਸਿਰ ਖੂਹ ਦੀ ਭੌਣ ਤੋਂ ਨੀਵਾਂ ਹੋ ਗਿਆ ਹੈ। ਲਾਊਡ ਸਪੀਕਰ ਦੀ ਆਵਾਜ਼ ਮੱਧਮ ਪੈ ਗਈ ਹੈ। ਮੈਂ ਹੋਰ ਡੰਡੇ ਥੱਲੇ ਲਹਿ ਗਿਆ ਹਾਂ। ਕੋਈ ਵੀ ਆਵਾਜ਼ ਮੇਰੇ ਕੰਨੀ ਨਹੀਂ ਪੈ ਰਹੀ। ਮੁਕੰਮਲ ਚੁੱਪ ਹੈ। ਰਹਿੰਦੇ ਡੰਡੇ ਉਤਰ ਕੇ ਮੈਂ ਖੂਹ ਵਿਚ ਚੌਂਕੜੀ ਮਾਰੀ ਬੈਠਾ ਹਾਂ। ਚੁੱਪ, ਏਕਾਂਤ, ਇਕੱਲਾ।

ਮੈਂ ਸਥੂਲ ਤੋਂ ਸੂਖਮ ਵੱਲ ਦਾ ਸਫਰ ਸ਼ੁਰੂ ਕਰਦਾ ਹਾਂ। ਅਸਤਿਤਵ ਸੂਖਮ ਤੋਂ ਪੜਾਅਵਾਰ, ਸਟੇਜ ਦਰ ਸਟੇਜ ਰੂਪ ਵਟਾਂਦਾ ਮਨੁੱਖ ਦੇਹੀ ਤਕ ਪੁੱਜਦਾ ਹੈ। ਇਸ ਦੇਹੀ ਨਾਲ ਹੀ ਸਭ ਰਿਸ਼ਤੇ ਨਾਤੇ, ਦੁੱਖ ਸੁੱਖ ਤੇ ਮਾਨਸਿਕ ਤਨਾਅ ਜੁੜਦੇ ਹਨ। ਮੁੜ ਸ਼ਾਂਤ ਹੋਣ ਲਈ ਨਿਰਭਉ,ਨਿਰਵੈਰ ਹੋਣ ਲਈ ਜ਼ਰੂਰੀ ਹੈ ਕਿ ਮਨੁੱਖ ਸਥੂਲ ਤੋਂ ਵਾਪਿਸ ਸੂਖਮ ਵਲ ਮੁੜੇ। ਸੋ ਮੈਂ ਇਹ ਸਫਰ ਸ਼ੁਰੂ ਕਰਦਾ ਹਾਂ। ਸਰੀਰ, ਮੇਰੀ ਭੌਤਿਕ ਜਗਤ ਨਾਲ ਬਣੀ ਸਾਂਝ ਦੀ ਹੀ ਇਕ ਸਟੇਜ ਹੈ, ਇਕ ਪੜਾਅ ਮੈਂ ਦੂਜੀ ਸਟੇਜ ਤੇ ਉਤਰ ਗਿਆ ਹਾਂ। ਦੂਜਾ ਪੜਾਅ-ਭਾਵ ਜਗਤ। ਪਿਆਰ, ਕ੍ਰੋਧ, ਈਰਖਾ, ਨਫਰਤ ਆਦਿ ਅਨੇਕ ਭਾਵਾਂ ਦਾ ਪਟਾਰਾ ਹੈ। ਇਹ ਜਗਤ ਜੋ ਮਨੁੱਖੀ ਸਰੀਰ ਤੇ ਹਾਵੀ ਹੋਇਆ ਰਹਿੰਦਾ ਹੈ।

ਇਹ ਭਾਵ ਕਿਥੋਂ ਆਉਂਦੇ ਹਨ? ਇਹਨਾਂ ਜੀ ਜਨਮ ਭੂਮੀ?

ਧਰਤੀ ਨਜ਼ਰ ਆਉਂਦੀ ਹੈ। ਛੱਪੜੀ ਦੀ ਸ਼ਕਲ ਵਿਚ ਨਿਤਰਿਆ ਹੋਇਆ ਸਾਫ਼ ਸਫਾਫ ਪਾਣੀ ਖੜਾ ਹੈ। ਹੇਠੋਂ ਤਹਿ 'ਚੋਂ ਹਵਾ ਦਾ ਕੋਈ ਕਣ ਤਲ ਵਲ ਦਾ ਸਫਰ ਸ਼ੁਰੂ ਕਰਦਾ ਹੈ। ਇਕ ਮੋਤੀ ਜਿਹਾ ਉਤਾਂਹ ਵਲ ਆ ਰਿਹਾ ਹੈ। ਸਤਹ ਤੇ ਆ ਕੇ ਬੁਲਬੁਲਾ ਬਣ ਗਿਆ ਹੈ। ਛਿਣ ਪਲ ਦੀ ਲੀਲ੍ਹਾ ਵਖਾ ਕੇ ਫਟ ਗਿਆ ਹੈ।

ਇਹ ਵਿਚਾਰ ਜਗਤ ਦੀ ਧਰਤੀ ਹੈ। ਵਿਚਾਰ ਉਠਦਾ ਹੈ। ਭਾਵ ਜਗਤ ਵਿਚ ਪ੍ਰਵੇਸ਼ ਕਰਦਾ ਹੈ। ਕੋਈ ਪ੍ਰੇਮ ਬੁਲਬੁਲਾ ਬਣਦਾ ਹੈ, ਕੋਈ ਈਰਖਾ ਦਾ।

ਭਾਵ ਜਗਤ ਨੂੰ ਅਲਵਿਦਾ ਕਹਿ ਕੇ ਮੈਂ ਵਿਚਾਰ ਜਗਤ ਦੀ ਧਰਤੀ ਤੇ ਲਹਿ ਗਿਆ ਸਾਂ। ਸੂਖਮਤਾ ਵੱਲ ਦੇ ਸਫਰ ਵਿਚ ਇਹ ਤੀਜਾ ਪੜਾਅ ਹੈ। ਏਥੇ ਸਰੀਰ ਦਾ ਬੋਧ ਨਹੀਂ ਹੈ। ਨਾ ਭਾਵਾਂ ਦੀ ਤੀਖਣਤਾ।

ਹੁਣ ਮੈਂ ਚੌਥੇ ਪੜਾਅ 'ਤੇ ਜਾ ਖਲੋਤਾ ਹਾਂ। ਨਾ ਵਿਚਾਰ ਹਨ, ਨਾ ਭਾਵ ਨਾ ਦੇਹ। ਬਸ ਇਕ ਅਹਿਸਾਸ ਜਿਹਾ ਹੈ। ਨਾ ਮੈਂ ਔਰਤ ਹਾਂ ਨਾ ਮਰਦ। ਅਸੀਮ ਵਿਚ 'ਓਅ...ਅ ਮ' ਦੀ ਸੂਰ ਲਹਿਰੀ ਗੂੰਜ ਰਹੀ ਹੈ। ਮੁਸਲਸਲ, ਲਗਾਤਾਰ ਅਰੁਕ ਤੇ ਕੰਟੀਨਿਊ। ਇਸ ਦੀ ਕੋਈ ਹੱਦ ਨਹੀਂ ਹੈ। ਇਸੇ ਨੂੰ ਅਨਹਦ ਜਾਂ ਅਣਹਤ ਨਾਦ ਕਿਹਾ ਗਿਆ ਹੈ। ਇਹ ਸ੍ਰਿਸ਼ਟੀ ਦਾ ਸੰਗੀਤ ਹੈ। ਬ੍ਰਹਿਮੰਡ ਵਿਚ ਅਰਬਾਂ ਖ਼ਰਬਾਂ ਗ੍ਰਹਿ ਤੇਜ਼, ਗਤੀ ਨਾਲ ਭੌਂਅ ਰਹੇ ਹਨ। ਤੇ ਤੁਸੀਂ ਜਾਣਦੇ ਹੀ ਹੋ ਕਿ ਜਿਥੇ ਗਤੀ ਹੋਵੇ ਉਥੇ ਗਤੀ ਤੋਂ ਆਵਾਜ਼ ਪੈਦਾ ਹੁੰਦੀ ਹੈ। ਇਸ ਆਵਾਜ਼ ਦਾ ਸਮੂਹ ਗਾਨ ਹੈ ਅਨਹਤ ਨਾਦ। ਛੱਤੇ ਦੁਆਲੇ ਉੱਡ ਰਹੀਆਂ ਮਧੂ ਮੱਖੀਆਂ ਦੇ ਪਰਾਂ ਤੋਂ ਉਪਜੀ ਸੂਰ ਲਹਿਰੀ ਵਰਗੀ-ਊਂ... ਊਂ...ਊਂ....ਓ ਅ ਅ ਮ।

ਮੈਂ ਇਕ ਪੜਾਅ ਹੋਰ ਸੂਖਮ ਵੱਲ ਵਧਿਆ ਹਾਂ। ਹੁਣ ਮੈਂ ਪੰਜਵੀਂ ਸਟੇਜ ਤੇ ਹਾਂ। ਸਥੂਲ ਜਗਤ ਨਾਲ ਮੇਰਾ ਸੰਬੰਧ ਮੁਕ ਗਿਆ ਜਾਂ ਮੈਂ ਉਹਦੇ ਵਿਚ ਘੁਲ ਗਿਆ ਹਾਂ। ਬਸ ਸ੍ਵੈ ਦਾ ਅਹਿਸਾਸ ਹੈ। ਇਕ ਅਨੁਭੂਤੀ ਜਹੀ। ਸਹਿਜ ਅਵਸਥਾ, ਆਨੰਦ ਹੀ ਆਨੰਦ, ਟਿਕਿਆ ਹੋਇਆ, ਸਦਾ ਤੋਂ ਸਦਾ ਲਈ। ਨਾ ਸਰੀਰ ਦਾ ਬੋਧ ਹੈ ਨਾ ਸਮੇਂ ਦਾ। ਸੰਗੀਤਮਈ ਦੂਧੀਆ ਚਾਨਣ ਜਿਹਾ। ਪਰਮ ਚੁੱਪ, ਰਹੱਸਮਈ ਨੂਰ ਨੂਰ ਨੂਰ ਮੈਂ ਸਮਰਪਤ ਹਾਂ। ਮਿਟ ਗਿਆ। ਬਸ ਉਹੀ ਉਹੀ ਹੈ ਮੈਂ ਘੁਲ ਗਿਆ ਹਾਂ ਉਸ ਵਿਚ, ਹੁਣ ਮੈਂ ਹੀ ਮੈਂ ਹਾਂ।

ਨਾਲ ਦੇ ਕਮਰੇ ਚੋਂ ਟ੍ਰਾਂਜਿਸਟਰ ਵਜਣ ਦੀ ਆਵਾਜ਼ ਆਈ ਹੈ। ਅੱਖਾਂ ਖੁਲ੍ਹ ਗਈਆਂ ਹਨ। ਦਿਨ ਦਾ ਚਾਨਣਾ ਬਾਰੀ ਦੇ ਸ਼ੀਸ਼ਿਆ ਰਾਹੀਂ ਅੰਦਰ ਆ ਰਿਹਾ ਹੈ: ਜਗਤ ਜਾਗ ਗਿਆ ਹੈ। ਬਾਹਰ ਦੁਨਿਆਵੀ ਕਾਰੋਬਾਰ ਚਾਲੂ ਹੋ ਗਿਆ ਹੈ। ਸ਼ੋਰ ਸ਼ਰਾਬਾ ਵੱਧ ਗਿਆ ਹੈ। ਮੈਂ ਦਿਸਦੇ ਭੌਤਿਕ ਜਗਤ ਦਾ ਭਾਗ ਬਣ ਗਿਆ ਹਾਂ। ਤਾਂ ਵੀ ਮੇਰੇ ਅੰਦਰ ਇਕ ਟਿਕਾਉ ਜਿਹਾ ਹੈ। ਮੈਂ ਆਪਣੇ ਆਪ ਨਾਲ ਜੁੜਿਆ ਹੋਇਆ ਹਾਂ।

ਡੋਲੂ ਲੈ ਕੇ ਦੁੱਧ ਲੈਣ ਨਿਕਲ ਗਿਆ ਹਾਂ। ਕੋਈ ਆ ਰਿਹਾ ਹੈ। ਕੋਈ ਜਾ ਰਿਹਾ ਹੈ। ਕੋਈ ਬਹਿਸ ਰਿਹਾ ਹੈ। ਪੰਛੀ ਚੋਗੇ ਲਈ ਪਰਵਾਜ ਭਰ ਰਹੇ ਹਨ। ਫੈਕਟਰੀਆਂ ਦੇ ਘੁਗੂ ਵਜ ਰਹੇ ਹਨ। ਬਾਹਰ ਆ ਰਹੇ ਹਨ। ਚਿਮਨੀਆਂ 'ਚੋਂ ਨਿਕਲਦਾ ਧੂੰਆਂ ਆਕਾਸ਼ ਵੱਲ ਵੱਧ ਰਿਹਾ ਹੈ। ਜਗਤ ਅਖਾੜਾ ਭਖ ਪਿਆ ਹੈ।

ਤੇ ਮੈਂ ਸ਼ਾਂਤ, ਸਹਿਜ ਅਵਸਥਾ ਵਿਚ ਨਿਰਲੇਪਤਾ ਦੀ ਟੇਕਰੀ ਤੇ ਖੜਾ ਇਹ ਜਗਤ ਤਮਾਸ਼ਾ ਵੇਖ ਰਿਹਾ ਹਾਂ, ਮੇਰੇ ਅੰਦਰ ਹਉਂ ਰਹਿਤ ਇਕ 'ਮੈਂ' ਦਾ ਅਹਿਸਾਸ ਹੈ ਜੋ ਆਪਣੇ ਆਪ ਵਿਚ ਪੂਰਨ ਹੈ। ਤ੍ਰਿਪਤ ਹੈ, ਨਿਰਭਉ ਤੇ ਨਿਰਵੈਰ ਹੈ।

ਧਰਤੀ ਦੀ ਹਿੱਕ ਤੇ ਉਸਰੇ ਇਸ ਜੀਵਨ ਮੰਚ ਉਤੇ ਇਹ ਜੋ ਨਾਟਕ ਖੇਡਿਆ ਜਾ ਰਿਹਾ ਹੈ। ਇਸ ਨੂੰ ਨਿਰਲੇਪਤਾ ਦੇ ਅਹਿਸਾਸ ਨਾਲ, ਮਹਿਜ਼ ਦਰਸ਼ਕ ਤਕਣੀਂ ਨਾਲ ਵੇਖ ਰਿਹਾ, ਇਸ ਨੂੰ ਨਿਰਲੇਪਤਾ ਦੇ ਅਹਿਸਾਸ ਨਾਲ, ਮਹਿਜ਼ ਦਰਸ਼ਕ ਤਕਣੀਂ ਨਾਲ ਵੇਖ ਰਿਹਾ, ਇਸ ਸਰੀਰ ਵਿਚ ਬੈਠਾ ਇਹ 'ਮੈਂ ਕੌਣ ਹੈ?'

ਕੌਣ ਹਾਂ ਮੈਂ? ●●●

# 'ਤੇਰਾ ਕੀਤਾ ਜਾਤੋ ਨਾਹੀ'

ਤਾਰਾ ਸਿੰਘ ਕਾਮਲ ਦੀ ਇਕ ਕਵਿਤਾ ਦਾ ਸ਼ੇਅਰ ਹਾਜ਼ਰ ਹੈ-

ਪਿਆਰ ਦੀ ਬੇਰੁਖੀ, ਬੇ ਵਫ਼ਾਈ ਤੇਰੀ,
ਕੋਸੇ ਕੋਸੇ ਜਹੇ, ਝੂਠੇ ਲਾਰੇ ਜਹੇ।
ਯਾਦ ਆਈਆਂ ਸਭੇ ਬਖਸ਼ਿਸ਼ਾਂ ਤੇਰੀਆਂ,
ਹੋ ਗਏ ਨੇ ਮੇਰੇ ਨੈਣ ਭਾਰੇ ਜਹੇ।

ਇਹ ਸ਼ੇਅਰ ਮੇਰੇ ਅਚੇਤਨ ਵਿਚ ਕਿਤੇ ਸੁਣਿਆ ਗਿਆ ਹੋਇਆ ਹੈ। ਅਕਾਰਣ ਹੀ ਕਿਸੇ ਕਿਸੇ ਦਿਨ ਇਹ ਚੇਤੇ 'ਚੋਂ ਸਿਰ ਉਤਾਂਹ ਚੁੱਕਦਾ ਹੈ, ਤੇ ਮੇਰੇ ਨੈਣ ਭਾਰੇ ਜਹੇ ਹੋ ਜਾਂਦੇ ਹਨ। ਅਤੀਤ ਵਿਚ ਗੁਆਚ ਜਾਂਦਾ ਹਾਂ। ਜਿਨ੍ਹਾਂ ਲੋਕਾਂ ਨਾਲ ਜ਼ਿੰਦਗੀ ਦੇ ਕੁਝ ਪਲ ਗੁਜ਼ਾਰੇ, ਜਿਨ੍ਹਾਂ ਦੀ ਨੇੜਤਾ, ਮੋਹ ਮਾਣਿਆ ਤੇ ਫਿਰ ਉਹ ਵਿਛੜ ਗਏ, ਉਨ੍ਹਾਂ ਦੀ ਯਾਦ ਮਨ ਨੂੰ ਉਦਾਸੀਨਤਾ ਨਾਲ ਭਰ ਦੇਂਦੀ ਹੈ, ਤੇ ਨੈਣ ਭਾਰੇ ਹੋ ਜਾਂਦੇ ਹਨ। ਤ੍ਰਿਪ ਤ੍ਰਿਪ ਚੋਅ ਪੈਂਦੇ ਹਨ।

....ਤੇ ਅੱਜ ਫਿਰ ਕੱਥੂ ਘੁਮਿਆਰ ਦੀ ਯਾਦ ਆਈ ਹੈ।

ਬਾਲੜੀ ਉਮਰ ਸੀ ਮੇਰੀ। ਵੱਧ ਤੋਂ ਵੱਧ ਤਿਨਾਂ ਚਹੁੰ ਸਾਲਾਂ ਦਾ ਹੋਵਾਂਗਾ। ਸਾਡੇ ਘਰ ਦੇ ਬਾਹਰਲੇ ਬੂਹੇ ਦੇ ਬਾਹਰ ਵਾਰ ਥੜ੍ਹਾ ਜਿਹਾ ਬਣਿਆ ਹੋਇਆ ਸੀ। ਜਿਸ; ਦੇ ਨਾਲ ਹੀ ਅੱਗੋਂ ਦੀ ਗਲੀ ਲੰਘਦੀ ਸੀ। ਉਸ ਥੜੇ ਉਤੇ ਇਕ ਸਵੇਰ ਮੈਂ ਖਲੋਤਾ ਹੋਇਆ ਸਾਂ। ਪੈਰਾਂ ਤੋਂ ਨੰਗਾ, ਤੇੜੋਂ  ਵੀ ਨੰਗਾ, ਗਲ ਖੱਦਰ ਦਾ ਕੁੜਤਾ, ਸਿਰ ਤੇ ਨਿੱਕਾ ਜਿਹਾ ਜੂੜਾ ਤੇ ਖਿਲਰੀਆਂ ਜਲੂਣੀਆਂ।

ਗਲੀਏ ਗਲੀਏ ਟੁਰਿਆ ਆਉਂਦਾ ਇਕ ਬੰਦਾ, ਜਿਸ ਦੇ ਸਿਰ ਤੇ ਟੋਕਰਾ ਚੁਕਿਆ ਹੋਇਆ ਸੀ, ਥੜ੍ਹੇ ਤੇ ਆਣ ਚੜ੍ਹਿਆ। ਦੋਹਾਂ ਹੱਥਾਂ ਨਾਲ ਬੜਾ ਸੰਭਾਲ ਕੇ ਉਸ ਟੋਕਰਾ ਲਾਹ ਕੇ ਥੱਲੇ ਰੱਖ ਦਿੱਤਾ। ਫਿਰ ਉਸ ਅੰਦਰ ਅਵਾਜ਼-'ਚਾਚੀ ਕੋਈ ਘੜਾ ਚਾਟੀ ਲੈਣੀ ਜੇ ਤਾਂ ਲੈ ਲਓ।'

ਫਿਰ ਉਸ ਇਕ ਦੋ ਭਾਂਡੇ ਕੱਢ ਕੇ ਬਾਹਰ ਰੱਖ ਦਿੱਤੇ। ਥੱਲੇ ਕਿੰਨੇ ਸਾਰੇ ਘੁੱਗੂ ਘੋੜੇ ਪਏ ਹੋਏ ਸਨ। ਉਸ ਇਕ ਘੁੱਗੂ ਹੱਥ 'ਚ ਫੜ ਕੇ ਆਪਣੇ ਹੋਠਾਂ ਨਾਲ ਛੁਹਾਇਆ, ਫੂਕ ਮਾਰੀ ਤੇ ਇਕ ਸੰਗੀਤਮਈ ਸੁਰ ਹਵਾ 'ਚ ਫੈਲ ਗਈ- ਘੁੱਗੂ ਕੂ ਘੁਗੂ....ਕੂ...।

ਉਸ ਨੇ ਉਹ ਘੁੱਗੂ ਮੇਰੇ ਹੱਥ ਫੜਾ ਦਿੱਤਾ, ਤੇ ਬੜੇ ਹੀ ਮੋਹ ਨਾਲ ਮੇਰੇ ਵੱਲ ਵੇਖਿਆ, ਮੁਸਕਾਇਆ ਤੇ ਪੁਛਿਆ, 'ਕੀ ਨਾਂਅ ਉਹ ਤੇਰਾ?'

ਨਾਂਅ ਦੱਸਣ ਦੀ ਥਾਂ ਮੈਂ ਸ਼ਰਮਾਕੇ ਬਾਹਰ ਆ ਚੁੱਕੀ ਆਪਣੀ ਦਾਦੀ ਦੀਆਂ ਲੱਤਾਂ ਨੂੰ ਜੱਫੀ ਪਾ ਲਈ ਸੀ, ਉਸ ਵੱਲ ਧਿਆਨ ਨਾਲ ਵੇਖਿਆ। ਉਹ ਛੋਟੇ ਕੱਦ ਦਾ, ਕੈਂਚੀ ਨਾਲ ਕੁਤਰੀ ਦਾੜ੍ਹੀ ਮੁੱਛਾਂ, ਤੇ ਸਾਂਵਲੇ ਜਹੇ ਰੰਗ ਦਾ, ਹਸੂੰ ਹਸੂੰ ਕਰਦੇ ਮੂੰਹ ਨਾਲ ਅਜੇ ਵੀ ਮੇਰੇ ਵੱਲ ਵੇਖ ਰਿਹਾ ਸੀ। ਮੇਰੀ ਦਾਦੀ ਨੇ ਅੰਦਰੋਂ ਥਾਲੀ ਭਰ ਕੇ ਲਿਆਂਦੀ ਕਣਕ ਉਹਦੀ ਚਾਦਰ ਦੇ ਪੱਲੇ ਵਿਚ ਲੁੱਦ ਦਿੱਤੀ, ਇਕ ਚਾਟੀ ਦੇ ਇਹ ਬਲ੍ਹਨਾ ਪਸੰਦ ਕਰਕੇ ਲਾਂਭੇ ਰੱਖ ਲਿਆ, ਤੇ ਬੋਲੀ-'ਵੇ ਕੱਥੂ ਐਦਕਾਂ ਸੁਰਾਹੀਆਂ ਨਹੀਓਂ ਬਨਾਈਆਂ? ਕਿੰਨੀ ਗਰਮੀ ਵਧ ਗਈ ਏ?'

'ਚਾਚੀ ਬਨਾਈਆਂ ਕਿਉਂ ਨਹੀਂ, ਆਵੀ ਚਾੜ੍ਹੀ ਹੋਈ ਏ...ਪਰਸੋਂ ਨੂੰ ਲੈ ਸੁਰਾਹੀ।'

ਝੂੰਗੇ ਵਿਚ ਉਸਨੇ ਮੈਨੂੰ ਦੋ ਘੋੜੇ ਦਿੱਤੇ। ਮਿੱਟੀ ਨਾਲ ਬਣੇ ਤੇ ਆਵੀ 'ਚ ਪਕਾਏ ਹੋਏ ਸੁੰਦਰ ਖਿਡੌਣੇ। ਟੋਕਰਾ ਸਿਰ ਤੇ ਧਰਿਆ ਤੇ ਗਲੀਏ ਪੈ ਗਿਆ।

ਦਿਨ ਬੀਤੇ, ਮਹੀਨੇ ਲੰਘੇ ਸਾਲ ਵਧਦੇ ਰਹੇ। ਮੈਂ ਉਤਾਂਹ ਹੋਂਦਾ ਗਿਆ। ਸਕੂਲੇ ਪੜ੍ਹਨੇ ਪਿਆ ਤੇ ਫਿਰ ਹਾਣੀਆਂ ਨਾਲ ਰਲਕੇ ਖੇਡਣ ਲੱਗਾ । ਸਾਡੇ ਘਰ ਅੱਗੋ ਲੰਘਦੀ ਗਲੀ ਜਿਥੇ ਖਤਮ ਹੋਂਦੀ ਸੀ, ਉਥੇ ਕੱਥੂ ਘੁਮਿਆਰ ਦਾ ਘਰ ਸੀ। ਪਿੱਛੇ ਕੱਚੀਆਂ ਕੰਧਾਂ ਦਾ ਇਕ ਕੋਠਾ ਤੇ ਸਾਹਮਣੇ ਇਕ ਵਲਗਣ ਕੱਚੀ ਕੰਧ ਦੀ। ਉਚਾਈ ਇਹੀ ਕੋਈ ਚਾਰ ਫੁੱਟ ਹੋਵੇਗੀ। ਵਿਹੜੇ ਵਿਚ ਕੰਧ ਦੇ ਨਾਲ ਲਾ ਕੇ ਰੱਖੇ ਪਕਾਏ ਹੋਏ,ਘੜੇ, ਚਾਟੀਆਂ, ਬੱਠਲ, ਕੁਨਾਲੀਆਂ, ਕੁੱਜੇ ਕੁੱਜੀਆਂ ਤੇ ਚੱਪਣੀਆਂ ਆਦਿ ਪਏ ਹੋਂਦੇ ਇਸ ਵਲਗਣ ਦੇ ਬਾਹਰਵਾਰ ਬੋਹੜੀ ਦਾ ਰੁੱਖ ਸੀ, ਜਿਸ ਨੂੰ ਪਤਾ ਨਹੀਂ ਕਿਉਂ ਪੱਕੀ ਬੋਹੜੀ ਕਿਹਾ ਜਾਂਦਾ ਸੀ। ਅਸੀਂ ਇਸ ਬੋਹੜੀ ਹੇਠ ਬਾਂਟੇ ਢੂੰਡਣਾ ਤੇ ਅਖਰੋਟ ਪੁੱਤੀ ਪਾਣ ਦੀਆਂ ਖੇਡਾਂ ਖੇਡਦੇ ਰਹਿੰਦੇ ਸਾਂ। ਕੱਥੂ ਘੁਮਿਆਰ ਨੂੰ ਅਸੀਂ ਸਾਰੇ ਕੱਥੂ ਚਾਚਾ ਆਂਹਦੇ ਸਾਂ। ਕੱਥੂ ਦੀ ਤੀਵੀਂ ਬੜੀ ਸੋਹਣੀ ਤੇ ਉੱਚੀ ਲੰਮੀ ਸੀ। ਓਹਨਾਂ ਦਾ ਆਪਣਾ ਕੋਈ ਬੱਚਾ ਨਹੀਂ ਸੀ। ਉਹ ਦੋਵੇਂ ਸਾਨੂੰ ਰਜਵਾਂ ਪਿਆਰ ਕਰਦੇ ਤੇ ਸਮੇਂ ਸਮੇਂ ਜਦੋਂ ਵੀ ਆਵੀ ਪੱਕਦੀ, ਤਾਜ਼ਾ ਪੱਕੇ ਘੁੱਗੂ ਘੋੜੇ ਸਾਨੂੰ ਬਿਨ੍ਹਾਂ ਮੁਲ ਤੋਂ ਦਿੰਦੇ ਸਨ। ਘੜੀ ਵੇਹਲ ਮਿਲੀ ਤੇ, ਚਾਚਾ ਕੱਥੂ ਸਾਡੇ ਨਾਲ ਅਖਰੋਟ ਖੁੱਤੀ ਦੀ ਖੇਡ ਵਿਚ ਵੀ ਸ਼ਾਮਲ ਹੋ ਜਾਂਦਾ ਸੀ।

ਕੁਝ ਵਰ੍ਹੇ ਹੋਰ ਲੰਘੇ, ਤੇ ਅਸਾਂ ਪੱਕੀ ਬੋਹੜ ਦੀ ਛਾਂ ਛੱਡ ਕੇ ਫਿਰਨੀ ਤੋਂ ਪਾਰ ਬਣੇ 'ਦਾਇਰੇ' ਦਾ ਥੜ੍ਹਾ ਜਾ ਮੱਲਿਆ।

ਪੱਕੀ ਬੋਹੜੀ ਤੋਂ ਮਸਾਂ ਵੀਹ ਕਦਮਾਂ ਦੀ ਵਿੱਥ ਤੇ ਦੋ ਵੱਡ ਅਕਾਰੀ ਬੋਹੜਾ ਥੱਲੇ ਉੱਚਾ ਥੜ੍ਹਾ ਕਿਸੇ ਵਕਤ ਮਿੱਟੀ ਦੀ ਭਰਤੀ ਕਰਕੇ ਬਨਾਇਆ ਗਿਆ ਹੋਵੇਗਾ, ਇਸ ਨੂੰ 'ਦਾਇਰਾ' ਜਾਂ 'ਦਾਰਾ' ਆਖਦੇ ਸਨ। ਦੁਪਹਿਰਾਂ ਕੱਟਣ ਲਈ ਪਿੰਡ ਦੇ ਵਿਹਲੜ ਬੰਦੇ ਆਪੋ ਆਪਣੇ ਘਰਾਂ ਤੋਂ ਚਟਾਈਆਂ ਦਰੀਆਂ, ਲੈ ਕੇ ਏਥੇ ਆਣ ਜੁੜਦੇ ਸਨ। ਇਕ ਪਾਸੇ ਤਾਇਆ ਉਜਾਗਰ ਸਿੰਘ ਦੀ ਢਾਣੀ ਚੌਂਪੜ ਦੀਆਂ ਨਰਦਾਂ ਨੂੰ ਅੱਗੇ ਪਿੱਛੇ ਕਰ ਰਹੀ ਹੁੰਦੀ। ਉਹਨਾਂ ਤੋਂ ਰਤਾ ਹਟਵੀਂ ਥਾਂ 'ਤੇ ਚਾਚਾ ਸੁੱਚਾ ਸਿੰਘ ਐਂਡ ਪਾਰਟੀ ਤਾਸ਼ ਦੀ ਬਾਜ਼ੀ ਲਾਂਦੇ। ਹਾਰਨ ਜਿੱਤਣ 'ਤੇ ਉੱਚੀ ਉੱਚੀ ਟਾਹਰਾਂ ਮਾਰਦੇ, ਰੌਲਾ ਰੱਪਾ ਪਾਉਂਦੇ ਸਨ। ਗਰਮੀ ਦੇ ਝੁਲਸਾਏ ਪੰਛੀ-ਕਾਂ, ਗੁਟਾਰਾਂ ਤੇ ਤਿਲੀਅਰ ਆਦਿ ਵੀ ਬੋਹੜਾਂ ਦੀਆਂ ਟਾਹਣੀਆਂ ਵਿਚ ਆਣ ਪਨਾਹ ਲੈਂਦੇ। ਜਦੋਂ ਇਹਨਾਂ ਜਨੌਰਾਂ ਵਿਚੋਂ ਕਿਸੇ ਇਕ ਦੀ ਵਿੱਠ ਖੇਡ ਰਹੇ ਬੰਦਿਆਂ ਵਿਚੋਂ ਕਿਸੇ ਇਕ ਦੀ ਧੌਣ ਜਾਂ ਬਾਂਹ ਤੇ ਆਣ ਪੈਂਦੀ, ਤਾਂ ਉਸ ਵਲੋਂ ਤੇਰੀ ਮਾਂ ਦੀ, ਤੇਰੀ ਧੀ ਦੀ ਆਦਿ ਗਾਲ੍ਹਾਂ ਸਮੇਤ ਢੇਮਾਂ ਵੱਟੇ ਉਤਾਂਹ ਵੱਲ ਸੁੱਟ ਕੇ ਆਰਾਮ ਕਰ ਰਹੇ ਪੰਛੀਆਂ ਨੂੰ ਉਡਾਣ ਦੇ ਨਿਸਫਲ ਜਤਨ ਕੀਤੇ ਜਾਂਦੇ। ਇਸ ਥੜ੍ਹੇ ਦੇ ਇਕ ਸਿਰੇ ਤੇ ਹੀ ਚਾਚੇ ਕੱਥੂ ਨੇ ਆਪਣਾ ਭਾਂਡੇ ਬਨਾਣ ਵਾਲਾ ਕਾਰਖ਼ਾਨਾ ਯਾਨੀ ਚੱਕ ਲਾਇਆ ਹੋਇਆ ਸੀ ਤਿੰਨ, ਸਾਢੇ ਤਿੰਨ ਫੁੱਟ ਡੂੰਘਾ ਖੱਡਾ ਸੀ। ਵਿਚ ਦੋ ਪੁੜਾਂ ਵਾਲਾ ਚੱਕ ਫਿਟ ਕੀਤਾ ਹੋਇਆ ਸੀ। ਚਾਚਾ ਕੱਥੂ ਇਸ ਖੱਡੇ ਦੇ ਕਿਨਾਰੇ ਲੱਤਾਂ ਟੋਏ ਵਿਚ ਲਮਕਾ ਕੇ ਬੈਠਦਾ ਸੀ। ਉਹ ਪੈਰਾਂ ਨਾਲ ਹੇਠਲੇ ਚੱਕੇ ਨੂੰ ਗੁਲਾਈ ਵਿਚ ਚਾਲ ਦੇਂਦਾ, ਜਿਸ ਨਾਲ ਉਤਲਾ ਚੱਕਾ ਵੀ ਗੁਲਾਈ ਵਿਚ ਚਾਲ ਫੜ ਲੈਂਦਾ। ਚਾਚੀ ਰਹਿਮਤੇ, ਨੇੜੇ ਲੱਗੇ ਗੋਅ ਕੇ ਚੀਕਨੀ ਮਿੱਟੀ ਦੇ ਲਾਏ ਢੇਰ ਵਿਚੋਂ ਇਕ

ਖਾਸ ਮਿਕਦਾਰ ਦੇ ਮਿੱਟੀ ਦੇ ਗੋਲੇ ਜਹੇ ਥੱਪ ਥੱਪ ਆਪਣੇ ਖਾਵੰਦ ਨੂੰ ਫੜਾਈ ਜਾਂਦੀ। ਚਾਚਾ ਕੱਥੂ ਇਹ ਮਿੱਟੀ ਦਾ ਛੋਟਾ ਥੋਥਾ ਚਲਦੇ ਚੱਕ ਉਤੇ ਰੱਖਦਾ, ਕੋਲ ਪਏ ਪਾਣੀ ਦੇ ਬੱਠਲ ਵਿਚੋਂ ਪਾਣੀ ਦੀ ਚੂਲੀ ਭਰਦਾ, ਤੇ ਆਪਣੇ ਨਿੱਕੇ ਨਿੱਕੇ ਹੱਥਾਂ ਦੀ ਨਾਜ਼ੁਕ ਜਹੀ ਛੋਹ ਨਾਲ ਤਰ੍ਹਾਂ ਤਰ੍ਹਾਂ ਦੇ ਭਾਂਡੇ ਇਕੋ ਆਕਾਰ ਦੇ, ਇਕੋ ਸ਼ਕਲ ਦੇ ਲਾਹ ਲਾਹ ਕੇ ਲਾਂਭੇ ਧਰੀ ਜਾਂਦਾ। ਚਾਚੀ ਰਹਿਮਤੇ ਇਹਨਾਂ ਭਾਂਡਿਆਂ ਨੂੰ ਕਮਾਲ ਦੀ ਪ੍ਰਬੀਨਤਾ ਨਾਲ ਪੋਲੇ ਜਿਹੇ ਹੱਥੀਂ ਚੁੱਕ ਕੇ ਪਰੇ ਧੁੱਪੇ ਸੁਕਣੇ ਪਾਈ ਜਾਂਦੀ। ਮੈਂ ਕਿੰਨਾ ਕਿੰਨਾ ਚਿਰ ਚਾਚੇ ਕੱਥੂ ਦੇ ਕੋਲ ਬੈਠਾ ਉਹਦੀ ਕਲਾਕਾਰੀ ਨੂੰ ਵੇਖ ਵੇਖ ਹੈਰਾਨ ਹੋਂਦਾ ਰਹਿੰਦਾ ਸਾਂ।

ਅੱਜ ਮੈਂ ਸੋਚਦਾ ਹਾਂ ਕਿ ਮੇਰੇ ਅੰਦਰ ਇਹ ਜੋ ਸੁੰਦਰਤਾ ਲਈ ਭੁੱਖ ਦਾ ਵਾਸ ਹੈ, ਇਸ ਦਾ ਮੁੱਢ ਤਾਂ ਸ਼ਾਇਦ ਚਾਚੇ ਕੱਥੂ ਨੇ ਹੀ ਬੰਨਿਆਂ ਹੋਵੇ? ਕਮਾਲ ਨਹੀਂ ਕਿ ਬਿਨਾਂ ਕਿਸੇ ਡਾਈ ਦੇ, ਬਗੈਰ ਸੱਚੇ ਦੇ ਇਕ ਸਾਈਜ਼ ਦੇ ਇਕੋ ਜਹੇ ਘੜੇ, ਚਾਟੀਆਂ, ਬਲ੍ਹਨੇ ਆਦਿ ਬਨਾਈ ਜਾਂਦਾ ਸੀ। ਮੁਹਾਰਤ ਹੋਰ ਕੀ ਹੋਂਦੀ ਏ?

ਇਸ ਦਾਇਰੇ ਉਤੇ ਕਦੇ ਕਦੇ ਰਾਸਧਾਰੀਏ ਆ ਜਾਂਦੇ ਸਨ, ਜੋ ਸਾਰੀ ਸਾਰੀ ਰਾਤ ਨੱਚਦੇ ਗਾਉਂਦੇ ਤੇ ਪਿੰਡ ਵਾਸੀਆਂ ਦੀ ਸਭਿਆਚਾਰਕ ਭੁੱਖ ਨੂੰ ਤ੍ਰਿਪਤ ਕਰਦੇ ਸਨ। ਦਿਨ ਵੇਲੇ ਕਦੇ ਕਦੇ ਫਿਰਦੇ ਤੁਰਦੇ ਭੰਡ ਆ ਜਾਂਦੇ ਤੇ ਇਕੱਠੇ ਹੋਏ ਲੋਕਾਂ ਦਾ ਦਿਲ ਬਹਿਲਾ ਜਾਂਦੇ ਸਨ। ਪਰ ਇਹ ਕਦੇ ਕਦੇ ਦਾ ਵਰਤਾਰਾ ਹੀ ਸੀ। ਆਮ ਤੌਰ 'ਤੇ ਹੱਸਣ ਖੇਡਣ ਦਾ ਵਰਤਾਰਾ ਹੀ ਸੀ। ਆਮ ਤੌਰ ਤੇ ਹੱਸਣ ਖੇਡਣ ਦਾ ਸਾਧਨ ਚਾਚਾ ਕੱਥੂ ਅਤੇ ਚਾਚੀ ਰਹਿਮਤੇ ਵਿਚਕਾਰ ਛਿੜਿਆ ਵਾਰਤਾਲਾਪ, ਉਹਨਾਂ ਵਲੋਂ ਵਰਤੇ ਜਾਂਦੇ ਤੇਜ਼ ਤਰਾਰ ਬੋਲ ਤੇ ਇਕ ਦੂਜੇ ਨਾਲ ਛੇੜ ਛਾੜ ਹੀ ਬਣਦਾ ਸੀ। ਦੋਵੇਂ ਜੀਅ ਬੜੇ ਹੱਸਮੁੱਖ ਤੇ ਮਖੌਲੀਏ ਸੁਭਾਅ ਦੇ ਸਨ। ਇੰਜ ਸਾਰੀ ਸਾਰੀ ਦੁਪਹਿਰ ਉਹ ਨਾਲੇ ਕੰਮ ਕਰਦੇ ਹੋਏ ਆਪ ਵੀ ਹੱਸ ਖੇਡ ਕੇ ਸਮਾਂ ਬਤੀਤ ਕਰਦੇ ਸਨ ਤੇ ਨਾਲ ਹੀ ਵਿਹਲੜ ਢਾਣੀ ਦਾ ਜੀਅ ਪਰਚਾਈ ਰੱਖਦੇ ਸਨ। ਛੜਿਆਂ 'ਚੋਂ ਜਦੋਂ ਵੀ ਕੋਈ ਅਸਲੀਲਤਾ ਦੀ ਭਾਹ ਮਾਰਦੀ ਗੱਲ ਕਰਦਾ ਤਾਂ ਚਾਚੀ ਰਹਿਮਤੇ ਐਸਾ ਕਰਾਰਾ ਜਵਾਬ ਦੇਂਦੀ ਕਿ ਬਹਿ ਜਾ ਬਹਿ ਜਾ ਹੋ ਜਾਂਦੀ।

ਇੰਜ ਬੀਤ ਰਹੇ ਸਨ ਦਿਨ, ਕਿ ਸੰਨ 1947 ਆ ਗਿਆ। ਕਾਲੇ ਅਤੇ ਭਿਆਨਕ ਦਿਨਾਂ ਦਾ ਦਹਿਸ਼ਤ ਭਰਿਆ ਮੌਸਮ-ਚਾਰ ਚੁਫੇਰੇ ਵੱਢ ਟੁੱਕ, ਅੱਗਾਂ ਦੇ ਭਾਂਬੜ, ਬਲਾਤਕਾਰ, ਉਧਾਲੇ ਤੇ ਚੀਕਾਂ ਤਰਲਿਆਂ ਦਾ ਮਾਹੌਲ। ਚਾਰ ਚੁਫੇਰਾ ਧੁਆਂਖਿਆਂ ਗਿਆ। ਇਨਸਾਨੀਅਤ ਮਰ ਗਈ। ਹੈਵਾਨੀਅਤ ਦਾ ਬੋਲ ਬਾਲਾ ਹੋ ਗਿਆ। ਇਹੋ ਜਿਹੀ ਕੁਲਹਿਣੀ ਸਵੇਰ, ਨਾਲ ਦੇ ਪਿੰਡਾਂ ਤੋਂ ਉੱਠੀ ਵਾਹਰ ਨੇ ਸਾਡੇ ਪਿੰਡ ਨੂੰ ਵੀ ਆਣ ਘੇਰਿਆ। 'ਬੋਲੇ ਸੋ ਨਿਹਾਲ' ਦੇ ਪਵਿੱਤਰ ਜੈਕਾਰੇ ਤੇ ਘੱਪ ਘੱਪ ਚਲਦੀਆਂ ਬਰਛੀਆਂ ਬਲਮਾਂ। ਇਹ ਹੈਵਾਨੀ ਭਰੀਆਂ ਕਰਤੂਤਾਂ ਨੂੰ ਆਖਿਰ ਆਦਮੀ ਰੱਬ ਦੇ ਨਾਂਅ ਹੀ ਕਿਉਂ ਮੜ੍ਹਦਾ ਹੈ?

ਜਦੋਂ ਹਨੇਰੀ ਲੰਘ ਗਈ। ਮੈਂ ਬਾਹਰ ਆਇਆ, ਗਲੀਏ ਗਲੀਏ ਟੁਰਦਾ ਸਹਿਮਿਆ ਤ੍ਰਭਕਿਆ ਚਾਚੇ ਕੱਥੂ ਦੇ ਵੇਹੜੇ ਜਾ ਵੜਿਆ। ਚਾਚੀ ਰਹਿਮਤੇ ਸ਼ਾਇਦ ਉਧਾਲੀ ਜਾ ਚੁੱਕੀ ਸੀ। ਚਾਚਾ ਕੱਥੂ ਲਹੂ ਭਰੀ ਛਪੜੀ ਵਿਚ ਅਹਿਲ ਪਿਆ ਸੀ। ਮਰਿਆ ਹੋਇਆ। ਉਸ ਦੇ ਦੋਵੇਂ ਹੱਥ ਕੱਟੇ ਪਏ ਸਨ। ਅੱਖਾਂ ਖੁੱਲ੍ਹੀਆਂ ਸਨ। ਭੈਅ ਭਰੇ ਆਨਿਆਂ ਵਿਚ ਇਕ ਯਾਚਾਨਾ, ਇਕ ਯਾਚਾਨਾ, ਇਕ ਪ੍ਰਸ਼ਨ ਜੰਮ ਕੇ ਰਹਿ ਗਿਆ ਹੋਇਆ ਸੀ। ਜਿਵੇਂ ਚਾਚਾ ਕੱਥੂ ਪੁੱਛ ਰਿਹਾ ਹੋਵੇ-ਉਏ ਸਰਦਾਰੋ, ਮੈਂ ਤਾਂ ਸਾਰੀ ਉਮਰ ਤੁਹਾਡੇ ਲਈ ਘੜੇ ਚਾਟੀਆਂ, ਘੜਦਾ ਬਣਾਉਦਾ ਰਿਹਾ ਹਾਂ, ਤੇ ਤੁਸੀਂ ਮੈਨੂੰ ਵੀ.....?'

●

# ਕੁਝ ਹਿੰਦੂ ਮਿਥਿਹਾਸ ਬਾਰੇ

ਅੱਜ ਕੱਲ੍ਹ ਟੈਲੀਵਿਜ਼ਨ ਉੱਤੇ ਚਲ ਰਹੇ ਪ੍ਰੋਗਰਾਮਾਂ ਬਾਰੇ ਕਿਸੇ ਦੋਸਤ ਨਾਲ ਗੱਲਬਾਤ ਹੋ ਰਹੀ ਸੀ। ਖਿਝ ਜਿਹੀ ਨਾਲ ਉਹ ਬੋਲੇ, 'ਇਹ ਕੀ ਊਟ-ਪਟਾਂਗ ਵਿਖਾਂਦੇ ਰਹਿੰਦੇ ਨੇ ਸਾਨੂੰ? 'ਓਮ ਨਮੋ ਸ਼ਿਵਾਏ' ਤੇ 'ਜੈ ਮਾਤਾ ਦੀ' ਆਦਿ? ਨਿਰੀ ਕਲਪਨਾ ਤੇ ਅੰਧ ਵਿਸ਼ਵਾਸ਼। ਇਹ ਸਾਡੇ ਬੱਚਿਆਂ ਨੂੰ ਕਿੱਥੇ ਲੈ ਜਾਣਗੇ?

ਮਿੱਤਰ ਦਾ ਤੌਖਲਾ ਠੀਕ ਸੀ ਪਰ ਮੈਂ ਉਨ੍ਹਾਂ ਵਲੋਂ ਵਰਤੇ ਗਏ ਸ਼ਬਦ 'ਊਟ ਪਟਾਂਗ' ਨਾਲ ਸਹਿਮਤ ਨਹੀਂ ਹਾਂ। ਹਿੰਦੂ ਮਿਥਿਹਾਸ ਨਾਲ ਸੰਬੰਧਿਤ ਇਹ ਕਹਾਣੀਆਂ ਕੋਈ ਕਲਪਨਾ ਅਤੇ ਝੂਠ ਦੇ ਪੁਲੰਦੇ ਨਹੀਂ ਹਨ। ਇਨ੍ਹਾਂ ਦੇ ਬੜੇ ਡੂੰਘੇ ਅਰਥ ਹਨ ਜੋ ਬਦਕਿਮਸਤੀ ਨੂੰ ਨਾ ਤਾਂ ਪੇਸ਼ ਕਰਨ ਵਾਲਿਆਂ ਨੂੰ ਪਤਾ ਹਨ ਤੇ ਨਾ ਹੀ ਵੇਖਣ ਵਾਲੇ ਇਨ੍ਹਾਂ ਰਹੱਸਮਈ ਕਾਰਨਾਮਿਆਂ ਦੀ ਸਮਝ ਰੱਖਦੇ ਹਨ। ਸਮੇਂ ਦੇ ਲੰਮੇ ਪੰਧ ਵਿਚ ਮੂੰਹ ਦਰ ਮੂੰਹ ਤੇ ਪੀੜ੍ਹੀ ਦਾਰ ਪੀੜ੍ਹੀ ਸੁਣਦਿਆਂ ਸੁਣਾਂਦਿਆਂ ਇਹ ਵਡੇਰੇ ਸੱਚ ਅਕਸਰ ਅਰਥ ਗੁਆ ਹੀ ਬਹਿੰਦੇ ਹਨ।

ਸਿੱਖ ਧਰਮ ਦੀ ਆਯੂ ਅਜੇ ਕੇਵਲ ਪੰਜ ਸੌ ਸਾਲ ਹੀ ਹੋਈ ਹੈ ਤੇ ਇਹਦਾ ਬਹੁਤ ਸਾਰਾ ਇਤਿਹਾਸ ਭਰਮ ਭੁਲੇਖਿਆਂ ਦੀ ਧੁੰਦ ਵਿਚ ਵਲ੍ਹੇਟਿਆਂ ਵੀ ਗਿਆ ਹੈ। ਗੁਰੂ ਨਾਨਕ ਦਾ ਕੋਧਰੇ ਦੀ ਰੋਟੀ 'ਚੋਂ ਦੁੱਧ ਨਿਚੋੜਨਾ ਤੇ ਮਲਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਘੋੜੇ 'ਤੇ ਚੜ੍ਹ ਕੇ ਸਵਰਗਾਂ ਨੂੰ ਜਾਣਾ ਆਦਿ ਅਜਿਹੇ ਵਰਤਾਰੇ ਹਨ ਜਿਨ੍ਹਾਂ ਬਾਰੇ ਸ਼ਰਧਾ ਤੇ ਅਰਥਾਂ ਪੱਖੋਂ ਅੱਜ ਅਸੀਂ ਇਕਮੱਤ ਨਹੀਂ ਹਾਂ। ਜਦੋਂ ਕਿ ਹਿੰਦੂ ਧਰਮ ਦਾ ਇਤਿਹਾਸ ਤਾਂ ਫੇਰ ਵੀ ਪੰਜ ਹਜ਼ਾਰ ਸਾਲਾਂ ਤੋਂ ਵੀ ਵੱਧ ਸਮੇਂ ਦੇ ਫੈਲਾਅ 'ਚ ਫੈਲਿਆ ਹੋਇਆ ਹੈ।

ਦਰਅਸਲ ਮਿਥਿਹਾਸ ਇਕ ਨਰੋਆ ਫਲਸਫਾ ਹੈ, ਜੋ ਜੀਵਨ ਦੀ, ਜੀਵਨ ਸਰੋਤ ਦੀ ਤੇ ਸਰਿਸ਼ਟੀ ਦੀ ਇਸ ਉਤਪਤੀ ਨਾਲ ਸੰਬੰਧਤ ਕਾਰਜ਼ਸ਼ੀਲ ਸ਼ਕਤੀਆਂ ਦੀ ਵਿਆਖਿਆ ਕਰਦਾ ਹੈ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਸਮੁੱਚੇ ਬ੍ਰਹਿਮੰਡ ਵਿਚ ਜੀਵਨ ਦੇ ਦੋ ਰੂਪ ਹਨ-ਦਿਸਦਾ ਅਤੇ ਅਦਿਸਦਾ, ਸਥੂਲ ਅਤੇ ਸੂਖਮ। ਦਿਸਦੇ ਨੂੰ ਅਸੀਂ ਸੰਸਾਰ ਆਖਦੇ ਹਾਂ ਤੇ ਅਦਿਸਦੇ ਨੂੰ ਪਰਮਾਤਮਾ ਦਾ ਨਾਂ ਦਿੰਦੇ ਹਾਂ। ਹਜ਼ਾਰਾਂ ਸਾਲ ਪਹਿਲਾਂ ਕੁਝ ਚਿੰਤਕ ਯੂਨਾਨ ਦੇਸ਼ ਵਿਚ ਪੈਦਾ ਹੋਏ, ਜਿਵੇਂ ਸੁਕਰਾਤ, ਅਫਲਾਤੂਨ, ਆਦਿ। ਉਨ੍ਹਾਂ ਦੀ ਨਜ਼ਰ ਦਿਸਦੇ ਤਕ ਮਹਿਦੂਦ ਰਹੀ। ਦਿਸਦਾ ਜੋ ਕਿ ਪੰਜਾਂ ਗਿਆਨ ਇੰਦਰੀਆਂ ਦੀ ਪਕੜ ਵਿਚ ਆਉਂਦਾ ਹੈ। ਇਸ ਦਿਸਦੇ ਦੀ ਖੋਜ ਤੇ ਵਿਆਖਿਆ ਕਰਦਿਆਂ ਉਨ੍ਹਾਂ ਚੀਜ਼ਾਂ ਦੇ ਨਾਂ ਰੱਖੇ, ਉਨ੍ਹਾਂ ਦੇ ਸੁਭਾਅ ਪਰਖੇ, ਲੱਛਣਾਂ ਬਾਰੇ ਜਾਣਿਆਂ। ਅਜਿਹਾ ਕਰਦਿਆਂ ਮਨੁੱਖੀ ਭਾਸ਼ਾ ਵਿਕਸਤ ਹੋਈ, ਹਰ ਸਿਧਾਂਤ ਨੂੰ ਸਿੱਧ ਕਰਨ ਲਈ ਪ੍ਰਮਾਣ ਦਿੱਤੇ ਜਾਣ ਲੱਗੇ। ਇਸ ਸੋਚ ਨੂੰ ਜਾਂ ਨਜ਼ਰੀਏ ਨੂੰ ਵਿਗਿਆਨਕ ਸੋਚ ਵੀ

ਆਖਦੇ ਹਾਂ।

ਹਜ਼ਾਰਾਂ ਸਾਲ ਵਿਚ ਹੀ ਕੁਝ ਵਿਚਾਰਵਾਨ ਬੁੱਧ ਪੁਰਸ਼ ਭਾਰਤ ਦੀ ਧਰਤੀ ’ਤੇ ਵੀ ਪੈਦਾ ਹੁੰਦੇ ਰਹੇ ਹਨ ਜਿਨ੍ਹਾਂ ਦੀ ਸੋਚ ਦਾ ਵਿਸ਼ਾ ਜੀਵਨ ਦਾ ਸੂਖਮ ਰੂਪ, ਅਦ੍ਰਿਸ਼ ਜਗਤ ਬਣਿਆ। ਅਸੀਂ ਕੌਣ ਹਾਂ? ਕਿੱਥੋ ਆਏ ਹਾਂ? ਕਿੱਥੇ ਜਾਵਾਂਗੇ? ਇਸ ਦਿਸਦੇ ਦਾ ਸਾਜਣਹਾਰ ਕੌਣ ਹੈ? ਕਿਹੋ ਜਿਹਾ ਹੋਵੇਗਾ? ਕਿੱਥੇ ਰਹਿੰਦੈ ਹੋਣੈ? ਆਦਿ ਇਸ ਸੋਚ ਦਾ ਸਬੰਧ ਚੂੰਕਿ ਰੰਗ ਰੂਪ ਰਹਿਤ ਸੂਖਮ ਜੀਵਨ ਨਾਲ ਹੀ ਸੀ, ਇਸ ਲਈ ਇਸ ਦਾ ਅਨੁਭਵ ਤਾਂ ਹੋ ਸਕਦਾ ਸੀ, ਇਸ ਦੀ ਵਿਆਖਿਆ ਲਈ ਭਾਸ਼ਾ ਨਹੀਂ ਸੀ ਸਿਰਜੀ ਜਾ ਸਕਦੀ। ਮਾਣੇ ਗਏ ਅਨੁਭਵ ਨੂੰ ਉਜਾਗਰ ਕਰਨਾ, ਸ਼ਬਦਾਂ ਵਿਚ ਦੱਸਣਾ, ਅਸੰਭਵ ਜਿਹਾ ਸੀ। ਸੋ ਆਸਰਾ ਇਸ਼ਾਰਿਆਂ ਜਾਂ ਪ੍ਰਤੀਕਾਂ ਦਾ ਹੀ ਲਿਆ ਜਾ ਸਕਦਾ ਸੀ, ਇਸ ਲਈ ਧਰਮ ਦੇ ਜਗਤ ਦੀ ਵਿਆਖਿਆ ਅੱਜ ਤੱਕ ਵੀ ਅਸਪਸ਼ਟ ਚਲੀ ਆ । ਵਿਸ਼ਨੂੰ ਦੀ ਨਾਭੀ ਵਿਚ ਕੰਵਲ ਫੁੱਲ ਖਿਲਿਆ ਵਿਖਾਇਆ ਗਿਆ ਹੈ। ਕੀ ਸਮਝੇ ਓ? ਜੇ ਤਾਂ ਪੱਛਮੀ ਸੋਚ ਤੇ ਪ੍ਰੇਰਤ ਹੋ, ਵਿਗਿਆਨਕ ਨਜ਼ਰੀਆ ਰੱਖਦੇ ਹੋ ਤਾਂ ਆਖੋਗੇ ਬਕਵਾਸ ਹੈ, ਕੋਰੀ ਕਲਪਨਾ ਤੇ ਅੰਧਵਿਸ਼ਵਾਸ। ਜੇ ਪੂਰਬੀ ਸੋਚ ਦੇ ਮੰਨਣਹਾਰ ਹੋ ਤਾਂ ਗੱਲ ਬੜੀ ਸਿੱਧੀ ਹੈ ਕਿ ਵਿਸ਼ਨੂੰ ਦਾ ਹਿਰਦਾ ਕੰਵਲ ਫੁੱਲ ਦੀ ਨਿਆਈ ਕੋਮਲ ਹੈ, ਜਗਤ ਵਿਚ ਰਹਿ ਕੇ ਵੀ ਜਗਤ ਤੋਂ ਨਿਰਲੇਪ ਹੈ।

ਵਿਗਿਆਨੀ ਦੱਸਦੇ ਹਨ ਕਿ ਪਦਾਰਥ ਸਦਾ ਤੋਂ ਏਨਾ ਹੀ ਹੈ, ਨਾ ਵਧਦਾ ਹੈ, ਨਾ ਘਟਦਾ ਹੈ। ਠੋਸ ਤੋਂ ਤਰਲ, ਤਰਲ ਤੋਂ ਗੈਸ, ਗੈਸਾਂ ਤੋਂ ਫਿਰ ਤਰਲ ਤੇ ਠੋਸ ਆਦਿ। ਪਦਾਰਥ ਦੇ ਇਸ ਜੀਵਨ ਚੱਕਰ ਨੂੰ ਪੂਰਬੀ ਰਿਸ਼ੀਆਂ ਮੁਨੀਆਂ ਪੁਨਰ ਜਨਮ ਦਾ ਨਾਂ ਦਿਤਾ ਹੈ। ਜੀਵਨ ਚੱਕਰ ਵਿਚ ਤਿੰਨ ਕਿਰਿਆਵਾਂ ਮੰਨੀਆਂ ਹਨ-ਜਨਮ ਹੋਣਾ, ਪਲਣਾ ਪੋਸਣਾ ਜਾਂ ਵਿਕਸਿਤ ਹੋਣਾ ਤੇ ਵਿਨਾਸ਼। ਇਸ ਰਹੱਸਮਈ ਵਰਤਾਰੇ ਨੂੰ ਬਿਆਨ ਕਰਨ ਲਈ ਤਿੰਨ ਪ੍ਰਤੀਕ ਘੜ ਲਏ ਗਏ ਹਨ ਬ੍ਰਹਮਾ, ਵਿਸ਼ਨੂੰ ਤੇ ਮਹੇਸ਼। ਬ੍ਰਹਮਾ ਜਨਮ ਦਿੰਦਾ ਹੈ। ਵਿਸ਼ਨੂੰ ਪਾਲਣਾ ਪੋਸਣਾ ਦਾ ਸਮ ਅਰਥੀ ਚਿੰਨ੍ਹ ਹੈ ਤੇ ਮਹੇਸ਼ ਜਾਂ ਸ਼ਿਵ ਮੌਤ ਜਾ ਵਿਨਾਸ਼ ਦਾ। ਇਕ ਪਰਮ ਸ਼ਕਤੀ ਦੇ ਇਨ੍ਹਾਂ ਪੜਾਵਾਂ ਦੀ ਵਿਆਖਿਆ -ਏਕਾ ਮਾਈ ਜਗਤ ਵਿਆਈ ਤਿੰਨ ਚੇਲੇ ਪ੍ਰਵਾਨ। ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣ-ਗੁਰੂ ਨਾਨਕ ਦੁਵਾਰਾ ਵੀ ਕੀਤੀ ਗਈ ਹੈ।

ਤੁਸੀਂ ਸ਼ਿਵਲਿੰਗ ਤਾਂ ਵੇਖਿਆ ਏ ਨਾ? ਕੀ ਚੀਜ਼ ਏ ਇਹ? ਕਿਉਂ ਇਸ ਦੀ ਏਨੀ ਪੂਜਾ ਹੁੰਦੀ ਏ? ਅਸੀਂ ਜੋ ਨਹੀਂ ਸਮਝਦੇ ਸਾਡੇ ਲਈ ਇਹ ਇਕ ਅਸ਼ਲੀਲ ਚੀਜ਼ ਏ। ਇਸ ਦੀ ਪੂਜਾ ਨਿਰਾ ਅੰਧਵਿਸ਼ਵਾਸ਼ ਤੇ ਪਿਛਾਂਹ ਖਿੱਚੂ ਸੋਚ ਏ ਤੇ ਇਸ ਨਜ਼ਰੀਏ ਤੋਂ ਵੇਖਿਆ ਹਿੰਦੂ ਸਾਡੇ ਤਰਸ ਦਾ ਪਾਤਰ, ਪਿਛਲੱਗ ਤੇ ਅੰਧ ਵਿਸ਼ਵਾਸ਼ੀ ਬਣਾ ਜਾਂਦਾ ਹੈ ਪਰ ਇਹ ਇੰਜ ਹੈ ਨਹੀਂ। ਇਸ ਪਿੱਛੇ ਜੋ ਸੋਚ ਜਾਂ ਅਨੁਭਵ ਹੈ ਉਹ ਬੜਾ ਹੀ ਸਾਰਥਿਕ ਹੈ ਤੇ ਇਸ ਸਰਿਸ਼ਟੀ ਦੇ ਧੁਰੇ ਜਾਂ ਸੋਮੇ ਵੱਲ ਇਸ਼ਾਰਾ ਕਰਦਾ ਹੈ।

ਸਾਡੇ ਰਿਸ਼ੀਆਂ ਮੁਨੀਆਂ ਨੂੰ ਸਮਾਧੀ ਦੀ ਗਹਿਰਾਈ ਵਿਚ ਇਹ ਅਨੁਭਵ ਹੋਇਆ ਕਿ ਪਰਮ ਚੁੱਪ ਦੀ ਹਾਲਤ ਵਿਚ ਮਨੁੱਖ ਜਦ ਮਨ ਤੋਂ ਪਾਰ ਹੋ ਜਾਂਦਾ ਹੈ ਤਾਂ ਉਸ ਦੇ ਮੱਥੇ ਵਿਚ ਇਕ ਜੋਤ ਜਿਹੀ ਬਲਦੀ ਹੈ ਜਾਂ ਜੋਤ ਸਥਾਪਤ ਹੁੰਦੀ ਹੈ। ਹੁਣ ਜੋਤ ਜਿੱਥੇ ਵੀ ਹੋਵੇਗੀ ਉਹਦੇ ਵਿਚ ਇਕ ਸੁਰਮਈ ਜਿਹਾ ਬੈਜਵੀ ਜਿਹੀ ਸ਼ਕਲ ਦਾ ਆਕਾਰ ਨਜ਼ਰ ਆਵੇਗਾ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ ਹਾਲੋਨੈੱਸ ਜਾਂ ਖਾਲੀ ਥਾਂ ਆਖ ਸਕਦੇ ਹਾਂ। ਹੁਣ ਕਿਸੇ ਖਿਲਾਅ ਵਿਚ ਰੰਗ ਰੂਪ ਰਹਿਤ ਸੁੰਨਤਾ ਜਾਂ ਸ਼ੂਨਅ ਉਤੇ ਧਿਆਨ ਟਿਕਾਣਾ ਅਸੰਭਵ ਭਾਵੇਂ ਨਾ ਵੀ ਹੋਵੇ ਕਠਿਨ ਜ਼ਰੂਰ ਹੈ। ਸੋ ਇਕ ਤੇ ਇਸ ਕਠਿਨਾਈ

ਤੇ ਕਾਬੂ ਪਾਉਣ ਲਈ ਸ਼ਿਵ ਦਾ ਮੁੱਢਲਾ ਜਾਂ ਕਾਲਪਿਤ ਰੂਪ ਇਹ ਚਿੰਨ੍ਹ ਮੰਨ ਲਿਆ ਗਿਆ ਹੈ ਤੇ ਦੂਸਰਾ ਜੀਵਨ ਦਾ ਸਾਰਾ ਨਾਟਕ ਹੀ ਕਾਮ 'ਤੇ ਆਧਾਰਤ ਹੈ। ਇਹ ਕਾਮ ਹੀ ਹੈ ਜਿਸ ਤੋਂ ਸਾਰੀ ਸਰਿਸ਼ਟੀ ਦੀ ਉਤਪਤੀ ਹੋਈ ਹੈ। ਇਸ ਲਈ ਇਸ ਅਤਿ ਪਵਿਤਰ ਜਜ਼ਬੇ ਦੇ ਪ੍ਰਤੀਕ ਵਜੋਂ ਵੀ ਇਸ ਦੀ ਸਥਾਪਨਾ ਕੀਤੀ ਗਈ ਹੈ।

'ਸ਼ਿਵ' ਸਰਬਵਿਆਪਕ ਤੇ ਪਰਮ ਸ਼ਕਤੀ ਦਾ ਅਨਾਦੀ ਨਾਂ ਹੈ ਮੁੱਢਲਾ। ਚਰਚਿਤ ਨਾਵਾਂ ਉਤੇ ਆਪਣੇ ਬੱਚਿਆਂ ਦਾ ਨਾਂ ਰੱਖਣ ਦੀ ਪ੍ਰੰਪਰਾ ਮਨੁੱਖੀ ਇਤਿਹਾਸ ਦਾ ਵਰਤਾਰਾ ਰਹੀ ਹੈ, ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਂ 'ਤੇ ਅੱਜ ਵੀ ਸਿੱਖ ਜਗਤ ਵਿਚ ਕਈ ਗੋਬਿੰਦ ਸਿੰਘ ਫਿਰ ਰਹੇ ਹਨ। ਇੰਜ ਹੀ ਸਮੇਂ ਦੀ ਧਾਰਾ ਮਨੁੱਖੀ ਸਮਾਜ ਅੰਦਰ ਕਈਆਂ ਨੂੰ ਸ਼ਿਵ ਦਾ ਨਾਂ ਦਿੱਤਾ ਗਿਆ ਹੋਵੇਗਾ ਤੇ ਅੱਜ ਵੀ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿਚੋਂ ਹੀ ਕੋਈ ਸ਼ਿਵ ਬੁੱਧ ਪੁਰਸ਼ ਦੀ ਪਦਵੀ ਪਾ ਕੇ ਸ਼ਿਵਲਿੰਗ ਦੇ ਚਿੰਨ੍ਹ ਨੂੰ ਆਪਣੇ ਸ਼ਿਵਜੀ ਦੀ ਵਿਰਾਸਤ ਬਣਾਇਆ ਹੋਵੇਗਾ। ਅੱਜ ਔਲਾਦ ਦੀ ਪ੍ਰਾਪਤੀ ਲਈ ਜਿਸ ਪਧਤੀ ਨਾਲ ਇਸ ਦੀ ਪੂਜਾ ਕੀਤੀ ਜਾ ਰਹੀ ਹੈ, ਉਸ ਵਿਚ ਨਿੰਦਣਯੋਗ ਤਾਂ ਸਾਡੀ ਅਗਿਆਨਤਾ ਹੀ ਹੋ ਸਕਦੀ ਹੈ, ਇਹ ਪਰਮ ਪਵਿੱਤਰ ਸ਼ਿਵ ਰੂਪ ਚਿੰਨ੍ਹ ਨਹੀਂ।

ਇੰਜ ਅਸੀਂ ਵੇਖਦੇ ਹਾਂ ਕਿ ਹਿੰਦੂ ਮਿਥਿਹਾਸ ਵਿਚ ਬੜੀਆਂ ਹੀ ਗਹਿਰੀਆਂ ਗੱਲਾਂ ਦਾ ਵਰਨਣ ਹੋਇਆ ਹੈ। ਹਜ਼ਾਰਾਂ ਸਾਲਾਂ ਦਾ ਮਨੁੱਖੀ ਚਿੰਤਨ ਇਸ ਵਿਚ ਸਮੋਇਆ ਹੋਇਆ ਹੈ। ਇਕ ਵਿਗਿਆਨਕ ਤੇ ਸ਼ਕਤੀ ਸ਼ਾਲੀ ਜੀਵਨ ਫਿਲਾਸਫੀ ਦਾ ਨਾਂ ਹਿੰਦੂ ਮਿਥਿਹਾਸ।

ਦੁਨੀਆਂ ਉਤੇ ਦੋ ਹੀ ਕੌਮਾਂ ਹਨ ਜਿਨ੍ਹਾਂ ਕੋਲ ਆਪਣਾ ਮਿਥਿਹਾਸ ਹੈ ਯੂਨਾਨੀ ਤੇ ਭਾਰਤੀ। ਯੂਨਾਨੀ ਸੋਚ ਜਾਂ ਫਿਲਾਸਫੀ ਦਿਸਦੇ ਜਗਤ ਦੀ ਗੱਲ ਕਰਦੀ ਹੈ। ਇਸ ਨੂੰ ਪੱਛਮੀ ਸੋਚ ਜਾਂ ਵਿਚਾਰਧਾਰਾ ਵੀ ਕਿਹਾ ਗਿਆ ਹੈ। ਭਾਰਤੀ ਸੋਚ ਜਾਂ ਚਿੰਤਨ ਨੂੰ ਪੂਰਬੀ ਵਿਚਾਰਧਾਰਾ ਦਾ ਨਾਂ ਦਿਤਾ ਗਿਆ ਹੈ। ਇਹ ਮਨੁੱਖ ਦੇ ਧਰਮ ਨਾਲ ਸੰਬੰਧ ਰਖਦੀ ਹੈ।

ਧਰਤੀ ਦੀ ਸਾਰੀ ਹੀ ਲੁਕਾਈ ਇਨ੍ਹਾਂ ਦੋਵੇਂ ਵਿਚਾਰਧਾਰਾਵਾਂ ਤੋਂ ਪ੍ਰੇਰਤ ਹੋਈ ਹੈ ਤੇ ਇਸੇ ਨੂੰ ਹੀ ਜੀਵਨ ਲਕਸ਼ ਬਣਾਇਆ ਹੈ।

●

# ਸੰਗਮਰਮਰ ਹੇਠ ਦੱਬ ਗਈਆਂ ਇਤਿਹਾਸ ਦੀਆਂ ਪੈੜਾਂ

ਮੈਂ ਸੁਣਿਆ ਹੈ ਕਿ ਆਨੰਦਪੁਰ ਸਾਹਿਬ ਵਿਖੇ 'ਸਿੱਖ ਹੈਰੀਟੇਜ' ਨਾਂ ਦਾ ਇਕ ਵੱਡ ਆਕਾਰੀ ਭਵਨ ਸਮੂਹ ਬਣਾਇਆ ਜਾ ਰਿਹਾ ਹੈ। ਜਿਸ ਵਿਚ ਸਿੱਖ ਵਿਰਾਸਤ ਦੀ ਸੰਭਾਲ ਕੀਤੀ ਜਾਵੇਗੀ। ਮਨ ਆਖਦਾ ਹੈ ਕਿ ਇਸ ਪਿੱਛੇ ਵੀ ਕੋਈ ਰਾਜਨੀਤਿਕ ਸੋਚ ਤਾਂ ਨਹੀਂ ਕੰਮ ਕਰ ਰਹੀ? ਨਹੀਂ, ਸਿੱਖ ਵਿਰਾਸਤ ਦੀ ਸੰਭਾਲ ਪਿਛਲੇ ਪੈਂਤੀ ਚਾਲੀ ਸਾਲਾਂ ਤੋਂ ਇਹੋ ਜਿਹੀ ਹੁੰਦੀ ਮੈਂ ਵੇਖਦਾ ਆ ਰਿਹਾ ਹਾਂ, ਉਸ ਤੋਂ ਮਨ ਡਾਹਢਾ ਦੁਖੀ ਹੈ। ਦੁੱਖ ਦੀ ਗਠੜੀ ਥੋੜ੍ਹੀ ਜਿਹੀ ਖੋਲ੍ਹਾਂ?

ਚਾਲੀ ਬਤਾਲੀ ਸਾਲ ਹੋਏ ਪਹਿਲੀ ਵਾਰ ਸ੍ਰੀ ਆਨੰਦਪੁਰ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਨੌਂਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ, ਜਿਸ ਭੋਰੇ ਵਿਚ ਬੈਠ ਕੇ ਨਾਮ ਸਿਮਰਨ ਕਰਦੇ ਸਨ, ਉਥੇ ਇਕ ਸ਼ਾਨਦਾਰ ਗੁਰਦੁਵਾਰਾ ਬਣਿਆ ਹੋਇਆ ਸੀ। ਇਸ ਦੇ ਪਿਛਵਾੜੇ ਛੋਟੀ ਇੱਟ ਦੀ ਇਕ ਵੱਡ ਸਾਧਾਰਨ ਜਿਹੀ ਦਿੱਖ ਵਾਲਾ ਮਕਾਨ ਸੀ। ਇਕ ਵੱਡਾ ਕਮਰਾ (ਅੰਦਾਜ਼ਨ ਪੰਦਰਾਂ ਬਾਈ ਵੀਹ ਫੁੱਟ ਦਾ) ਤੇ ਉਸ ਦੇ ਦੋਹਾਂ ਸਿਰਿਆਂ 'ਤੇ ਦੋ ਕੋਠੜੀਆਂ। ਸੱਜੇ ਹੱਥ ਦੀ ਕੋਠੜੀ ਦੇ ਮੱਥੇ 'ਤੇ ਟੀਨ ਦੀ ਇਕ ਪਲੇਟ ਲੱਗੀ ਹੋਈ ਸੀ, ਜਿਸ 'ਤੇ ਲਿਖਿਆ ਹੋਇਆ ਸੀ-ਇਸ ਕਮਰੇ ਵਿਚ ਮਾਤਾ ਜੀ ਦੇ ਤਿੰਨੇ ਸ਼ਾਹਿਬਜ਼ਾਦਿਆਂ ਦਾ ਜਨਮ ਹੋਇਆ ਸੀ।

ਇਹ ਉਹ ਮਕਾਨ ਸੀ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਕਦੇ ਨਿਵਾਸ ਰੱਖਦੇ ਸਨ। ਸ਼ਰਧਾਵੱਸ ਮਨ ਮੋਮ ਹੋਇਆ। ਹਲੂਣਿਆਂ ਗਿਆ ਮੈਂ ਹੋਂਦ ਤੇ ਸਮੇਂ ਦਾ ਬੋਧ ਮਿਟਿਆ। ਕਲਪਨਾ ਹੀ ਕਲਪਨਾ ਵਿਚ ਮੈਂ ਤਿੰਨ ਸੌ ਸਾਲ ਪਿੱਛੇ ਜਾ ਪੁੱਜਾ। ਨਿੱਕੇ ਨਿੱਕੇ ਸਾਹਿਬਜ਼ਾਦੇ ਅੰਦਰ ਬਾਹਰ ਜਾਂਦੇ ਤੇ ਮਾਤਾ ਪਿਤਾ ਨਾਲ ਤੋਤਲੀਆਂ ਤੋਤਲੀਆਂ ਗੱਲਾਂ ਕਰਦੇ ਵੇਖੇ। ਪਰਵਾਨ ਚੜ੍ਹਦੇ ਡਿੱਠੇ। ਫਿਰ ਇਕ ਦਿਨ ਅਜਿਹੀ ਚੰਦਰੀ ਘੜੀ ਆਈ ਕਿ ਚਾਰੇ ਸ਼ਹਿਬਜ਼ਾਦੇ ਆਪਣੀ ਦਾਦੀ ਅਤੇ ਬਾਕੀ ਪਰਿਵਾਰ ਸਮੇਤ ਰਾਤ ਦੇ ਹਨੇਰੇ ਵਿਚ ਇਸ ਮਕਾਨ ਤੋਂ ਵਿਦਾ ਹੋਏ। ਵਿਦਾ ਵੀ ਅਜਿਹੇ ਕਿ ਅੱਜ ਤੱਕ ਮੁੜ ਕੇ ਨਹੀਂ ਆਏ। ਗੱਚ ਭਰਿਆ ਗਿਆ, ਸਿੱਖ ਵਿਰਾਸਤ ਦੇ ਸਨਮੁੱਖ ਹੋਇਆ ਖੜਾ ਮੈਂ ਤਿੰਨ ਸੌ ਸਾਲ ਪਹਿਲਾਂ ਦੇ ਸਿੱਖ ਇਤਿਹਾਸ ਨਾਲ ਜੁੜਿਆ ਪਿਆ ਸਾਂ। ਵਿਸ਼ਾਦ,ਰੋਹ ਤੇ ਗੌਰਵ ਦੇ ਭਾਵਾਂ ਨੂੰ ਮਾਣ ਰਿਹਾ ਸਾਂ। ਧੰਨ ਇਹ ਥਾਨ ਸੁਹਾਵਾ, ਜਿਥੇ ਮੇਰਾ ਸਤਿਗੁਰ ਵਸਿਆ। ਸਿਜਦੇ ਵਿਚ ਝੁਕਿਆ, ਸੀਸ ਨਿਵਇਆ ਤੇ ਬਾਹਰ ਆਇਆ। ਮਕਾਨ ਦੇ ਸੱਜੇ ਹੱਥ ਉਹ ਥੜਾ ਸੀ, ਜਿਸ 'ਤੇ ਬੈਠ ਕੇ ਨੌਂਵੇਂ ਗੁਰੂ ਸੰਗਤਾਂ ਨੂੰ ਦਰਸ਼ਨ ਦਿੰਦੇ ਹੁੰਦੇ ਸਨ ਅਤੇ ਇਸੇ ਥੜੇ ਦੇ ਸਾਹਮਣੇ ਖਲੋ ਕੇ ਕਦੇ ਕਸ਼ਮੀਰੀ ਪੰਡਤਾਂ ਨੇ ਆਪਣੀ ਫਰਿਆਦ ਗੁਜ਼ਾਰੀ ਸੀ। ਗੁਰੂ ਕਾਲ ਦੇ ਸ਼ਾਨਾਂ ਮੱਤੇ ਇਤਿਹਾਸ ਦੀਆਂ ਝਾਕੀਆਂ ਅੱਖਾਂ ਅੱਗੇ ਸਾਕਾਰ ਹੋਈਆਂ। ਆਨੰਦਪੁਰ ਸਾਹਿਬ ਆਉਣਾ ਸਫਲ ਹੋਇਆ। ਸ਼ੁਕਰ

ਗੁਜ਼ਾਰੀ ਦੀ ਦਾਤ ਨਾਲ ਸਰਸ਼ਾਰ ਹੋਇਆ ਮੈਂ ਇਸ ਯਾਤਰਾ ਤੋਂ ਮੁੜਿਆ ਸਾਂ।

ਪਿਛਲੇ ਸਾਲ ਤਿੰਨ ਸੌ ਸਾਲਾਂ ਸਿਰਜਣਾ ਦਿਵਸ ਮਨਾਇਆ ਜਾ ਰਿਹਾ ਸੀ। ਮਨ ਵਿਚ ਰੀਝ ਜਾਗੀ। ਚਲ ਮਨਾਂ ਚੱਲੀਏ ਤੇ ਮੈਂ ਗਿਆ। ਬੜੀਆਂ ਰੌਣਕਾਂ ਸਨ। ਕਿਸੇ ਬਹੁਤ ਵੱਡੇ ਮੇਲੇ ਦਾ ਮਾਹੌਲ ਸੀ। ਵੱਡੇ ਰਾਜਸੀ ਨੇਤਾ ਮੱਥਾ ਟੇਕਣ ਆ ਰਹੇ ਸਨ। ਸ਼ਰਧਾਲੂਆਂ ਦਾ ਕੋਈ ਪਾਰਾਵਾਰ ਨਹੀਂ ਸੀ। ਦੀਪਮਾਲਾ ਸੀ, ਦੀਵਾਨ ਸਨ। ਲੱਡੂ, ਜਲੇਬੀਆਂ ਦੇ ਲੰਗਰ ਸਨ ਤੇ ਹੋਰ ਵੀ ਬਹੁਤ ਕੁਝ ਇਕ ਨਹੀਂ ਸੀ। ਤਾਂ ਉਹ ਮਕਾਨ ਜਿਸ ਵਿਚ ਕਦੇ ਮੇਰੇ ਮਹਾਨ ਗੁਰੂ ਰਹਿੰਦੇ ਹੁੰਦੇ ਸਨ। ਨਾ ਹੀ ਉਹ ਇਤਿਹਾਸਕ ਥੜ੍ਹਾ ਸੀ ਜਿਸ ’ਤੇ ਬਹਿ ਕੇ ਕਦੇ ਗੁਰੂ ਤੇਗ ਬਹਾਦਰ ਸਾਹਿਬ ਨੇ ਪੰਡਤਾਂ ਨੂੰ ਵਚਨ ਦਿੱਤਾ ਸੀ, ਤੇ ਵਚਨ ਨੂੰ ਨਿਭਾਉਣ ਲਈ ਦਿੱਲੀ ਜਾ ਕੇ ਸੀਸ ਦਿਤਾ ਸੀ।

ਰੂਹ ਨੇ ਕਸੀਸ ਵੱਟੀ, ਮਨ ਪੀੜ ਪੀੜ ਹੋਇਆ, ਅੱਖਾਂ ਨੇ ਛਹਿਬਰ ਲਾਈ। ਨੇੜੇ ਹੀ ਇਕ ਸੇਵਾਦਾਰ ਸੰਤ ਬਾਣੇ ਵਿਚ ਫਿਰਦੇ ਨਜ਼ਰ ਆਏ। ਮੈਂ ਉਨ੍ਹਾਂ ਨੂੰ ਜਾ ਸਤਿ ਸਿਰੀ ਅਕਾਲ ਬੁਲਾਈ।

‘ਇਕ ਜਾਣਕਾਰੀ ਲੈਣੀ ਏ ਜੀ।’ ਮੈਂ ਸਨਿਰਮਤਾ ਸਹਿਤ ਕਿਹਾ।

‘ਪੁੱਛੋ’

‘ਇਥੇ ਗੁਰੂ ਸਾਹਿਬ ਦਾ ਘਰ ਹੁੰਦਾ ਸੀ, ਛੋਟੀ ਇੱਟ ਦਾ ਬਣਿਆ, ਉਹ ਨਜ਼ਰ ਨਹੀਂ ਆਇਆ?’

ਉਤਰ ਦੇਣ ਦੀ ਥਾਂ ਉਹਨਾਂ ਉਲਟਾ ਮੇਰੇ ’ਤੇ ਇਕ ਸਵਾਲ ਜਾ ਕੀਤਾ, ਜਿਸ ਦਾ ਉਤਰ ਨਾਂ ਤਾਂ ਮੇਰੇ ਕੋਲ ਹੈ ਤੇ ਨਾ ਹੀ ਸ਼ਾਇਦ ਤੁਹਾਡੇ ਕੋਲ ਹੋਵੇ। ਉਹ ਬੋਲੇ- ‘ਤੁਹਾਡੇ ਖਿਆਲ ਵਿਚ ਉਹ ਘਰ ਗੁਰੂ ਸਾਹਿਬ ਦੇ ਰਹਿਣ ਯੋਗ ਸੀ?’

ਤੇ ਫਿਰ ਉਨ੍ਹਾਂ ਸੰਗਮਰਮਰ ਨਾਲ ਬਣਾਏ ਗੁਰਦੁਵਾਰੇ ਵੱਲ ਇਸ਼ਾਰਾ ਕਰਦਿਆਂ ਕਿਹਾ-ਅਸਾਂ ਉਹ ਢਾਹ ਕੇ ਇਹ ਬਣਾ ਦਿੱਤਾ ਹੈ।

ਧੰਨ ਸਿੱਖੀ ਮੱਥੇ ਉਤੇ ਹੱਥ ਮਾਰਦਾ ਹੋਇਆ ਮੈਂ ਉਥੋਂ ਵਿਦਾ ਹੋਇਆ।

ਪਿਛਲੇ ਸਾਲ ਸੁਲਤਾਨਪੁਰ ਲੋਧੀ ਵੀ ਗਿਆ ਸਾਂ। ਉਥੇ ਗੁਰਦੁਵਾਰਾ ਗੁਰੂ ਕਾ ਬਾਗ ਹੈ। ਜਿਥੇ ਕਦੇ ਗੁਰੂ ਨਾਨਕ ਦੇਵ ਜੀ ਰਹਿੰਦੇ ਹੁੰਦੇ ਸਨ। ਇਸੇ ਥਾਂ ਤੋਂ ਜਗਤ ਜਲੰਦੇ ਨੂੰ ਤਾਰਨ ਲਈ ਸਮੇਂ ਸਮੇਂ ਉਹ ਬਾਹਰ ਲੰਮੇਂ ਸਫਰਾਂ ’ਤੇ ਜਾਂਦੇ ਰਹੇ ਸਨ। ਕੁਝ ਅਰਸਾ ਹੋਇਆ ਨਵੇਂ ਗੁਰਦੁਵਾਰੇ ਦੀ ਉਸਾਰੀ ਹੋਈ ਸੀ। ਉਹ ਮਕਾਨ ਢਾਹ ਦਿੱਤਾ ਗਿਆ, ਜਿਥੇ ਉਨ੍ਹਾਂ ਦਾ ਨਿਵਾਸ ਸਥਾਨ ਹੁੰਦਾ ਸੀ। ਹਾਂ ਵਿਹੜੇ ਵਿਚ ਉਹ ਖੂਹੀ ਬਚੀ ਰਹਿ ਗਈ ਸੀ। ਚਲੋ ਕੋਈ ਨਾ ਕੋਈ ਨਿਸ਼ਾਨੀ ਤਾਂ ਕਾਇਮ ਸੀ। ਪਰ ਪਿਛਲੇ ਸਾਲ ਵੇਖਿਆ ਉਹ ਨਿਸ਼ਾਨੀ ਵੀ ਨਹੀਂ ਸੀ। ਉਸ ਥਾਂ ਤੇ ਇਕ ਨਲਕਾ ਲੱਗਾ ਹੋਇਆ ਸੀ। ਮੇਰੀ ਭੈੜੀ ਆਦਤ, ਮੈਂ ਫਿਰ ਉਥੋਂ ਦੇ ਗ੍ਰੰਥੀ ਸਾਹਿਬ ਨੂੰ ਪੁੱਛ ਬੈਠਾ-‘ਏਥੇ ਜਿਹੜੀ ਖੂਹੀ ਹੁੰਦੀ ਸੀ? ਗੁਰੂ ਸਾਹਿਬ ਦੇ ਟਾਈਮ ਦੀ?’

‘ਉਹ ਛੱਡ ਦਿੱਤੀ ਗਈ ਏ ਜੀ।’

‘ਕਿਉਂ?’

‘ਡਰ ਸੀ ਜੀ ਕੋਈ ਬੱਚਾ ਵਿਚ ਨਾ ਜਾ ਪਵੇ।’

‘ਛੱਤਣ ਦੀ ਬਜਾਏ ਦੁਆਲੇ ਜੰਗਲਾਂ ਵੀ ਤਾਂ ਲਾਇਆ ਜਾ ਸਕਦਾ ਸੀ।’

‘ਇਸ ਦਾ ਮੈਂ ਕੀ ਜਵਾਬ ਦੇਣਾ ਜੀ, ਤੁਸੀਂ ਪ੍ਰਬੰਧਕਾਂ ਨੂੰ ਪੁੱਛੋ ਜਾ ਕੇ।’

ਗੱਲ ਖ਼ਤਮ ਹੋਈ।

ਇੰਜ ਹੀ ਮੇਰੇ ਨੇੜੇ ਕਸਬਾ ਹੈ-‘ਖਡੂਰ ਸਾਹਿਬ’ ਜੁਲਾਹੀ ਦੀ ਖੱਡੀ ਕੋਲ ਗੱਡੇ

ਕਿੱਲੇ ਨਾਲ ਉਸ ਵਕਤ ਦੇ ਅਮਰ ਨਿਥਾਵੇਂ ਦਾ ਠੇਡਾ  ਖਾ ਕੇ ਡਿਗਣਾ, ਸਾਖੀ ਤਾਂ ਤੁਸੀਂ ਸੁਣੀ ਹੀ ਹੋਵੇਗੀ? ਉਸ ਕਿੱਲੇ ਨੂੰ ਵੇਖਣ ਦੀ ਰੀਝ ਵੀ ਮਨ ਵਿਚ ਉਠਦੀ ਹੋਵੇਗੀ। ਸਿੱਖ ਵਿਰਾਸਤ ਦੇ ਦਰਸ਼ਨ ਸਿੱਖ ਹਿਰਦੇ ਦੀ ਤਾਂਘ ਜੂ ਹੋਈ?

ਉਸ ਕਿੱਲੇ ਨੂੰ ਅੱਜ ਕੱਲ੍ਹ ਪੁੱਟ ਲਿਆ ਗਿਆ ਹੈ। ਖੱਡੀ ਪੂਰ ਕੇ ਸੰਗਮਰਮਰ ਲੱਗ ਗਿਆ ਹੈ। ਇਸ ਕਿਲੇ ਨੂੰ ਸ਼ੀਸ਼ੇ ਲੱਗੇ ਸ਼ੋਅਕੇਸ ਵਿਚ ਸਜਾ ਦਿੱਤਾ ਗਿਆ ਹੈ। ਉਤੇ ਰੇਸ਼ਮੀ ਉਛਾੜ ਚਾੜ੍ਹ ਦਿੱਤਾ ਗਿਆ ਹੈ ਤਾਂ ਕਿ ਨਾ ਕੋਈ ਕਿਲੇ ਨੂੰ ਵੇਖੇ ਤੇ ਨਾਂ ਹੀ ਕਿਸੇ ਦੀ ਨਜ਼ਰ ਲੱਗੇ।

ਹੋਰ ਕੀ ਕੀ ਲਿਖਾਂ? ਲਿਖਣ ਨੂੰ ਤੇ ਬਹੁਤ ਕੁਝ ਹੈ ਪਰ ਸੁਣਦਾ ਕੌਣ ਹੈ? ਚਾਰ ਸਾਲ ਹੋਏ, ਇਹ ਸਭ ਕੁਝ ਮੈਂ ਉਸ ਵੇਲੇ ਦੇ ਜੱਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਲਿਖ ਕੇ ਬੇਨਤੀ ਕੀਤੀ ਸੀ ਕਿ ਜੋ ਕੋਈ ਵੀ ਇਸ ਸਭ ਕਾਸੇ ਲਈ ਜ਼ਿੰਮੇਵਾਰ ਹੈ, ਉਸ ਨੂੰ ਅਕਾਲ ਤਖਤ ਤੇ ਸੱਦ ਕੇ ਸ਼ਜ਼ਾ ਸੁਣਾਈ ਜਾਵੇ ਅਤੇ ਅੱਗੋਂ ਤਾੜਨਾ ਕੀਤੀ ਜਾਵੇ। ਇਸ ਪੱਤਰ ਦਾ ਅੱਜ ਤੱਕ ਵੀ ਕੋਈ ਉਤਰ ਨਹੀਂ ਆਇਆ। ਸ਼ਾਇਦ ਇਸ ਲਈ ਕਿ ਇਸ ਦੀ ਸਿੱਧੀ ਜ਼ਿੰਮੇਵਾਰੀ ਪ੍ਰਧਾਨ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਸਿਰ ’ਤੇ ਚਲੀ ਜਾਂਦੀ ਹੈ। ਸੋਚਦਾ ਹਾਂ ਕਿ ਸਿੱਖੀ ਦੇ ਪ੍ਰਚਾਰ ਹਿਤ ਐਨੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ, ਆਖਿਰ ਇਸ ਪਾਸੇ ਵੱਲ ਕਿਸੇ ਦਾ ਧਿਆਨ ਕਿਉਂ ਨਹੀਂ ਜਾਂਦਾ?

ਕਿਸੇ ਕੌਮ ਕੋਲੋ ਧਾਰਮਿਕ ਵਿਰਸੇ ਨੂੰ ਖੋਹ ਲੈਣਾ ਉਸ ਨੂੰ ਉਸ ਦੇ ਗੌਰਵ ਮਈ ਇਤਿਹਾਸ ਤੋਂ ਵਿਰਵਿਆਂ ਕਰਨਾ ਹੀ ਤਾਂ ਹੁੰਦਾ ਹੈ।

●

# ਮੌਤ ਦਾ ਬੂਹਾ ਲੰਘ ਕੇ ਮਨੁੱਖ ਕਿੱਥੇ ਜਾਂਦਾ ਹੈ

ਮੌਤ ਤੋਂ ਮਗਰੋਂ ਮਨੁੱਖ ਦੇ ਟਿਕਾਣੇ ਦੇ ਸਵਾਲ ਦਾ ਉਤਰ ਤਾਂ ਬੜਾ ਸਿੱਧਾ ਅਤੇ ਸਰਲ ਹੈ ਕਿ ਜਿੱਥੋਂ ਆਉਂਦਾ ਹੈ, ਉਥੇ ਹੀ ਮੁੜ ਜਾਂਦਾ ਹੈ। ਫੇਰ ਸਵਾਲ ਹੈ, ਆਉਂਦਾ ਕਿੱਥੋਂ ਹੈ? ਉਤਰ ਲਈ ਜਦੋਂ ਅਸੀਂ ਆਪਣੇ ਅੰਦਰ ਉਭਰਦੇ ਹਾਂ ਤਾਂ ਇਕ ਗਹਿਰੀ ਚੁੱਪ ਵਿਚ ਡੁਬ ਜਾਂਦੇ ਹਾਂ। ਇੰਜ ਹੀ ਜੇ ਪੁੱਛਿਆ ਜਾਵੇ ਕਿ ਮਰਨ ਤੋਂ ਬਾਅਦ ਜਾਂਦੇ ਕਿੱਥੇ ਹਾਂ? ਤਾਂ ਸਿਵਾਏ ਡੂੰਘੀ ਚੁੱਪ ਤੋਂ ਸਾਡੇ ਕੋਲ ਹੋਰ ਕੋਈ ਉਤਰ ਨਹੀਂ ਹੁੰਦਾ। ਮਤਲਬ ਇਹ ਕਿ ਮਨੁੱਖ ਚੁੱਪ ਵਿਚੋਂ ਪੈਦਾ ਹੁੰਦਾ ਹੈ ਅਤੇ ਪਰਮ ਚੁੱਪ ਵਿਚ ਹੀ ਸਮਾ ਜਾਂਦਾ ਹੈ। ਇਹ ਕਿਰਿਆ ਕਿੰਜ ਘਟਦੀ ਹੈ? ਇਸ ਨੂੰ ਸੌਖੀ ਤਰ੍ਹਾਂ ਨਾਲ ਸਮਝਾਉਣ ਲਈ ਮੈਂ ਆਪਣੇ ਨਾਲ ਬੀਤੀ ਇਕ ਘਟਨਾ ਦਾ ਆਸਰਾ ਲੈਂਦਾ ਹਾਂ।

ਪੰਝੀ ਛੱਬੀ ਸਾਲ ਹੋਏ, ਮੈਂ ਨਵਾਂ ਨਵਾਂ ਪੈਨਸ਼ਨ ਅਇਆ ਸੀ। ਮੇਰੇ ਫਾਰਮ ਦੇ ਨਾਲ ਲਗਦਾ ਇਕ ਜੰਗਲ ਸੀ ਜਿੱਥੇ ਮਹਿਕਮਾ ਪੁਰਾਣਾ ਜੰਗਲ ਸਾਫ ਕਰਕੇ ਨਵੀਂ ਪਲਾਂਟੇਸ਼ਨ ਕਰ ਰਿਹਾ ਸੀ। ਪਲਾਂਟੇਸ਼ਨ ਵਾਲੀ ਜ਼ਮੀਨ ਦੋ ਦੋ ਸਾਲ ਵਾਸਤੇ ਠੇਕੇ ਉਤੇ ਦਿੱਤੀ ਜਾਂਦੀ ਸੀ। ਮੈਂ ਪੰਜਾਹ ਏਕੜ ਦਾ ਇਕ ਟੁਕੜਾ ਠੇਕੇ 'ਤੇ ਲੈ ਲਿਆ। ਇਹ ਟੁਕੜਾ ਮੇਰੇ ਘਰ ਤੋਂ ਕੋਈ ਅੱਠ ਨੌਂ ਕਿਲੋਮੀਟਰ ਦੀ ਵਿੱਥ ਉਤੇ ਸੀ।

ਆਪਣੇ ਲੜਕੇ ਨੂੰ ਨਾਲ ਲੈ ਕੇ ਮੈਂ ਸਾਰਾ ਦਿਨ ਟਰੈਕਟਰ ਨਾਲ ਇਸ ਟੁਕੜੇ ਦੀ ਵਹਾਈ ਕਰਦਾ ਰਿਹਾ। ਹਨੇਰਾ ਹੋਏ ਤੋਂ ਜਦੋਂ ਮੈਂ ਘਰ ਨੂੰ ਮੁੜ ਰਿਹਾ ਸਾਂ ਤਾਂ ਅੱਧ ਵਿਚ ਹੀ ਅਗਲਾ ਪਹੀਆਂ ਕਿਸੇ ਖੱਡੇ ਵਿਚ ਜਾ ਪਿਆ ਅਤੇ ਬੇਅਰਿੰਗ ਟੁੱਟ ਗਿਆ। ਮੈਂ ਲੜਕੇ ਨੂੰ ਘਰ ਭੇਜ ਦਿੱਤਾ ਆਤ ਰਾਤ ਜੰਗਲ ਵਿਚ ਗੁਜ਼ਾਰਨ ਦਾ ਫੈਸਲਾ ਕਰ ਲਿਆ। ਟਰਾਲੀ ਵਿਚ ਹੈਰੋਂ ਲੱਦੀ ਹੋਈ ਸੀ ਅਤੇ ਹੈਰੋਂ ਉਤੇ ਸੁਹਾਗਾ ਰੱਖਿਆ ਹੋਇਆ ਸੀ। ਮੈਂ ਇਕ ਲੱਤ ਇਕ ਪਾਸੇ ਅਤੇ ਦੂਜੀ ਦੂਜੇ ਪਾਸੇ ਕਰਕੇ ਸੁਹਾਗੇ ਉਤੇ ਪਿੱਠ ਪਰਨੇ ਲੰਮਾ ਪੈ ਗਿਆ। ਦਿਨ ਭਰ ਦਾ ਥਕੇਵਾਂ ਸੀ। ਪੈਂਦਿਆਂ ਹੀ ਨੀਂਦ ਦੀ ਗੋਦ ਵਿਚ ਜਾ ਬਿਰਾਜਿਆ। ਨੀਂਦ ਵੀ ਮੌਤ ਵਰਗੀ ਗਹਿਰੀ।

ਕੀ ਵੇਖਦਾ ਹਾਂ ਕਿ ਇਕ ਦਰਿਆ ਵਗ ਰਿਹਾ ਹੈ। ਮੈਂ ਉਸਦੇ ਕਿਨਾਰੇ ਖੜ੍ਹਾ ਹਾਂ। ਦਿਲ ਕੀਤਾ, ਇਸ਼ਨਾਨ ਕਰਾਂ। ਕੱਪੜੇ ਲਾਹ ਕੇ ਪਾਣੀ ਦੇ ਕੰਢੇ ਜਾ ਖਲੋਤਾ। ਫਿਰ ਖਿਆਲ ਆਇਆ, ਕੱਪੜੇ ਤਾਂ ਲਾਹ ਦਿੱਤੇ ਨੇ, ਸਰੀਰ ਨਹੀਂ ਲਾਹਿਆ।

ਭੌਂ ਕੇ ਵੇਖਿਆ ਕੱਪੜਿਆਂ ਦੇ ਕੋਲ ਹੀ ਮੇਰਾ ਸਰੀਰ ਪਿਆ ਸੀ। ਜਿਵੇਂ ਲੱਕੜ ਦੀ ਕੋਈ ਗੇਲੀ ਪਈ ਹੋਵੇ। ਮੈਂ ਨਿਰੋਲ ਚੇਤਨਾ ਰੂਪ ਦਰਿਆ ਵੱਲ ਤੱਕਿਆ। ਪਾਣੀ ਨਹੀਂ ਸੀ। ਬਿਜਲਈ ਲਹਿਰਾਂ ਜਿਹੀਆਂ ਦਾ ਇਕ ਠਾਠਾਂ ਮਾਰਦਾ ਸਾਗਰ ਸੀ। ਜਿਵੇਂ ਗਰਮੀਆਂ ਦੀ ਰੁੱਤ ਵਿਚ ਲੂੰਆਂ ਚਲਦੀਆਂ ਹਨ। ਇੰਜ ਜਿਥੋਂ ਤਕ ਵੀ ਅਹਿਸਾਸ ਦੀ ਨਜ਼ਰ ਗਈ, ਇਕ ਸਰਬ ਵਿਆਪਕ ਸ਼ਕਤੀ ਦਾ ਵਿਸਥਾਰ ਸੀ, ਅਥਾਹ ਅਤੇ ਅਸੀਮ

ਮੇਰੀ ਚੇਤਨਾ ਕਹੋ, ਰੂਹ ਜਾਂ ਆਤਮਾ, ਕੋਈ ਵੀ ਨਾਂ ਦੇਵੋ, ਪਾਣੀ ਵਿਚ ਸੁੱਟੇ ਗਏ। ਪਤਾਸੇ ਵਾਂਗ ਉਸ ਦੂਧੀਆ, ਸੀਤਲ, ਆਨੰਦਮਈ, ਸੁਪਨਮਈ, ਰਹੱਸਮਈ ਸ਼ਕਤੀ ਸਾਗਰ ਵਿਚ ਵਿਲੀਨ ਹੋਣੀ ਸ਼ੁਰੂ ਹੋ ਗਈ। ਦੂਜੇ ਪਲ ਬੂੰਦ ਸਾਗਰ ਵਿਚ ਮਿਲ ਚੁੱਕੀ ਸੀ। ਵਿਅਕਤੀਤਵ ਦਾ ਅਹਿਸਾਸ ਗੁਆਚ ਚੁੱਕਾ ਸੀ। ਮੈਂ ਹੀ ਸਰਵਵਿਆਪਕ ਸਚਾਈ ਸਾਂ।ਸਦਾ ਤੋਂ ਜਾਂ, ਸਦਾ ਲਈ ਸਾਂ। ਅਨੰਤ ਸਾਂ, ਬੇਅੰਤ ਸਾਂ।

ਮੇਰੀ ਟਰਾਲੀ ਹੇਠ ਅਚਾਨਕ ਗਿਦੜ ਹਵਾਂਕ ਉਠੇ। ਸਪਨਾ ਟੁੱਟਾ। ਸਵੇਰ ਦੇ ਚਾਰ ਵੱਜ ਚੁਕੇ ਸਨ। ਮੈਂ ਇਕ ਇਲਾਹੀ ਅਨੁਭਵ ਨਾਲ ਮਾਲਾ ਮਾਲ ਹੋ ਚੁੱਕਾ ਸਾਂ।ਮੌਤ ਬਾਰੇ ਸਹਿਜ ਗਿਆਨ ਨੂੰ ਪ੍ਰਾਪਤ ਹੋ ਗਿਆ ਸਾਂ।

ਇੰਨ ਬਿੰਨ ਇਹੀ ਵਰਤਾਰਾ ਵਰਤਦਾ ਹੈ ਮੌਤ ਸਮੇਂ। ਜਰਜਰ ਹੋਇਆ ਸਰੀਰ ਪਿਆ ਰਹਿ ਜਾਂਦਾ ਹੈ। ਚੇਤਨ ਰੂਪੀ ਆਤਮਾ ਸਰਬ ਵਿਆਪਕ ਚੇਤਨ ਸ਼ਕਤੀ ਦੇ ਸਾਗਰ ਵਿਚ ਮਿਲ ਜਾਂਦੀ ਹੈ। ਇਹ ਵਰਤਾਰਾ ਸਾਡੀ ਸਭ ਦੀ ਹੋਣੀ ਹੈ। ਉਥੇ ਨਾ ਕੋਈ ਪੁੰਨੀ ਹੈ, ਨਾ ਪਾਪੀ ਹੈ। ਪੁੰਨ, ਪਾਪ ਹੋਣਾ ਸਾਡੇ ਸਮਾਜ ਵੱਲੋਂ ਸਾਨੂੰ ਦਿੱਤੇ ਸੰਸਕਾਰ ਹਨ। ਉਥੇ ਨਾ ਕੋਈ ਨਰਕ ਹੈ, ਨਾ ਸਵਰਗ। ਇਹ ਕੋਰੀਆਂ ਕਲਪਨਾਵਾਂ ਲਈ ਧਰਮ ਦੇ ਠੇਕੇਦਾਰਾਂ ਵਲੋਂ ਦਿੱਤੇ ਗਏ ਲਾਲਚ ਜਾਂ ਡਰਾਵੇ ਹਨ।

ਧਰਤੀ ਵਿਚ ਬੀ ਪਿਆ ਹੈ। ਸਮਾਂ ਪਾ ਕੇ ਅਨੁਕੂਲ ਹਾਲਾਤ ਵਿਚ ਅੰਕੁਰ ਮਾਰਦਾ ਹੈ। ਅੰਕੁਰ ਤੋਂ ਵਧ ਕੇ ਤਣਾ ਬਣਦਾ ਹੈ, ਟਾਹਣੀਆਂ ਟਾਹਣੀਆਂ ਨਿਕਲਦੀਆਂ ਹਨ, ਪੱਤੇ ਲੱਗਦੇ ਹਨ, ਫੁੱਲ ਪੈਂਦੇ ਹਨ, ਬੀ ਬਣਦੇ ਹਨ। ਝੜ ਕੇ ਮੁੜ ਧਰਤੀ ਦੀ ਧੂੜ ਵਿਚ ਮਿਲ ਜਾਂਦੇ ਹਨ। ਜੀਵਨ ਇਕ ਹਨੇਰੀ ਚੁੱਪ ਵਿਚੋਂ ਪੁੰਗਰਿਆ ਸੀ, ਅਵਧਵਿਹਾ ਕੇ ਮੁੜ ਹਨੇਰੀ ਚੁੱਪ ਵਿਚ ਸਮਾ ਗਿਆ।

ਅੰਸ਼ ਰੂਪ ਚੇਤਨਾ (ਆਤਮਾ) ਪਰਮ ਚੇਤਨਾ ਵਿਚ ਸਮਾ ਗਈ ਸੀ। ਸਮਾਂ ਆਵੇਗਾ, ਵਿਗਸਣਾ, ਮੌਲਣ ਦੇ ਕੁਦਰਤੀ ਨਿਯਮ ਅਧੀਨ, ਸੰਕਲਪ ਰਾਹੀਂ ਅੰਸ਼ ਰੂਪ ਵਿਚ ਚੇਤਨਾ ਮੁੜ ਕਿਸੇ ਗਰਭ ਵਿਚ ਪ੍ਰਵੇਸ਼ ਕਰੇਗੀ। ਯਾਦ ਰਹੇ, ਮਾਂ ਪਿਉ ਸਿਰਫ ਮਾਧਿਅਮ ਹਨ, ਇਕ ਮਨੁੱਖੀ ਸਰੀਰ ਘੜਨ ਦੇ, ਉਹ ਜਨਮ ਦਾਤੇ ਨਹੀਂ ਹਨ। ਇਸ ਸਰੀਰ ਵਿਚ ਜਾਨ ਜਾਂ ਚੇਤਨਾ ਦਾ ਪ੍ਰਵੇਸ਼ ਜੀਵਨ ਦੇ ਪਲ ਪਲ ਨਿਰਮਤ ਹੋ ਰਹੇ, ਵਿਗਾਸ ਰਹੇ ਅਤੇ ਵਿਨਾਸ਼ ਹੋ ਰਹੇ ਵਰਤਾਰੇ ਦਾ ਹੀ ਇਕ ਚਮਤਕਾਰ ਹੈ।

ਇੰਜ ਮਨੁੱਖ ਜਿਥੋਂ ਆਉਂਦਾ ਹੈ, ਉਥੇ ਹੀ ਟੁਰ ਜਾਂਦਾ ਹੈ। ਮੁੜ ਆਉਂਦਾ ਹੈ, ਮੁੜ ਟੁਰ ਜਾਂਦਾ ਹੈ। ਇਹ ਜੀਵਨ ਚੱਕਰ ਨਿਰੰਤਰ ਜਾਰੀ ਹੈ।

ਵਿਗਿਆਨਕਾਂ ਦੇ ਕਹਿਣ ਅਨੁਸਾਰ ਪਦਾਰਥ ਨਾ ਘੱਟਦਾ ਹੈ, ਨਾ ਵਧਦਾ ਹੈ। ਇਹ ਏਨੇ ਦਾ ਏਨਾ ਹੀ ਰਹਿੰਦਾ ਹੈ। ਸਿਰਫ ਰੂਪ ਬਦਲਦਾ ਹੈ। ਠੋਸ ਤੋਂ ਤਰਲ ਅਤੇ ਤਰਲ ਤੋਂ ਗੈਸ ਆਦਿ।

ਜੀਵਨ ਚੱਕਰ, ਸੂਖਮ ਤੋਂ ਸਥੂਲ ਅਤੇ ਸਥੂਲ ਤੋਂ ਸੂਖਮ। ਬੱਸ ਹੋਰ ਕੁਝ ਵੀ ਨਹੀਂ।

•

# ਆਖਰੀ ਪਲਾਂ ਦਾ ਸਫ਼ਰ ਸੁਹਾਣਾ

ਮੇਰੀ ਲਿਖੀ ਇਕ ਕਵਿਤਾ ਹੈ-'ਬੁਢੇਪਾ' ਉਸ ਦਾ ਇਕ ਸ਼ੇਅਰ ਹੈਃ

ਅੰਗ ਅੰਗ ਥਕਾਵਟ ਭਰੀ ਹੈ, ਦੇਹ ਚਕਨਾ ਚੂਰ ਹੈ।
ਮੌਤ ਮੰਜ਼ਿਲ ਦਾ ਮਹੱਲ ਤਲਿਸਮੀ
ਦੋਸਤੋ-ਅਜੇ ਕਿੰਨੀ ਕੁ ਦੂਰ ਹੈ?

ਏਸ ਤਲਿਸਮੀ ਮਹੱਲ ਦਾ ਥਹੁ ਪਤਾ ਸ਼ਾਇਦ ਤੁਹਾਡੇ 'ਚੋਂ ਕਈ ਪੁੱਛਦੇ ਫਿਰਦੇ ਹੋਣ?

ਇਸ ਤਲਿਸਮੀ ਮਹੱਲ ਵਿਚ ਜੋ ਕੋਈ ਵੀ ਦਾਖਲ ਹੋਇਆ,ਉਹ ਮੁੜ ਕੇ ਨਹੀਂ ਆਇਆ। ਹਾਂ, ਇਸ ਦੇ ਉਰਲੇ ਬੂਹੇ ਨੂੰ ਜਿਸ ਨੂੰ ਪਾਰਲੇ ਜਗਤ ਦਾ ਪ੍ਰਵੇਸ਼ ਦੁਆਰ ਵੀ ਆਖ ਸਕਦੇ ਹਾਂ, ਹੱਥ ਲਾ ਕੇ ਕਈ ਮੁੜੇ ਹੋਣਗੇ ਤੇ ਆਪ ਆਪਣਾ ਅਨੁਭਵ ਵੀ ਜ਼ਰੂਰ ਦੱਸਦੇ ਹੋਣਗੇ। ਮੇਰੇ ਨਾਲ ਇਹ ਘਟਨਾ ਦੋ ਵਾਰ ਬੀਤੀ ਜਦ ਮੈਂ ਮੌਤ ਕਿਨਾਰੇ ਹੋ ਕੇ ਮੁੜਿਆ। ਮੇਰੇ ਅਨੁਭਵ ਦੋਹਾਂ ਵਾਰਾਂ ਦਾ ਐਨ ਬਐਨ ਏਨਾ ਮੇਲ ਖਾਂਦਾ ਹੈ, ਕਿ ਮੈਂ ਮੌਤ ਦਾ ਡਰ ਲਾਹ ਛੱਡਿਆ ਹੈ।

ਕੋਈ ਵਕਤ ਸੀ ਕਿ ਮੌਤ ਦਾ ਨਾਂ ਸੁਣ ਕੇ ਜਾਂ ਮਰਦੇ ਬੰਦੇ ਦਾ ਤੜਫਣਾ ਲੁੜਛਣਾ ਵੇਖ ਕੇ ਰੂਹ ਕੰਬ ਜਾਂਦੀ ਸੀ ਪਰ ਹੁਣ ਇੰਜ ਨਹੀਂ ਹੁੰਦਾ। ਹੁਣ ਅਸਲੀਅਤ ਤੋਂ ਪਰਦਾ ਉੱਠ ਚੁੱਕਿਆ ਹੈ ਤੇ ਪਤਾ ਲੱਗ ਗਿਆ ਹੈ ਕਿ ਇਹ ਤੇ ਉਹ ਪਰਮ ਆਨੰਦ ਦੀ ਅਵਸਥਾ ਹੁੰਦੀ ਹੈ। ਜਿਸ ਲਈ ਮਾਨੁੱਖ ਉਮਰ ਭਰ ਲੋਚਦਾ ਰਹਿੰਦਾ ਹੈ।

ਯੂ. ਪੀ. ਦੇ ਨੈਨੀਤਾਲ ਜ਼ਿਲੇ ਵਿਚ ਮਸ਼ਹੂਰ ਸ਼ਹਿਰ ਹੈ-'ਹਲਦੁਆਨੀ' ਏਸ ਸ਼ਹਿਰ ਦੇ ਬਾਹਰਵਾਰ ਮੇਰਾ ਫ਼ਾਰਮ ਹੈ। ਪੰਦਰਾਂ ਸੋਲ੍ਹਾ ਸਾਲ ਹੋਏ, ਨਹਿਰੀ ਪਾਣੀ ਦੀ ਮੇਰੀ ਵਾਰੀ ਰਾਤ ਦੀ ਸੀ। ਮੱਸਿਆ ਲੰਘੀ ਨੂੰ ਦੋ ਤਿੰਨ ਦਿਨ ਹੀ ਹੋਏ ਸਨ ਰਾਤਾਂ ਹਨੇਰੀਆਂ ਸਨ। ਮੇਰੇ ਘਰ ਦੇ ਐਨ ਅੱਗੇ ਪੰਝੀ ਤੀਹ ਫੁੱਟ ਦੀ ਵਿੱਥ 'ਤੇ ਟਰਾਂਸਫਾਰਮਰ ਵਾਲਾ ਡਬਲ ਖੰਭਾ ਸੀ। ਮੈਂ ਇਕ ਹੋਲਡਰ ਵਿਚ ਦੋ ਸੌ ਵਾਟ ਦਾ ਬਲ੍ਬ ਜੜਿਆ, ਦੋਹਾਂ ਤਾਰਾਂ ਨੂੰ ਅੱਗੋਂ ਮੋੜ ਕੇ ਕੁੰਡੀਆਂ ਬਣਾ ਲਈਆਂ। ਮੇਨ ਸਵਿਚ ਆਫ ਕੀਤਾ ਤੇ ਖੰਭੇ 'ਤੇ ਚੜ੍ਹ ਕੇ ਕੁੰਡੀ ਲਾ ਲਈ।ਰਾਤ ਭਰ ਪਾਣੀ ਲਾਂਦਾ ਰਿਹਾ ਅਗਲੇ ਦਿਨ ਸਵੇਰੇ ਸੋਚਿਆ-ਫੜਿਆ ਨਾ ਜਾਵਾਂ? ਕੁੰਡੀ ਲਾਹ ਦੇਣੀ ਚਾਹੀਦੀ ਹੈ। ਖੰਭੇ 'ਤੇ ਚੜ੍ਹਨ ਲੱਗੇ ਨੂੰ ਖ਼ਿਆਲ ਆਇਆ-ਮੇਨ ਆਫ ਕਰ ਲੈਣੀ ਚਾਹੀਦੀ ਹੈ ਪਰ ਕਾਹਲੇ ਮਨ ਨੇ ਕਿਹਾ ਕੀ ਫ਼ਰਕ ਪੈਂਦਾ ਹੈ, ਮੈਂ ਕਿਹੜਾ ਤਾਰ ਨੂੰ ਹੱਥ ਲਾਣਾ ਹੈ। ਬਲ੍ਬ ਨੂੰ ਫੜ ਕੇ ਹੇਠਾਂ ਖਿੱਚ ਲੈਣਾ ਹੈ। ਸੋ ਮੈਂ ਬਿਨਾਂ ਮੇਨ ਆਫ ਕੀਤਿਆਂ ਟਰਾਂਸਫਾਰਮਰ ਦੇ ਬਕਸੇ 'ਤੇ ਜਾ ਖਲੋਤਾ। ਖੱਬਾ ਹੱਥ ਖੰਭੇ ਦੁਆਲੇ ਵਲਾ ਕੇ ਜਦ ਮੈਂ ਸੱਜਾ ਹੱਥ ਉਤਾਂਹ ਨੂੰ ਕੀਤਾ ਤਾਂ ਹੋਣੀ ਵਾਪਰ ਗਈ। ਮੈਂ ਉਤਾਂਹ ਨੂੰ ਖਿੱਚਿਆ ਗਿਆ। 'ਧਰ ਕਰਕੇ ਚੇਤਨਾ ਜਿਵੇਂ ਇਕ ਝਟਕਾ

ਖਾ ਗਈ ਹੋਵੇ। 'ਮੈਂ ਗਿਆ' ਇਕ ਖਿਆਲ ਬਿਜਲੀ ਦੀ ਤੇਜ਼ੀ ਵਰਗਾ।ਫਿਰ ਇਕ ਗਰੁੱਪ ਫੋਟੋ ਮੇਰੇ ਸਕੇ ਸੰਬੰਧੀਆਂ ਦੀ ਇਕ ਛਿਣ ਲਈ ਜਿਵੇਂ ਕਿਸੇ ਮੇਰੀਆਂ ਨਜ਼ਰਾਂ ਸਾਹਵੇਂ ਲਿਆ ਕੇ ਪਿਛਾਂਹ ਖਿੱਚ ਲਈ ਹੋਵੇ। ਦਿਸਣੋਂ ਬੰਦ ਹੋ ਗਿਆ। ਕੁਝ ਬੋਲਣਾ ਚਾਹਿਆ, ਜ਼ਬਾਨ ਬੰਦ ਹੋ ਚੁਕੀ ਸੀ। 'ਦੌੜੋ ਭੱਜੋ' ਮੱਧਮ ਜਿਹੀਆਂ ਆਵਾਜ਼ਾਂ ਤੇ ਫਿਰ ਕੰਨਾਂ ਨੇ ਕੰਮ ਕਰਨਾ ਛੱਡ ਦਿੱਤਾ। ਸੜੇ ਹੋਏ ਮਾਸ ਦੀ ਗੰਧ ਹੌਲੀ ਹੌਲੀ ਮੱਧਮ ਹੁੰਦੀ ਉਹ ਵੀ ਖ਼ਤਮ। ਪੰਜੇ ਦੀਆਂ ਪੰਜੇ ਗਿਆਨ ਇੰਦਰੀਆਂ ਉਹ ਵੀ ਸਥਿਲ ਹੋ ਗਈਆਂ। ਦਿਸਦੇ ਜਗਤ ਨਾਲੋਂ ਨਾਤਾ ਟੁੱਟ ਗਿਆ। ਦੇਹ ਬੋਧ ਤੋਂ ਵੀ ਮੁਕਤ ਹੋਇਆ। ਇਹ ਸਭ ਕੁਝ ਇਕ ਛਿਣ ਦਾ ਵਰਤਾਰਾ ਸੀ। ਗਿਆਨ ਇੰਦਰੀਆਂ ਕਿਸ ਤਰਤੀਬ ਵਿਚ (ਪਹਿਲਾਂ ਕਿਹੜੀ ਅਤੇ ਮਗਰੋਂ ਕਿਹੜੀ ?) ਸਿਥਲ ਹੋਈਆਂ ਕਹਿਣਾ ਮੁਸ਼ਕਲ ਹੈ।

ਹੁਣ ਇਕ ਦੂਧੀਆਂ ਜਿਹਾ ਪਾਸਾਰਾ ਸੀ। ਕੇਵਲ ਸਵੈ ਦਾ ਅਹਿਸਾਸ ਬਾਕੀ ਸੀ। ਮੈਂ ਸਾਂ ਬਸ ਇਕ ਮੈਂ, ਕੇਵਲ ਇਕ ਅਹਿਸਾਸ। ਲੱਗਾ-ਸਦਾ ਤੋਂ ਹਾਂ, ਸਦਾ ਲਈ ਹਾਂ। ਚੌਹੀਂ ਪਾਸੀਂ ਮੈਂ ਹੀ ਮੈਂ ਹਾਂ। ਦੁੱਖ ਸੁੱਖ ਤੋਂ ਰਹਿਤ ਇਕ ਆਨੰਦਮਈ ਅਨੁਭਵ।

ਫਿਰ ਲੱਗਾ-ਉਸ ਦੂਧੀਆ ਚੌਗਿਰਦੇ ਵਿਚ ਇਕ ਦੂਧੀਆ ਬਲ੍ਹਬ ਲਟਕ ਰਿਹਾ ਹੈ। ਉਹ ਹਿੱਲਿਆ ਉਹ ਡਿੱਗਿਆ। ਲੱਗਾ ਮੈਂ ਸਰਬ ਵਿਆਪਕ ਨਾਲੋਂ ਟੁੱਟ ਗਿਆ ਹਾਂ। (ਵਾਸਤਵ ਵਿਚ ਕਰੰਟ ਦੇ ਲਗਦਿਆਂ ਹੀ ਮੇਰੀ ਖੱਬੀ ਬਾਂਹ ਜੋ ਖੰਭੇ ਨਾਲ ਵਲਾਈ ਹੋਈ ਸੀ, ਢਿੱਲੀ ਪੈ ਗਈ, ਪੈਰਾਂ ਹੇਠੋਂ ਟਰਾਂਸਫਾਰਮਰ ਦਾ ਬਕਸਾ ਨਿਕਲ ਗਿਆ ਸੀ ਤੇ ਮੈਂ ਆਪਣੇ ਭਾਰ ਨਾਲ ਹੀ ਤਾਰ ਤੋਂ ਛੁੱਟ ਕੇ ਹੇਠਾਂ ਭੋਏਂ 'ਤੇ ਆਣ ਡਿੱਗਾ ਸਾਂ)।

ਗਿਆਨ ਇੰਦਰੀਆਂ ਮੁੜ ਸੁਚੇਤ ਹੋਈਆਂ। ਸੜਦੇ ਹੋਏ ਮਾਸ ਦੀ ਮੁਸ਼ਕ, ਫਿਰ ਕੰਨਾਂ ਵਿਚ ਮੱਧਮ ਮੱਧਮ ਆਵਾਜ਼ਾਂ-'ਤੂੰ ਤਲੀਆਂ ਝੱਸੀ ਜਾ, ਤੂੰ ਲੱਤਾਂ ਘੁੱਟ। ਧੰਨ ਗੁਰੂ ਨਾਨਕ, ਸ਼ੁਕਰ ਏ, ਬਚ ਗਿਆ ਏ।' ਬੋਲ ਸਪੱਸ਼ਟ ਹੋਏ। ਇਹ ਮੇਰੇ ਭਰਾ ਦੀ ਆਵਾਜ਼ ਸੀ। ਅਖੀਰ ਵਿਚ ਅੱਖਾਂ ਖੁਲ੍ਹੀਆਂ। ਵੇਖਿਆ ਘਰ ਦੇ ਸਾਰੇ ਜੀਅ ਮੇਰੇ ਉਤੇ ਝੁਕੇ ਹੋਏ ਸਨ। ਅਖੀਰ ਵਿਚ ਮੇਰੀ ਜੀਭ ਸੁਚੇਤ ਹੋਈ, ਮੈਂ ਕੁਝ ਬੋਲਿਆ ਤੇ ਇੰਜ ਮੇਰਾ ਨਾਤਾ ਮੁੜ ਤੋਂ ਇਸ ਜਗਤ ਨਾਲ ਜੁੜਿਆ।

ਦੂਜੀ ਵਾਰ ਵੀ ਅਨੁਭਵ ਐਨ ਬਐਨ ਇਹੀ ਰਿਹਾ, ਸਿਰਫ ਘਟਨਾ ਦਾ ਵਰਤਾਰਾ ਵੱਖਰੀ ਕਿਸਮ ਦਾ ਸੀ। ਮੈਂ ਤੇ ਮੇਰਾ ਲੜਕਾ ਹਰਦੀਪ ਹਲਦੁਆਨੀ ਤੋਂ ਫਾਰਮ ਨੂੰ ਆ ਰਹੇ ਸਾਂ। ਹਰਦੀਪ ਟਰੈਕਟਰ ਚਲਾ ਰਿਹਾ ਸੀ। ਘਰ ਅਜੇ ਕਿਲੋਮੀਟਰ ਦੀ ਦੂਰੀ 'ਤੇ ਸੀ। ਅਚਾਨਕ ਹਰਦੀਪ ਬੋਲਿਆ-ਦਾਰ ਜੀ ਅਗਲਾ ਪਹੀਆ ਬਬਲਿੰਗ ਕਰ ਰਿਹਾ ਏ।

ਮੈਂ ਕਿਹਾ ਕੋਈ ਗੱਲ ਨਹੀਂ, ਘਰ ਚਲ ਕੇ ਵੇਖਦੇ ਹਾਂ।

ਬੋਲ ਅਜੇ ਮੇਰੇ ਮੂੰਹ ਵਿਚ ਸਨ ਕਿ ਪਹੀਆ ਲਹਿ ਕੇ ਇਕ ਪਾਸੇ ਨੂੰ ਰਿੜ੍ਹ ਗਿਆ।ਇਕ ਝਟਕਾ ਵੱਜਾ ਤੇ ਬੁੜ੍ਹਕ ਕੇ ਮੈਂ ਥੱਲੇ ਪਿਛਲੇ ਪਹੀਏ ਅੱਗੇ ਜਾ ਡਿੱਗਾ, ਜਿਥੇ ਮੈਂ ਡਿੱਗਾ, ਉਥੇ ਸੜਕ ਦੇ ਕੰਢੇ ਗੋਲ ਗੋਲ ਪੱਥਰ, ਗੀਟੇ ਪਏ ਸਨ। ਪਹੀਆ ਜਿਉਂ ਜਿਉਂ ਮੇਰੀ ਹਿੱਕ ਤੇ ਚੜ੍ਹਨ ਲਗਦਾ ਤਿਉਂ ਤਿਉਂ ਹੀ ਹੇਠੋਂ ਗੀਟਿਆਂ ਦੀ ਸਹਾਇਤਾ ਨਾਲ ਮੇਰਾ ਸਰੀਰ ਅੱਗੇ ਰਿੜ੍ਹਦਾ ਗਿਆ। ਅਖ਼ੀਰ ਟਰੈਕਟਰ ਖਲੋ ਗਿਆ।

ਪਹੀਏ ਦੇ ਅੱਗੇ ਡਿੱਗਦੇ ਸਾਰ ਹੀ ਮੇਰੀਆਂ ਗਿਆਨ ਇੰਦਰੀਆਂ ਮੇਰਾ ਸਾਥ ਛੱਡ ਗਈਆਂ ਸਨ। ਉਹੀ ਅਨੁਭਵ-ਇਕ ਗਰੁੱਪ ਫੋਟੋ ਸਕੇ ਸੰਬੰਧੀਆਂ ਦੀ, ਇਕ ਝਲਕ, ਬਸ, 'ਮੈਂ ਗਿਆ' ਦਾ ਸਹਿਮ ਭਰਿਆ ਝਟਕਾ, ਫਿਰ ਚਾਰ ਚੁਫੇਰਾ ਦੂਧੀਆ ਚਾਨਣ। ਸਵੈ ਦਾ ਅਹਿਸਾਸ ਤੇ ਪਰਮਾਆਨੰਦ ਦੀ ਅਵਸਥਾ।

ਤੁਹਾਡੇ ’ਚੋਂ ਵੀ ਕਈ ਮੌਤ ਕਿਨਾਰੇ ਹੋ ਕੇ ਮੁੜੇ ਹੋਣਗੇ, ਹੋ ਸਕਦਾ ਹੈ, ਤੁਹਾਡੇ ਅਨੁਭਵ ਕੁਝ ਵੱਖਰੇ ਹੋਣ। ਕਿਉਂ ਕਿ ਬਹੁਤ ਕੁਝ ਆਦਮੀ ਦੀ ਆਤਮਕ ਅਵਸਥਾ ਅਤੇ ਉਸ ਦੀ ਸੋਚਣੀ ਮੁਤਾਬਕ ਵੀ ਹੁੰਦਾ ਹੋਵੇਗਾ। ਤਾਂ ਵੀ ਮੇਰਾ ਖਿਆਲ ਏਹੀ ਹੈ ਕਿ ਮੌਤ ਰਾਣੀ ਦੇ ਤਲਿਸਮੀ ਮਹੱਲ ਵਿਚ ਦਾਖਲ ਹੋਣ ਤੋਂ ਪਹਿਲਾਂ ਹਰ ਮਨੁੱਖ ਭਾਵੇਂ ਇਕ ਅਧ ਛਿਣ ਲਈ ਹੀ ਸਹੀ ਬੇ-ਸੁਰਤੀ ਦੀ ਸੁਖਾਵੀਂ ਸਥਿਤੀ ’ਚੋਂ ਜ਼ਰੂਰ ਲੰਘਦਾ ਹੈ ਜਿਥੇ ਗਿਆਨ ਇੰਦਰੀਆਂ ਦੇ ਸਿੱਥਲ ਹੋ ਜਾਣ ਕਾਰਨ ਦੁਨਿਆਵੀਂ ਦੁੱਖ ਦਰਦ ਤੋਂ ਮੁਕਤ ਹੋ ਜਾਂਦਾ ਹੈ। ਉਹ ਸਰਬ ਵਿਆਪਕ ਜੀਵਨ ਵਿਚ ਅਭੇਦ ਹੋ ਜਾਣ ਤੋਂ ਪਹਿਲਾਂ ਦਾ ਛਿਣ ਹੈ।

ਬਸ ਇਕ ਕਦਮ ਹੋਰ ਤੇ ਉਹਦੀ ਵੱਖਰੀ ਹੋਂਦ ਦਾ ਅਹਿਸਾਸ ਖ਼ਤਮ ਹੋ ਜਾਂਦਾ ਹੋਵੇਗਾ। ਬਸ ਇਕ ਸਰਬ ਵਿਆਪਕ ਚੇਤਨਾ ਵਿਚ ਸਮਾ ਜਾਣਾ ਹੀ ਤਲਿਸਮੀ ਮਹੱਲ ਵਿਚ ਦਾਖਲ ਹੋ ਜਾਣਾ ਹੈ। ਏਸ ਅਨੁਭਵ ਨੂੰ ਹੀ ਗੁਰੂ ਸਾਹਿਬ ਜੋਤੀ ਜੋਤ ਰਲੀ, ਸੂਰਜ ਕਿਰਨ ਮਿਲੀ ਤੇ ਸੰਪੂਰਨ ਥੀਆ ਆਦਿ ਗਾ ਕੇ ਇਸ ਰਹੱਸ ਦੀ ਵਿਆਖਿਆ ਕੀਤੀ ਹੈ।

•

# ਛਲਾਵਾ

ਭੋਲਾ ਨਾਥ ਉਮਰ ਦੇ ਅਠਾਰਵੇਂ ਸਾਲ ਵਿਚ ਸੀ ਜਦੋਂ ਜ਼ਿੰਦਗੀ ਦੇ ਇਸ ਸਫਰ ਵਿਚ ਉਸਦਾ ਇਕ ਹੋਰ ਮੁਸਾਫਿਰ ਨਾਲ ਵਾਹ ਪਿਆ। ਵਾਹ ਵੀ ਕਾਹਦਾ? ਬਸ ਇਕ ਝਲਕ।

ਉਸਦੇ ਪਿੰਡ ਦੀ ਦੂਜੀ ਪੱਤੀ ਵਿਚ ਕਿਸੇ ਦੇ ਘਰ ਆਖੰਡ ਪਾਠ ਦਾ ਭੋਗ ਸੀ। ਮੱਥਾ ਟੇਕ ਕੇ ਉਹ ਸੰਗਤ ਦੇ ਪਿਛੇ ਜਹੇ ਇਕ ਕੰਧ ਦੀ ਢੋਅ ਲਾ ਕੇ ਬੈਠਾ ਹੋਇਆ ਸੀ। ਸਹਿਜ ਭਾਵ ਨਾਲ ਹੀ ਉਸਦੀ ਨਜ਼ਰ ਉਤਾਂਹ ਉਠੀ , ਤਾਂ ਵੇਖਿਆ- ਸਾਹਮਣੇ ਬੈਠੀਆਂ ਤੀਵੀਂਆਂ ਵਿਚ ਹੀ ਬੈਠੀ ਇਕ ਮੁਟਿਆਰ ਬੜੀ ਨੀਝ ਲਾ ਕੇ ਉਸ ਨੂੰ ਵੇਖ ਰਹੀ ਸੀ। ਨਜ਼ਰਾਂ ਮਿਲੀਆਂ ਤਾਂ ਇਕ ਤਰ੍ਹਾਂ ਦਾ ਭੁਚਾਲ ਜਿਹਾ ਆਇਆ, ਮਨ ਦੇ ਸ਼ਾਂਤ ਪਾਣੀਆਂ ਵਿਚ ਜਵਾਰ ਭਾਟੇ ਦੀਆਂ ਖੌਰੂ ਪਾਂਦੀਆਂ ਛੱਲਾਂ। ਉਹ ਆਪਣੀਆਂ ਜੜ੍ਹਾ ਤੱਕ ਹਲੂਣਿਆਂ ਗਿਆ।

ਫਿਰ ਇਕ ਤਰ੍ਹਾਂ ਦਾ ਧਰਵਾਸ, ਤ੍ਰਿਪਤੀ ਜਹੀ, ਕਿਸੇ ਦੀਆਂ ਨਜ਼ਰਾਂ ਵਿਚ ਪਰਵਾਨ ਹੋ ਜਾਣ ਦਾ ਮਾਣ ਭਰਿਆ ਅਹਿਸਾਸ। ਭੋਲਾ ਨਾਥ ਨੂੰ ਲੱਗਾ-ਉਹ ਦੁਨੀਆਂ ਦਾ ਸਭ ਤੋਂ ਵੱਧ ਖੁਸ਼ ਨਸੀਬ ਬੰਦਾ ਹੈ। ਇਹ ਧਰਤੀ ਅਤੇ ਇਸ ਧਰਤੀ ਦੇ ਜੀਵ ਜੰਤ ਉਸ ਨੂੰ ਚੰਗੇ ਚੰਗੇ ਲੱਗੇ। ਕਵਿਤਾ ਵਰਗਾ ਕੁਝ ਕੋਮਲ ਕੋਮਲ ਜਿਹਾ ਉਸਦੇ ਹੋਠਾਂ ਤੋਂ ਝਰਨ ਲੱਗਾ।

ਪਰ ਛੇਤੀ ਹੀ ਮਨ ਦੀ ਇਹ ਵਿਸਮਾਦੀ ਅਵਸਥਾ ਇਕ ਭਟਕਣਾ ਦਾ ਰੂਪ ਧਾਰ ਗਈ। ਉਮਰ ਭਰ ਲਈ ਇਕ ਤਲਾਸ਼। ਉਹ ਕੁੜੀ ਪਾਠ ਵਾਲਿਆਂ ਦੇ ਘਰ ਕਿਸੇ ਦੂਰ ਦੀ ਰਿਸ਼ਤੇਦਾਰੀ ਵਿਚੋਂ ਆਈ ਸੀ। ਤੇ ਜਿਵੇਂ ਆਈ ਸੀ ਉਵੇਂ ਟੁਰ ਗਈ।

ਸ਼ਿਸਟਾਚਾਰ, ਲੋਕ ਲਾਜ, ਸਮਾਜਕ ਹੱਥਾਂ ਉਹ ਵੀ ਏਨਾ ਨਹੀਂ ਪੁੱਛ ਸਕਿਆ- ਕਿ ਤੂੰ ਦੇਵ ਲੋਕ ਤੋਂ ਆਈ ਹੈਂ, ਜਾਂ ਏਸ ਲੋਕ ਦੀ ਕੋਈ ਪਰੀ ਜਾਈ ਹੈਂ?

ਬਸ ਤਪਦੇ ਸਹਿਰਾਅ ਉਤੋਂ ਉਡਦੇ ਜਾਂਦੇ ਕਿਸੇ ਪੰਛੀ ਦੇ ਛਿਣ ਮਾਤਰ ਸਾਏ ਵਾਂਗ ਉਹ ਆਈ ਤੇ ਭੋਲਾ ਨਾਥ ਦੇ ਹਿਰਦੇ ਉਤੇ ਇਕ ਪਰਛਾਵਾਂ ਜਿਹਾ ਪਾ ਕੇ ਅਲੋਪ ਹੋ ਗਈ। ਇੰਜ ਹੀ ਹੋਣਾ ਸੀ।

ਪਰ ਸਹਿਰਾ ਤੇ ਮਨੁੱਖੀ ਮਨ ਵਿਚ ਇਕ ਫਰਕ ਹੁੰਦਾ ਹੈ। ਜਿਥੇ ਸਹਿਰਾ ਪਿਆ ਪਰਛਾਵਾਂ ਪਲ ਭਰ ਦਾ ਵਰਤਾਰਾ ਹੋਂਦਾ ਹੈ, ਉਥੇ ਮਾਨੁੱਖੀ ਮਨ ਤੇ ਪਿਆ ਪਰਛਾਵਾਂ ਤੇ ਉਹ ਕਿਸੇ ਸੁਪਨ ਪਰੀ ਦਾ ਉਮਰ ਭਰ ਲਈ ਮਹਿਮਾਨ ਬਣ ਕੇ ਮਨੁੱਖ ਦੀ ਚੇਤਨਾ ਵਿਚ ਬਹਿ ਜਾਂਦਾ ਹੈ। ਇਹ ਛੋਟੀ ਜਹੀ ਵਾਰਦਾਤ ਹੀ ਭੋਲਾ ਨਾਥ ਦੀ ਜ਼ਿੰਦਗੀ ਦਾ ਰੁਖ ਬਦਲ ਗਈ। ਉਹ ਜੋ ਬੀ. ਏ. ਦੇ ਫਾਈਨਲ ਵਿਚ ਸੀ ਤੇ ਅਗੇ ਚਲ ਕੇ ਐਲ. ਐਲ. ਬੀ. ਕਰਕੇ ਇਕ ਸਫਲ ਵਕੀਲ ਬਣਨ ਦੇ ਖਾਬ ਪਾਲ ਰਿਹਾ ਸੀ, ਇਕ ਚਿਤਰਕਾਰ ਬਣ ਕੇ ਰਹਿ ਗਿਆ।

ਉਹਦੇ ਘਰ ਦੇ ਨੇੜੇ ਹੀ ਇਕ ਦਰਿਆ ਵਗਦਾ ਸੀ। ਉਹੀ ਦਰਿਆ ਜਿਸ ਦੇ ਕੰਢੇ ਬੈਠ ਕੇ ਕਦੇ ਰਿਸ਼ੀ ਵਿਆਸ ਨੇ ਵੇਦਾਂ ਦੀ ਰਚਨਾ ਕੀਤੀ ਸੀ। ਤੇ ਜਿਸ ਦੇ ਕੰਢੇ ਇਕ ਸੁਲੱਖਣੀ ਪ੍ਰਭਾਤ ਗੁਰੂ ਨਾਨਕ ਨੇ ਵਜਦ ਵਿਚ ਆ ਕੇ ਗਾਂਵਿਆ ਸੀ-

'ਸੋ ਦਰ ਤੇਰਾ ਕੇਹਾ ਸੋ ਘਰ ਕੇਹਾ, ਜਿਤੁ ਬਹਿ ਸਰਬ ਸਮ੍ਹਾਲੇ।' ਇਸੇ ਹੀ

ਦਰਿਆ ਦੇ ਕੰਢੇ ਕਿਸੇ ਸ਼ਾਂਤ ਟਿਕੀ ਰਾਤ ਗੁਰੂ ਅਰਜਨ ਦੇਵ ਬੈਠੇ ਸਨ, ਤਾਂ ਗਾ ਉਠੇ ਸਨ–

'ਭਿਨੀ ਰੈਨੜੀਏ ਚਮਕਣ ਤਾਰੇ। ਜਾਗਣ ਸੰਤ–ਜਨਾਂ ਮੇਰੇ ਰਾਮ ਪਿਆਰੇ।'

ਇਸ ਪਵਿਤਰ ਤੇ ਰਬੋਂ ਵਰੋਸਾਏ ਦਰਿਆ ਦਾ ਇਹੀ ਕੰਢਾ ਹੁਣ ਭੋਲਾ ਨਾਥ ਕੀ ਕਰਮ ਭੂਮੀ ਬਣਿਆ।

ਉਹ ਆਪਣੇ ਰੰਗਾਂ ਦਾ ਡੱਬਾ, ਬੁਰਸ਼ ਕੈਨਵਸ ਲੈ ਕੇ ਦਰਿਆ ਕਿਨਾਰੇ ਸ਼ਾਂਤ ਤੇ ਇਕਾਂਤ ਵਿਚ ਜਾ ਹਾਜ਼ਰ ਹੁੰਦਾ। ਸਾਰਾ ਸਾਰਾ ਦਿਨ ਉਸ ਦਾ ਬੁਰਸ਼ ਕੈਨਵਸ ਉਤੇ ਫਿਰਦਾ ਰਹਿੰਦਾ। ਆਪਣੇ ਮਨ ਤੇ ਪਏ ਉਸ ਹੁਸੀਨ ਆਕਾਰ ਨੂੰ ਸਾਕਾਰ ਕਰਨ ਦੇ ਜਤਨ। ਸਾਧਨਾ......ਸਾਧਨਾ.....ਸਾਧਨਾ।

ਕਦੇ ਉਹ ਉਸਨੂੰ ਦਰਿਆ ਦੇ ਕੰਢੇ ਖੜੀ ਨੂੰ ਚਿਤਰਦਾ। ਗਜ਼ ਗਜ਼ ਲੰਮੇਂ ਵਾਲ। ਅਦਭੁਤ ਖਿਚ ਪਾਂਦੀਆਂ ਮਿਕਨਾਤੀਸੀ ਅੱਖਾਂ। ਰਹੱਸ ਮਈ ਰੰਗ ਰੂਪ। ਲਮੀ ਪਤਲੀ, ਵਾਲਾਂ ਵਿਚ ਟੰਗਿਆ ਗੁਲਾਬ ਦਾ ਇਕ ਫੁੱਲ। ਲਗਦਾ ਜਿਵੇਂ ਹੁਣੇ ਹੁਣੇ ਆਕਾਸ਼ ਤੋਂ ਉਤਰ ਕੇ ਆਈ ਹੋਵੇ।

ਕਦੇ ਉਹ ਉਸ ਨੂੰ ਦਰਿਆ ਦੇ ਪਰਲੇ ਪਾਰ ਜੰਗਲ ਵਿਚ ਖੜੀ ਨੂੰ ਵਖਾਂਦਾ। ਕਦੇ ਦਰਿਆ ਵਿਚੋਂ ਨਹਾ ਕੇ ਨਿਕਲੀ ਗਿੱਟੇ ਗਿੱਟੇ ਪਾਣੀ ਵਿਚ ਖਲੋਤੀ। ਭਿਜੇ ਭੋਛਨ ਵਿਚੋਂ ਡਲ੍ਹਕ ਰਹੇ ਅੰਗ। ਵਾਲਾਂ 'ਚੋਂ ਝੜ ਰਹੇ ਜਲ ਮੋਤੀ। ਹੋਠਾਂ ਉਤੇ ਮੋਨਾ ਲਿਜ਼ਾ ਦੀ ਮੁਸਕਾਨ।

ਕਦੇ ਉਹ ਉਸ ਨੂੰ ਪੂਰੀ ਬਨਾ ਦੇਂਦਾ। ਪਿਛੋਕੜ ਵਿਚ ਅਸਤ ਹੋ ਰਿਹਾ ਸੂਰਜ। ਆਕਾਸ਼ ਵਿਚ ਸੰਧੂਰੀ ਭਾਹ ਮਾਰਦੇ ਬੱਦਲ ਟੋਟੇ। ਚਿੱਟੇ ਬਸਤਰ ਪਹਿਨੀਂ ਚਿਟੇ ਪਰ੍ਹਾ ਵਾਲੀ, ਹਵਾ ਵਿਚ ਤਾਰੀ ਜਿਹੀ ਲਾ ਰਹੀ ਪਰੀ।

ਉਹਦਾ ਹਰ ਚਿੱਤਰ ਉਹ ਬੜੀ ਰੀਝ ਨਾਲ ਬਣਾਂਦਾ। ਸਿਰਜਣਾ ਦੇ ਇਹ ਪਲ ਉਸ ਨੂੰ ਇਕਾਗਰਤਾ ਬਖਸ਼ਦੇ। ਜਦੋਂ ਉਹ ਚਿਤਰ ਪੂਰਾ ਕਰ ਕੇ ਇਕ ਭਰਵੀਂ ਨਜ਼ਰ ਉਸ ਤੇ ਫੇਰਦਾ ਉਹਨੂੰ ਲਗਦਾ ਉਹ ਆਪ ਇਕ ਛੋਟਾ ਮੋਟਾ ਸਿਰਜਣਹਾਰ ਹੈ। ਉਹ ਆਪਣੀ ਬਣਾਈ ਕਿਰਤ ਤੇ ਮੁਗਧ ਹੋ ਹੋ ਪੈਂਦਾ। ਆਪੇ ਕੀਤੀ ਰਚਨਾ ਦਾ ਆਪ ਆਸ਼ਕ।

ਪਰ ਇਹ ਤ੍ਰਿਪਤੀ ਥੋੜ ਚਿਰੀ ਹੀ ਸਾਬਤ ਹੁੰਦੀ। ਛੇਤੀ ਹੀ ਉਸਦੇ ਮਨ ਵਿਚ ਖੋਹ ਜਿਹੀ ਪੈਣ ਲੱਗ ਪੈਂਦੀ। ਉਹਨੂੰ ਲੱਗਦਾ–ਗੱਲ ਬਣੀ ਨਹੀਂ। ਕਿਤੇ ਕੋਈ ਕਸਰ ਰਹਿ ਗਈ ਹੈ। ਲੱਗਦਾ ਇਸ ਚਿਤਰ ਦੇ ਅਧੂਰੇ ਪਣ ਵਾਂਗ ਹੀ ਉਹਦੇ ਆਪਣੇ ਅੰਦਰ ਵੀ ਇਕ ਖਿਲਾਅ ਜਿਹਾ ਹੈ।

ਕਦ ਪੂਰਨ ਹੋਵੇਗੀ ਇਹ ਤਸਵੀਰ ? ਉਹ ਆਪਣੇ ਆਪ ਤੋਂ ਪੁੱਛਦਾ ਤੇ ਮੁੜ ਤੋਂ ਬੁਰਸ਼ ਕੈਨਵਸ ਤੇ ਫਿਰਨ ਲੱਗਦਾ।

ਤੇ ਫਿਰ ਇਕ ਦਿਨ ਤਾਂ ਚਮਤਕਾਰ ਹੋ ਹੀ ਗਿਆ। ਅਜੀਬ ਘਟਨਾ ਵਾਪਰ ਗਈ। ਘਟਨਾ, ਜੋ ਜ਼ਿੰਦਗੀ ਦਾ ਆਮ ਵਰਤਾਰਾ ਨਹੀਂ ਹੈ। ਤਾਂ ਵੀ ਉਸ ਨੂੰ ਅਸੀਂ ਨੱਕਾਰ ਵੀ ਨਹੀਂ ਸਕਦੇ।

ਉਸ ਸ਼ਾਮ ਜਦੋਂ ਉਹ ਆਪਣੇ ਸਾਜੋ ਸਮਾਨ ਲੈ ਕੇ ਦਰਿਆ ਕਿਨਾਰੇ ਪੁੱਜਾ ਤੇ ਵੇਖਿਆ ਦਰਿਆ ਦੇ ਜਾਹੇ ਉਤੇ ਇਕ ਉਚੇਰੀ ਥਾਂ ਤੇ ਉਹ ਪਰੀ ਸਾਕਾਰ ਰੂਪ ਵਿਚ ਖੜੀ ਹੈ। ਜਿਸ ਦੀ ਬੰਦਗੀ ਵਿਚ ਉਸ ਉਮਰ ਗੁਜ਼ਾਰ ਦਿਤੀ ਸੀ। ਉਹੀ ਗ਼ਜ਼ ਗ਼ਜ਼ ਲੰਮੇ ਵਾਲ। ਪਾਪਲਰ ਦੇ ਬੂਟੇ ਵਰਗਾ ਸਿੱਧਾ ਸਤੀਰ ਲੰਮਾ ਕੱਦ। ਲਚਕਦਾਰ ਗੰਦਲ ਜਿਹੀ। ਚਿਹਰੇ ਦੁਆਲੇ ਨੂਰ ਦਾ ਇਕ ਪ੍ਰਤਿਭਾ ਚੱਕਰ। ਨੈਣ ਨਕਸ਼ਾਂ ਦੀ ਤੁਲਨਾ ਕੌਣ ਕਰੇ ?

ਵੇਖਣ ਸੁਣਨ ਤੋਂ ਬਾਹਰੇ।

ਚਕਾ ਚੌਂਧ ਹੋਇਆ ਭੋਲਾ ਨਾਥ ਥਾਏਂ ਗੱਡਿਆ ਗਿਆ। ਅਵਾਕ, ਅਬੋਲ,ਸਰਸ਼ਾਰ ਹੋਇਆ ਉਹਦੇ ਅੰਦਰ ਝਰਨਾਟ ਛਿੜੀ। ਸੁਆਦ ਸੁਆਦ ਵਿਸਮਾਦਕ ਅਵਸਥਾ। ਆਤਮ ਗਿਆਨ ਚਾਨਣੇ 'ਚ ਨਹਾਤਾ, ਅਪਲਕ ਅੱਖਾਂ ਨਾਲ ਉਹ ਇਕ ਟਕ ਉਸ ਵਲ ਵੇਖਦਾ ਰਿਹਾ।

ਫਿਰ ਇਹ ਵਿਸਮਾਦੀ ਜਾਦੂ ਟੁੱਟਾ। ਉਹਦੀ ਹੋਸ਼ ਪਰਤੀ। ਉਹ ਦਿਸਦੇ ਜਗਤ ਦਾ ਜੀਵ ਬਣਿਆ। ਇਕ ਲਾਲਸਾ ਨੇ ਸਿਰ ਚੁਕਿਆ-ਗਲਵਕੜੀ ਪਾ ਲਵਾਂ?

ਉਹ ਉਸਦੇ ਨੇੜੇ ਹੋਇਆ। ਸਿੱਧਾ ਉਸ ਦੇ ਨੈਣਾਂ ਵਿਚ ਝਾਕਿਆ। ਕੀ ਸੀ ਉਹਨਾਂ ਅੱਖਾਂ ਵਿਚ? ਕੁਝ ਮਧੁਰ ਮਧੁਰ ਜਿਹਾ।

ਮੈਂ ਤੈਨੂੰ ਗਲਵਕੜੀ ਪਾ ਲਵਾਂ? ਉਸਦੇ ਹੋਂਠ ਵੇਗ ਮਈ ਹੋ ਕੇ ਫਰਕੇ। ਇਹ ਬਹਿਲਤਾ ਦੇ ਬੋਲ ਸਨ।

ਪਰੀ ਨੇ ਬੁਲੀਆਂ ਤੇ ਉਂਗਲੀ ਰੱਖ ਲਈ-ਸ਼ੀ...ਈ ਈ...ਭੋਲਾ ਨਾਥ ਇਹ ਮਿਲਨ ਘੜੀ ਹੈ ਬੋਲ ਕੇ ਇਸ ਦੀ ਸੁਚਮਤਾ ਨੂੰ ਕਿਉਂ ਜੂਠਿਆਂ ਕਰਦਾ ਹੈਂ? ਕੀ ਬੋਲਣਾ ਜ਼ਰੂਰੀ ਹੈ? ਪਰਮ ਚੁੱਪ ਵਿਚ ਲਹਿ ਜਾ ਤੇ ਇਹਨਾਂ ਹੁਸੀਨ ਪਲਾਂ ਨੂੰ ਪੀ, ਮਾਣ....ਬਸ ਬੋਲ ਕੁਝ ਨਾਂ।

ਖਾਮੋਸ਼...ਕੁਝ ਪਲ ਉਹ ਉਸ ਨੂੰ ਉਵੇਂ ਨਿਹਾਰਦਾ ਰਿਹਾ। ਫਿਰ ਇਕ ਲਿਲਕੜੀ ਲਈ-

ਹੇ ਮੇਰੇ ਅੰਤ੍ਰੀਵ ਦੀ ਸਦੀਵੀ ਔਰਤ, ਕਸਤੂਰੇ ਹਿਰਨ ਵਾਂਗ ਮੈਂ ਸਾਰੀ ਉਮਰ ਤੇਰੀ ਤਲਾਸ਼ 'ਚ ਭਟਕਿਆਂ ਹਾਂ। ਅਹੁ ਭਾਗ....ਅੱਜ ਸਾਕਾਰ ਹੋਈ ਹੈ। ਮੈਨੂੰ ਗਲੇ ਲਾ ਲੈ।

ਉਹ ਮਿਨ੍ਹਾ ਜਿਹਾ ਮੁਸਕਰਾਈ-ਭੋਲੇ ਨਾਥ ਮੈਂ ਕੋਈ ਵਸਤੂ ਨਹੀਂ ਹਾਂ, ਜਿਸ ਨੂੰ ਤੂੰ ਛੋਹ ਲਵੇਂ। ਤੇਰੀ ਛੋਹਣ ਲਾਲਸਾ ਵਿਚ ਹੀ ਕਬਜ਼ੇ ਦੀ ਪਹਿਚਾਣ ਹੈ। ਕਬਜ਼ਾ ਤੇ ਕਿਸੇ ਵਸਤੂ ਤੇ ਹੀ ਹੋ ਸਕਦਾ ਹੈ। ਮੈਂ ਤੇਰੇ ਅੰਦਰ ਜਾਗੀ ਤੇਰੀ ਹੀ ਕਲਪਨਾ ਦਾ ਪਰਤੋ ਹਾਂ। ਖੂਬਸੂਰਤੀ ਲਈ ਜਾਗੀ ਤੇਰੀ ਭੁੱਖ। ਬਸ ਇਕ ਹੁਸੀਨ ਸੁਪਨਾ। ਕਲਪਨਾ ਨੂੰ ਸੱਚ ਨਾ ਜਾਣ, ਭਟਕਣਾ ਹੋਰ ਵੇਗ ਮਈ ਹੋਵੇਗੀ। ਸ਼ਾਂਤੀ ਅੰਦਰ ਹੈ। ਆਪਣੇ ਅੰਦਰ ਮੁੜ ਸਵੈ 'ਚ ਸਥਾਪਤ ਹੋ। ਉਹ ਸੁਲੱਖਣੀ ਘੜੀ ਆਵੇਗੀ-ਕਿ ਤੂੰ ਤ੍ਰਿਪਤ ਹੋ ਜਾਵੇਗਾ। ਵਰਤਮਾਨ ਵਿਚ ਜੀਵੇਂਗਾ ਤੇ ਸਮਰਪਿਤ ਹੋ ਜਾਵੇਗਾ। ਬਸ ਇਹ ਤਿੰਨ ਨਿਸ਼ਾਨੀਆਂ ਹਨ ਸੁੱਚੇ, ਸੱਚੇ ਤੇ ਪੂਰਨ ਪਿਆਰ ਦੀਆਂ।

ਪਰੀ ਬੋਲੀ ਜਾ ਰਹੀ ਸੀ-ਅੰਮ੍ਰਿਤ ਬਚਨ। ਆਤਮ ਗਿਆਨ ਦੀਆਂ ਰਮਜ਼ਾਂ।

ਪਰ ਭੋਲੇ ਨਾਥ?

ਭੋਲੇ ਨਾਥ ਦੇ ਵੀ ਵੱਸ ਦਾ ਰੋਗ ਨਹੀਂ ਸੀ, ਸੁੰਦਰਤਾ ਨੂੰ ਇਕ ਵਿੱਥ ਤੇ ਖਲੋ ਕੇ ਮਾਨਣ। ਸਿਰਜਨਹਾਰ ਨੇ ਉਸ ਨੂੰ ਜੋ ਮਿੱਟੀ ਲਾਈ ਸੀ ਉਸ ਮਿੱਟੀ ਦੇ ਖਮੀਰ ਵਿਚ ਹੀ ਕਬਜ਼ੇ ਦੀ ਲਾਲਸਾ ਪ੍ਰਮੁੱਖ ਸੀ।

ਆਪਣੇ ਆਪ ਤੋਂ ਓਸ ਦਾ ਨਿਯੰਤਰਨ ਜਾਂਦਾ ਰਿਹਾ। ਬਹਿਬਲਤਾ ਵੱਸ ਅਗੇ ਵਧਿਆ, ਤੇ ਉਸ ਨੇ ਧਾਅ ਗਲਵਕੜੀ ਪਾਈ।

ਮੂਧੇ ਮੂੰਹ ਉਹ ਭੋਂਏ 'ਤੇ ਪਿਆ ਹੋਇਆ ਸੀ। ਕੇਵਲ ਰੰਗਾਂ ਦਾ ਡੱਬਾ ਹੀ ਉਹਦੀ ਹਿੱਕ ਨਾਲ ਲੱਗਾ ਹੋਇਆ ਸੀ। ਤੇ ਅੰਦਰ ਇਕ ਉਦਰੇਵੇਂ ਭਰਿਆ ਪਛਤਾਵਾ।

●

# ਸੰਤ ਜਨ

ਆਪਣੇ ਧੰਦੇ ਵਿਚ ਉਸਨੂੰ ਕਮਾਲ ਹਾਸਿਲ ਸੀ। ਤਰੰਜਨੀ ਉਂਗਲ ਦੀ ਹੁੱਕ ਜਹੀ ਬਣਾ ਕੇ, ਅੰਗੂਠੇ ਦੀ ਸਹਾਇਤਾ ਨਾਲ ਉਹ ਮੁਰਗੇ ਦੀ ਸਿਰੀ ਨੂੰ ਇੰਜ ਘੁੱਟ ਕੇ ਫੜ ਲੈਂਦਾ ਜਿਵੇਂ ਦੰਦਾਂ ਦਾ ਡਾਕਟਰ ਦਾੜ੍ਹ ਨੂੰ ਜੰਬੂਰ ਪਾ ਲੈਂਦਾ ਹੈ। ਫਿਰ ਉਹ ਕਲਾਈ ਨੂੰ ਢਿੱਲਿਆਂ ਜਿਹਾ ਛੱਡ ਕੇ ਇਕ ਅਜਿਹਾ ਝਟਕਾ ਮਾਰਦਾ ਕਿ ਸਿਰੀ ਉਹਦੇ ਹੱਥ 'ਚ 'ਤੇ ਸਿਰੀ ਲੱਥਾ ਮੁਰਗਾ ਥੱਲੇ ਪਏ ਟੱਪ ਵਿਚ ਜਾ ਪੈਂਦਾ। ਜਿੱਥੋਂ ਉਹਦਾ ਸਹਾਇਕ ਉਸਦੀ ਕੱਟੀ ਧੌਣ ਨੱਪ ਲੈਂਦਾ ਤੇ ਜਦੋਂ ਉਸ ਦਾ ਤੜਪਣਾ ਰਤਾ ਮੱਠਾ ਪੈਂਦਾ ਉਹ ਉਸ ਦੇ ਖੰਭ ਖੋਹਣੇ ਸ਼ੁਰੂ ਕਰ ਦਿੰਦਾ।

ਤੇ ਇੰਜ ਇਹ ਸਿਲਸਿਲਾ ਹਰ ਸਵੇਰੇ ਤਿੰਨ ਚਾਰ ਘੰਟੇ ਚਲਦਾ ਰਹਿੰਦਾ ਹੈ।

ਉਹ ਮੈਰਿਜ ਪੈਲਿਸ ਜਿੱਥੇ ਇਹ ਕੁੱਕੜ ਝਟਕਾਣ ਦਾ ਕੰਮ ਹਰ ਰੋਜ਼ ਹੁੰਦਾ ਸੀ। ਪੱਤਰਕਾਰ ਕਰਮ ਸਿੰਘ ਦੇ ਰਾਹ ਵਿਚ ਪੈਂਦਾ ਸੀ। ਸੱਜੇ ਹੱਥ ਮੈਰਿਜ ਪੈਲਿਸ ਉਸ ਦੀ ਵੱਖੀ ਨਾਲ ਲੱਗਾ ਤਿੰਨ ਸਤਾਰਾ ਹੋਟਲ। ਕਰਮ ਸਿੰਘ ਰੋਜ਼ ਉਥੋਂ ਲੰਘਦਾ ਤੇ ਸਹਿਵਾਨ ਹੀ ਉਸ ਦੀ ਨਜ਼ਰ ਉਸ ਪਾਸੇ ਵਲ ਉੱਠ ਜਾਂਦੀ। ਇਕ ਪਲ ਲੱਤਾਂ ਬੱਧੀ ਮੁਰਗੇ ਦੀ ਸਿਰੀ ਝਟਕਈ ਦੀ ਮਜ਼ਬੂਤ ਪਕੜ ਵਿਚ ਹੁੰਦੀ। ਦੂਜੇ ਪਲ ਇਕ ਝਟਕਾ ਅਤੇ ਮੁਰਗਾ ਟੱਪ ਵਿਚ। ਹੱਥ 'ਚ ਫੜੀ ਸਿਰੀ ਨੂੰ ਉਹ ਕੋਲ ਰੱਖੀ ਬਾਲਟੀ ਵਿਚ ਸੁੱਟੀ ਜਾਂਦਾ।

ਦੂਜੇ ਪਲ ਉਹ ਕੋਲ ਪਏ ਟੋਕਰੇ ਵਿਚੋਂ ਇਕ ਹੋਰ ਨਗ ਚੁੱਕਦਾ ਤੇ ਫਿਰ ਉਹੀ ਅਮਲ।

ਕਰਮ ਸਿੰਘ ਦਾ ਤਨ ਮਨ ਕੰਬ ਜਾਂਦਾ, ਪਾਪ, ਨਿਰਾ ਪਾਪ, ਕਿਹੋ ਜਿਹਾ ਬੰਦਾ ਹੈ ਇਹ? ਨਿਰਦਈ ਪਾਪੀਆਂ ਤੇਰਾ ਕਿਹੜੇ ਜੁੱਗ ਭਲਾ ਹੋਵੇਗਾ? ਏਨਾ ਕਰੂਰ ਅਤੇ ਵਹਿਸ਼ੀਆਨਾ ਢੰਗ? ਵੇਖਣ ਵਾਲੇ ਦੀ ਰੂਹ ਕੰਬ ਜਾਂਦੀ ਹੈ ਤੇ ਤੇਰੇ 'ਤੇ ਕੋਈ ਅਸਰ ਨਹੀਂ ਹੁੰਦਾ?

ਟੁਰਿਆ ਜਾਂਦਾ ਕਰਮ ਸਿੰਘ ਸੋਚੀ ਜਾਂਦਾ-ਪੱਥਰ ਦਿਲ ਏ ਸਾਲਾ। ਸ਼ੈਦ ਛੜਾ ਛੜਾਂਗ ਈ ਹੋਵੇ? ਬਾਲ ਬੱਚੇਦਾਰ ਆਦਮੀ ਅਜਿਹਾ ਪਾਪੀ ਨਹੀਂ ਹੋ ਸਕਦਾ। ਮਾਨਸਿਕ ਤੌਰ 'ਤੇ ਅਸ਼ਾਂਤ ਹੋਵੇਗਾ। ਕਿਉਂ ਨਾ ਇਕ ਦਿਨ ਇਸ ਦੀ ਇੰਟਰਵਿਊ ਲਈ ਜਾਵੇ?

ਤੇ ਇਕ ਦਿਨ ਉਹ ਸੱਚਮੁੱਚ ਹੀ ਉਹਦੇ ਸਾਹਮਣੇ ਜਾ ਖਲੋਤਾ।

'ਰਾਮ ਰਾਮ ਵਈ।'

'ਸਤਿ ਸ੍ਰੀ ਆਕਾਲ' ਸਰਦਾਰ ਸਾਹਿਬ, ਆਓ, ਹੁਕਮ ਕਰੋ।'

ਹੁਕਮ ਕਾਹਦਾ ਜੀ, ਮੈਂ ਤਾਂ ਇਕ ਪੱਤਰਕਾਰ ਜੇ, ਤੁਹਾਡੇ ਨਾਲ ਗੱਲ ਕਰਕੇ ਤੁਹਾਡੇ ਇਸ ਧੰਦੇ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਹਾਂ। ਮੈਂ ਅੱਜ ਕੱਲ੍ਹ ਵੱਖੋ ਵੱਖਰੇ ਧੰਦਿਆਂ ਬਾਰੇ ਅਖ਼ਬਾਰ ਵਿਚ ਲਿਖ ਰਿਹਾ ਹਾਂ।

ਆਓ ਫਿਰ ਇਧਰ ਆਓ, ਵੱਖਰੇ ਬਹਿ ਕੇ ਆਰਾਮ ਨਾਲ ਗੱਲ ਕਰਦੇ ਆਂ। ਉਹ ਇਸ ਨੂੰ ਇਕ ਵੱਖਰੇ ਕਮਰੇ ਵਿਚ ਲੈ ਗਿਆ। ਵਾਸ਼ ਬੇਸਨ ਤੋਂ ਸਾਬਨ ਨਾਲ ਹੱਥ ਧੋਤੇ, ਤੋਲੀਏ ਨਾਲ ਪੂੰਝੇ, ਫਿਰ ਇਕ ਕੁਰਸੀ ਵਲ ਇਸ਼ਾਰਾ ਕਰਦਿਆਂ ਬੋਲਿਆ– 'ਬੈਠੋ।' ਗਲ ਦੁਆਲੇ ਲਪੇਟੀ ਐਪਰਨ ਦੀ ਤਣੀ ਖੁਲ੍ਹ ਕੇ ਉਸ ਐਪਰਨ ਜਿਸ ਉਤੇ ਥਾਂ ਥਾਂ ਤੇ ਲਹੂ ਦੇ ਛਿੱਟੇ ਪਏ ਹੋਏ ਸਨ। ਇਕ ਕਿੱਲੀ ਨਾਲ ਟੰਗ ਦਿੱਤਾ ਤੇ ਗੱਲ ਨੂੰ ਜਾਰੀ ਰੱਖਦਿਆਂ ਨਾਲ ਦੀ ਕੁਰਸੀ ਉਤੇ ਬਹਿ ਗਿਆ। ਬੋਲਿਆ ਕੀ ਕਰੀਏ ਸਾਡੇ ਇਸ ਧੰਦੇ ਵਿਚ ਗੰਦੇ ਬਹੁਤ ਰਹਿਣਾ ਪੈਂਦਾ ਹੈ। ਮੈਂ ਕੁਝ ਸਾਲ ਕੈਨੇਡਾ ਲਾ ਕੇ ਆਇਆ ਜੇ, ਉਥੇ ਝਟਕਈ ਲੋਕ....ਕਾਰਾਂ 'ਤੇ ਫਿਰਦੇ ਹਨ। ਕੋਠੀਆਂ ਵਿਚ ਰਹਿੰਦੇ ਜੇ, ਧੰਦੇ ਵਕਤ ਧੰਦਾ ਵਿਹਲੇ ਵੇਲੇ ਪੈਂਟ ਕੋਟ ਟਾਈ, ਕੋਈ ਕਹਿ ਨਹੀਂ ਜੇ ਸਕਦਾ ਕਿ ਇਹ ਬੰਦਾ ਮੁਰਗੇ ਮਰੋੜਨ ਜਾ ਬੱਕਰੇ ਝਟਕਾਣ ਦਾ ਕੰਮ ਕਰਦਾ ਹੋਵੇਗਾ। ਖ਼ੈਰ ਤੁਸੀਂ ਕਰੋ ਗੱਲ ਪੁੱਛੋ ਜੋ ਪੁੱਛਣਾ ਜੇ।

'ਰੋਜ਼ ਕਿੰਨੇ ਕੁ ਮੁਰਗੇ ਮਰੋੜ ਲੈਂਦੇ ਓ?'

'ਇਹੀ ਕੋਈ ਡੇਢ ਦੋ ਸੌ ਕਦੇ ਕਦੇ ਸੌ ਨਾਲ ਵੀ ਕੰਮ ਸਰ ਜਾਂਦਾ ਏ।'

'ਔਸਤ ਡੇਢ ਬੈਠੀ ਨਾ?'

'ਹਾਂ, ਡੇਢ ਹੀ ਸਮਝੋ।'

'ਮਹੀਨੇ ਵਿਚ ਕਿੰਨੇ ਹੋਏ?'

'ਕਰ ਲੋ ਹਿਸਾਬ ਮੈਂ ਤਾਂ ਕਦੇ ਕੀਤਾ ਨਹੀਂ?' ਉਹ ਹੱਸਦੇ ਹੋਇਆਂ ਕਿਹਾ।

ਕਰਮ ਸਿੰਘ ਨੇ ਹੱਥ 'ਚ ਫੜੀ ਇਕ ਛੋਟੀ ਕਾਪੀ ਦੇ ਪੰਨੇ 'ਤੇ ਹਿਸਾਬ ਜੋੜਿਆ 30+150–45000 ਫਿਰ ਉਹਦੀਆਂ ਨਜ਼ਰਾਂ ਨਾਲ ਨਜ਼ਰਾਂ ਮਿਲਾਂਦਾ ਬੋਲਿਆ– 'ਸਾਢੇ ਚਾਰ ਹਜ਼ਾਰ।'

'ਹਾਂ ਏਨਾ ਈ ਬਣਦੈ।'

'ਤੇ ਸਾਲ ਵਿਚ?'

'ਇਹ ਵੀ ਜੋੜ ਲਵੋ।'

ਕਰਮ ਸਿੰਘ ਨੇ ਜੇਬ 'ਚੋਂ ਕੈਲਕੂਲੇਟਰ ਕੱਢਿਆ। ਬਟਨ ਆਨ ਕੀਤਾ ਤੇ ਹਿਸਾਬ ਲਾਇਆ। ਉਤਰ 54000ਸੀ।

'ਚੁਰੰਜਾ ਹਜ਼ਾਰ।' ਕਰਮ ਸਿੰਘ ਨੇ ਹੈਰਾਨੀ ਪ੍ਰਗਟ ਕਰਦਿਆਂ ਤੇ ਚੁਰੰਜਾ 'ਤੇ ਜ਼ੋਰ ਦਿੰਦਿਆਂ ਕਿਹਾ।

ਉਹ ਉਸੇ ਤਰ੍ਹਾਂ ਹੱਸਦਾ ਹੋਇਆ ਬੋਲਿਆ–

'ਹਾਂ ਜੀ ਏਨਾਂ ਹੀ ਹੋਣੈਂ, ਕੈਲਕੂਲੇਟਰ ਦਾ ਹਿਸਾਬ ਏ, ਗਲਤ ਨਹੀਂ ਹੋ ਸਕਦਾ।'

'ਤੇ ਭਾਈ ਸਾਹਿਬ ਇਹ ਕੰਮ ਕਰਦਿਆਂ ਕਿੰਨ੍ਹਾਂ ਕੁ ਚਿਰ ਹੋ ਗਿਆ ਜੇ?'

'ਇਹੀ ਕੋਈ ਵੀਹ ਬਾਈ ਸਾਲ।' ਉਸ ਬੜੇ ਹੀ ਸਹਿਜ ਭਾਵ ਨਾਲ ਉੱਤਰ ਦਿੱਤਾ।

'ਚਲੋ ਵੀਹ ਸਾਲ ਰੱਖ ਲੈਨੇਂ ਆ, ਕਿੰਨੇ ਬਣੇਂ?'

'ਜੋੜ ਲਓ', ਉਸ ਕੈਲਕੂਲੇਟਰ ਵਲ ਉਂਗਲੀ ਕਰਦਿਆਂ ਕਿਹਾ।

ਕਰਮ ਸਿੰਘ ਨੇ ਹਿਸਾਬ ਜੋੜਿਆ 45000+20–1080000

'ਦਸ ਲੱਖ ਅੱਸੀ ਹਜ਼ਾਰ' ਕਰਮ ਸਿੰਘ ਦੀਆਂ ਅੱਖਾਂ ਚੌੜੀਆਂ ਹੋ ਗਈਆਂ।

ਬੋਲਿਆ–ਭਾਈ ਮੇਰੇ ਤੁਸੀਂ ਇਹ ਯਾਰਾਂ ਲੱਖ ਮੁਰਗਾ ਝਟਕਾ ਛੱਡਿਆ ਹੈ ਤੇ

ਤੁਹਾਡੀ ਆਤਮਾ ਨੇ ਕਦੇ ਤੁਹਾਨੂੰ ਫਿਟਕਾਰ ਨਹੀਂ ਪਾਈ?

'ਕਾਹਦੀ ਫਿਟਕਾਰ?'

'ਇਹ ਜੋ ਤੁਸੀਂ ਪਾਪ ਕਰੀ ਜਾ ਰਹੇ ਓ?'

'ਕਾਹਦਾ ਪਾਪ ਜੀ?'

'ਤਾਂ ਤੁਸੀਂ ਇਸ ਨੂੰ ਪਾਪ ਨਹੀਂ ਮੰਨਦੇ?'

'ਨਾ ਜੀ ਇਹ ਪਾਪ ਹੈ ਈ ਨਹੀਂ।'

ਕਰਮ ਸਿੰਘ ਨੂੰ ਇਹ ਉਤਰ ਅਜੀਬ ਜਿਹਾ ਲੱਗਾ। ਕੁਝ ਪਲ ਖਾਮੋਸ਼ ਉਹ ਉਸ ਦੀਆਂ ਅੱਖਾਂ ਵਿਚ ਵੇਂਹਦਾ ਰਿਹਾ, ਫਿਰ ਪੁੱਛਿਆ-'ਤੁਹਾਡਾ ਨਾਂ?'

'ਰਾਮ ਅਵਤਾਰ।' ਉਤਰ ਮਿਲਿਆ।

'ਰਾਮ ਅਵਤਾਰ ਤੁਸੀਂ ਮਾਨਸਿਕ ਤੌਰ 'ਤੇ ਤਾਂ ਠੀਕ ਹੀ ਹੋਵੋਗੇ?'

'ਬਿਲਕੁਲ ਠੀਕ ਜੀ।'

'ਵਿਆਹ ਹੋਇਆ?'

'ਸੁਖ ਨਾਲ ਦੋ ਵਹੁਟੀਆਂ ਨੇ ਜੀ ਮੇਰੀਆਂ, ਪਹਿਲੀ ਵਿਚੋਂ ਜਦ ਚਾਰ ਸਾਲ ਕੋਈ ਬੱਚਾ ਨਹੀਂ ਹੋਇਆ ਤਾਂ ਮਾਂ ਪਿਓ ਨੇ ਦੂਜੀ ਲਿਆ ਦਿੱਤੀ। ਹੁਣ ਸੁਖ ਨਾਲ ਦੋਹਾਂ ਵਿਚੋਂ ਦੋ ਦੋ ਨਿਆਣੇ ਨੇ।'

'ਭਰਾਵਾਂ ਨਾਲ ਕੋਈ ਝਗੜਾ? ਕੋਈ ਕਲੇਸ਼?'

'ਤੋਬਾ ਕਰੋ ਜੀ ਸਭ ਥਾਓਂ ਥਾਈਂ ਨੇ ਆਪੋ ਆਪਣਾ ਕਮਾਂਦੇ ਤੇ ਆਪੋ ਆਪਣਾ ਖਾਂਦੇ ਨੇ। ਕੋਈ ਕਲੇਸ਼ ਨਹੀਂ।'

'ਰਾਤ ਨੂੰ ਨੀਂਦ ਠੀਕ ਆਉਂਦੀ ਏ?'

'ਇਕ ਦਮ ਗੂਹੜੀ ਘੋੜੇ ਵੇਚ ਕੇ ਸੌਂਦਾ ਹਾਂ।'

'ਭੁੱਖ ਠੀਕ ਲੱਗਦੀ ਏ?'

'ਵਧੀਆ, ਦਿਨ ਡੁਬਦਿਆਂ ਈ ਦੋ ਪੈੱਗ ਅੰਦਰ ਸੁਟੀਦੇ ਨੇ, ਇਕ ਸਾਲਮ ਕੁੱਕੜ ਤੇ ਚਾਰ ਤੰਦੂਰੀ ਰੋਟੀਆਂ।'

'ਤੇਰਾ ਬੇੜਾ ਗਰਕ' 'ਪੱਤਰਕਾਰ ਕਰਮ ਸਿੰਘ ਨੇ ਮਨ ਹੀ ਮਨ ਵਿਚ ਕਿਹਾ,ਕਿਸੇ ਤਰ੍ਹਾਂ ਵਲ ਹੇਠ ਆ ਈ ਨਹੀਂ ਰਿਹਾ। ਫਿਰ ਥੋੜ੍ਹਾ ਸੋਚ ਕੇ ਬੋਲਿਆ,'ਅੱਛਾ ਇਕ ਗੱਲ ਤੇ ਤੂੰ ਮੰਨਦਾ ਈ ਏਂ ਨਾ, ਭਈ ਇਹ ਕੁੱਕੜ ਮਾਰਨੇ ਜੀਵ ਹੱਤਿਆ ਹੈ?'

'ਨਹੀਂ ਜੀ।'

'ਪਰ ਸਾਡਾ ਧਰਮ ਕਹਿੰਦੈ ਇਹ ਜੀਵ ਹੱਤਿਆ ਏ?'

'ਹੁਣ ਤੁਸੀਂ ਧਰਮ ਦੀ ਗੱਲ ਕੀਤੀ ਏ ਤੇ ਸੁਣ ਲਓ-'ਬਾਣੀ 'ਚ ਕੀ ਕਿਹੈ? ਕਰੇ ਕਰਾਵੇ ਆਪੇ ਆਪ। ਮਾਨਸ ਦੇ ਕਿਛ ਨਾਹੀ ਹਾਥ। ਨਾਲੇ ਉਹ ਕੀ ਤੁਕ ਏ-ਉਹ ਆਪੇ ਕਾਰੇ ਲਾਇਆ, ਜਾ ਆਪੇ ਧੰਦੇ ਲਾਇਆ। ਵਰਗਾ ਦੇ ਇਹ ਕੁਝ ਏਸ ਵੇਲੇ ਮੈਨੂੰ ਯਾਦ ਨਹੀਂ ਆ ਰਹੀ ਉਹ ਤੁਕ।'

ਰਾਮ ਅਵਤਾਰ ਤੂੰ ਪਾਪ ਨੂੰ ਧਰਮ ਦੀ ਓਟ ਦੇ ਰਿਹੈਂ।

'ਨਹੀਂ ਸਰਦਾਰ ਜੀ ਧਰਮ ਤਾਂ ਸਗੋਂ ਮਨੁੱਖ ਨੂੰ ਪਾਪ ਬੋਧ ਤੋਂ ਮੁਕਤ ਕਰ ਰਿਹੈ। ਕੁਦਰਤ ਦੇ ਵਰਤਾਰੇ ਵਿਚ ਕੁਝ ਵੀ ਪਾਪ ਪੁੰਨ ਨਹੀਂ ਹੈ। ਇਹ ਸਾਡੀਆਂ ਆਪਣੀਆਂ ਧਾਰਨਾਵਾਂ ਉਤੇ ਆਧਾਰਿਤ ਸੰਸਕਾਰ ਹਨ। ਪਾਪ ਅਤੇ ਪੁੰਨ ਵਰਗੇ ਸ਼ਬਦ ਵੀ ਮਨੁੱਖ ਦੇ ਘੜੇ ਹੋਏ ਹਨ। ਕੁਦਰਤ ਦਾ ਵਰਤਾਰਾ ਸਾਹਿਜ ਸੁਭਾਅ ਹੈ। ਇਹ ਜੋ ਸਰਬ ਵਿਆਪਕ ਸੂਖਮ ਰੂਪ ਵਿਚ ਅਦਿਖ ਸ਼ਕਤੀ ਹੈ। ਇਹ ਸਵੈ ਇੱਛਾ ਨਾਲ ਆਪਣੇ ਆਪ

'ਚੋ ਆਪੇ ਨਿਰਮਤ ਹੋ ਰਹੀ ਹੈ ਵਿਕਾਸ ਕਰ ਰਹੀ ਹੈ, ਤੇ ਆਪਣੇ ਆਪ ਵਿਚ ਆਪ ਹੀ ਸਮਾਅ ਰਹੀ ਹੈ। ਇਹ ਕਿਰਿਆ ਨਿਰੰਤਰ ਜਾਰੀ ਹੈ। ਅਸਾਂ ਇਸ ਨੂੰ ਵੀ ਜਨਮ ਅਤੇ ਮੌਤ ਵਰਗੇ ਨਾਂ ਦੇ ਰੱਖੇ ਹਨ, ਜਦ ਕਿ ਨਾ ਮੌਤ ਨਾਂ ਦੀ ਕੋਈ ਚੀਜ਼ ਹੈ ਨਾ ਜਨਮ। ਇਹ ਜੀਵਨ ਆਨੰਤ ਹੈ। ਅਨਾਦੀ ਹੈ।

ਉਹਦਾ ਉਤਰ ਸੁਣ ਕੇ ਕਰਮ ਸਿੰਘ ਵਿਰਲਾ ਪੱਤਰਕਾਰ ਚਕਰਾਅ ਗਿਆ। ਇਹ ਏਨੀ ਨਾਲਜ ਰੱਖਦੈ ? ਤਾਂ ਵੀ ਉਹ ਏਡੀ ਛੇਤੀ ਹਥਿਆਰ ਸੁੱਟਣ ਲਈ ਤਿਆਰ ਨਹੀਂ ਸੀ। ਬੋਲਿਆ-'ਉਹ ਸਭ ਤਾਂ ਠੀਕ ਹੈ ਫਿਰ ਵੀ ਵੇਖੇ ਨਾ ਤੂੰ ਏਨੀ ਗੱਲ ਮੰਨਦਾ ਏ ਨਾ ਪਈ ਇਹ ਕੰਮ ਬੜਾ ਨਿਰਦਈਪੁਣੇ ਦਾ ?'

'ਰਾਮ ਅਵਤਾਰ ਨੇ ਇਕ ਠਹਾਕਾ ਲਾਇਆ, ਉਚੀ ਉਚੀ ਹੱਸ ਦਾ ਬੋਲਿਆ-

'ਸਰਦਾਰ ਸਾਹਿਬ ਸੱਚ ਪੁੱਛਦੇ ਓ ਤਾਂ ਤੁਸੀਂ ਕਿਹੜਾ ਘੱਟ ਗੁਜ਼ਾਰਦੇ ਓ ? ਤੁਸੀਂ ਵੀ ਤਾਂ ਹਰ ਵੇਲੇ ਜੀਵ ਹੱਤਿਆ ਕਰ ਰਹੇ ਓ। ਮੱਛੀ ਮੱਛਰ ਨੂੰ ਤੁਸੀਂ ਨਹੀਂ ਬਖ਼ਸ਼ਦੇ ਸੱਪ ਮਨੁੱਖ ਦਾ ਏਨਾ ਮਿੱਤਰ ਜੀਵ ਏ, ਖੇਤਾਂ ਤੇ ਘਰਾਂ 'ਚੋਂ ਚੂਹੇ ਖਾ ਕੇ ਤੁਹਾਡਾ ਅੰਨ ਨੁਕਸਾਨੇ ਜਾਣ ਤੋਂ ਬਚਾਉਂਦਾ ਹੈ। ਤੁਸੀਂ ਉਸ ਨੂੰ ਵੇਖਿਆ ਨਹੀਂ ਕਿ ਡਾਂਗ ਲੈ ਕੇ ਮਗਰ ਚੜੇ ਨਹੀਂ। ਉਸ ਦੀ ਸਿਰੀ ਫੇਹ ਕੇ ਹੀ ਛੱਡਦੇ ਓ। ਤੁਸੀਂ ਗੁਲੇਲਾਂ ਨਾਲ ਪੰਛੀਆਂ ਨੂੰ ਫੁੰਡਦੇ ਓ। ਫ਼ਸ਼ਲਾਂ ਉਤੇ ਕੀੜੇ ਮਾਰ ਦਵਾਈਆਂ ਦਾ ਛਿੜਕਾਅ ਕਰਕੇ ਅਰਬਾਂ-ਖ਼ਰਬਾਂ ਕੀੜੇ ਮਾਰ ਛੱਡਦੇ ਓ ਤੁਸੀਂ।

ਇਕ ਮਿੰਟ ਕਰਮ ਸਿੰਘ ਨੇ ਉਤੇਜਿਤ ਹੁੰਦਿਆਂ ਹੋਇਆਂ ਉਸ ਦੀ ਗੱਲ ਵਿਚੋਂ ਕੱਟਦਿਆਂ ਕਿਹਾ, 'ਮੇਰੇ ਵੀਰ ਇਹ ਸਭ ਸਵੈ ਰੱਖਿਆ ਲਈ ਕਰਨਾ ਪੈਂਦਾ ਹੈ।'

ਸਰਦਾਰ ਜੀ ਇਹ ਮੁਰਗਿਆਂ ਦਾ ਮਾਰਨਾ ਵੀ ਸਵੈ ਰੱਖਿਆ ਈ ਸਮਝੋ। ਮੈਂ ਨਾ ਮਾਰਾਂਗਾ ਕੋਈ ਹੋਰ ਮਾਰੇਗਾ। ਕੁਦਰਤ ਨੇ ਮੇਰੇ ਜ਼ਿੰਮੇ ਏਹੀ ਕਾਰਜ ਲਾਇਆ ਏ। ਇਹ ਕੁਦਰਤ ਦਾ ਅਸੂਲ ਹੈ। ਹਰ ਤਗੜਾ ਜੀਵ ਮਾੜੇ ਜੀਵ ਨੂੰ ਖਾਈ ਜਾ ਰਿਹਾ ਹੈ। ਜੀਵ ਦਾ ਭੋਜਨ ਵਾਹਿਗੁਰੂ ਨੇ ਜੀਵ ਨੂੰ ਹੀ ਬਣਾਇਆ ਹੈ। ਕੱਦੂ, ਕਰੇਲੇ, ਭਿੰਡੀਆਂ ਤੇ ਸ਼ਿਮਲਾ ਮਿਰਚਾਂ ਦੇ ਰੂਪ ਵਿਚ ਤੁਸੀਂ ਹਜ਼ਾਰਾਂ ਸਾਹ ਲੈਂਦੇ ਵਧਦੇ ਫੁਲਦੇ ਜੀਵ ਆਪਣੇ ਆਹਾਰ ਲਈ ਝਟਕਾਈ ਜਾ ਰਹੇ ਓ ਤੇ ਲੋਕਾਂ ਨੂੰ ਮੂਰਖ ਬਣਾ ਰਹੇ ਓ।'

ਹੁਣ ਪੱਤਰਕਾਰ ਕਰਮ ਸਿੰਘ ਕਰੀਬ ਕਰੀਬ ਹਥਿਆਰ ਸੁੱਟ ਚੁੱਕਾ ਸੀ। ਫਿਰ ਵੀ ਉਸ ਆਖਰੀ ਦਾਅ ਮਾਰਿਆ-'ਮਿੱਤਰਾ, ਜੇ ਤੂੰ ਕਿਹਾ ਮੰਨ ਲੈਂਦੇ ਆ, ਫਿਰ ਵੀ ਇਹ ਪਾਪ ਬੋਧ ? ਤੇਰ ਜ਼ਮੀਰ ਇਸ ਨੂੰ ਕਿਵੇਂ ਲੈਂਦੀ ਹੈ ?'

ਰਾਮ ਅਵਤਾਰ ਫਿਰ ਹੱਸਿਆ-'ਇਹ ਪਾਪ ਬੋਧ ਵੀ ਮਨੁੱਖ ਦਾ ਆਪ ਸਹੇੜਿਆ ਸੰਤਾਪ ਹੈ। ਇਹ ਮਨੁੱਖੀ ਸਮਾਜ ਦੇ ਹੀ ਪਾਪ ਦੰਡ ਨੇ। ਇਹ ਪਾਪ ਪੁੰਨ ਦੀ ਭਾਸ਼ਾ ਵੀ ਆਪਣੀ ਚਤਰਾਈ ਹੈ। ਸੱਚ ਕੇਵਲ ਏਨਾ ਹੀ ਹੈ ਕਿ ਉਹ ਆਪੋ ਆਪ ਹੈ। ਆਪੇ ਵਿਗਸਦਾ , ਆਪੇ ਮੱਲਦਾ, ਆਪੋ ਆਪਣੇ ਆਪ ਦਾ ਭੋਜਨ ਕਰਦਾ ਹੈ। ਇਹੀ ਉਸਦੀ ਲੀਲਾ ਹੈ। ਇਹ ਚੱਕਰ ਆਦਿ ਕਾਲ ਤੋਂ ਇਵੇਂ ਚੱਲ ਰਿਹਾ ਹੈ ਤੇ ਆਨੰਤ ਕਾਲ ਤਕ ਇਵੇਂ ਚੱਲਦਾ ਰਹੇਗਾ।'

ਰਾਮ ਅਵਤਾਰ ਬੋਲੀ ਜਾ ਰਿਹਾ ਸੀ। ਤੇ ਹੁਣ ਪੱਤਰਕਾਰ ਕਰਮ ਸਿੰਘ ਸੋਚ ਰਿਹਾ ਸੀ-ਮੈਂ ਤੇ ਸਮਝਦਾ ਸਾਂ ਸੰਤ ਜਨ ਚਿੱਟੇ ਚੋਲੇ , ਵਿਚ ਹੀ ਹੁੰਦੇ ਹਨ। ਪਰ ਇਹ ਝਟਕਈ ਵੀ.... ?

●●●

## ਗ਼ਜ਼ਲ

ਅੰਤ ਹੀਣ ਸੋਚ ਤੋਂ ਹੋਰ ਅੱਗੇ ਦਾ ਵਿਸਤਾਰ ਹਾਂ ਮੈਂ।
ਅਣਦਿਸਦੇ, ਰਹੱਸਮਈ ਜਗਤ ਦੀ ਅਖਬਾਰ ਹਾਂ ਮੈਂ।

ਅਦਭੁਤ ਸੁਪਨਿਆਂ ਦੀ ਹਰ ਖਬਰ ਮੇਰੇ ਚੋਂ ਮਿਲਦੀ ਹੈ,
ਚੁੱਪ ਦਾ ਸ਼ਿੰਗਾਰ ਬਣਦੇ ਮਹਿਕਦੇ ਫੁੱਲਾਂ ਦੀ ਗੁਲਜ਼ਾਰ ਹਾਂ ਮੈਂ।

ਸਵਾਦ ਤੋਂ, ਕਹਿਣ ਤੋਂ, ਸੁਣਨ ਤੋਂ, ਪਰਾਂ ਦੀ ਵਸਤੂ ਹਾਂ,
ਸ਼੍ਵੈਅ ਦੇ ਨਸ਼ੇ 'ਚ ਡੁੱਬਾ, ਸਦਾ ਸਰਸ਼ਾਰ ਹਾਂ ਮੈਂ।

ਹਿਰਦੇ 'ਚ ਆਪਣੇ ਛਲਕਦਾ ਇਕ ਅੰਮ੍ਰਿਤ ਸਰੋਵਰ ਹੈ,
ਨਵੀਂ ਸੋਚ ਦਾ ਸਿਰਜਕ, ਸੁਲਝੀ ਸੂਝ ਦਾ ਸੰਸਾਰ ਹਾਂ ਮੈਂ।

ਚੇਤਨਾ ਚੋਂ ਰਾਤ ਦਿਨ ਸੰਗੀਤ ਝਰਦਾ ਹੈ,
ਵਾਇਲਨ ਦੀ ਹੂਕ ਹਾਂ, ਸਿਤਾਰ ਦੀ ਟੁਣਕਾਰ ਹਾਂ ਮੈਂ।

ਜਿਸ ਕਿਸੇ ਨੂੰ ਜਿਸ ਸ਼ੈਅ ਦੀ ਲੋੜ ਹੋਵੇ, ਮੈਥੋਂ ਲੈ ਲਵੇ,
ਸੁਹਜ ਦਾ, ਮਹਿਕ ਦਾ, ਪਿਆਰ ਦਾ ਭੰਡਾਰ ਹਾਂ ਮੈਂ।

ਹਰ ਕਿਸੇ ਨੂੰ ਮੁਹੱਬਤ ਮਿਲੇ, ਸਰਬਤ ਦਾ ਭਲਾ ਹੋਵੇ,
ਉਸ ਦੀਆ ਰਹਿਮਤਾਂ ਦਾ, ਬਖਸ਼ਿਸ਼ਾਂ ਦਾ ਤਲਬਗਾਰ ਹਾਂ ਮੈਂ।

●●●



ਤਰਲੋਕ ਮਨਸੂਰ

ਜਨਮ : 1/3/1923

ਪਿੰਡ ਆਲੋਮੁਹਾਰ

ਜ਼ਿਲਾ ਸਿਆਲਕੋਟ